@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

ਦਿੱਲੀ, ਹਿਮਾਚਲ, ਹਰਿਯਾਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਤੋਂ ਪ੍ਰਸਾਰਿਤ।

Saturday, 3 December 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 3 ਜਨਵਰੀ 2026, 20 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 60, qpatrika@gmail.com ਫੋਨ : 9971359517 www.qaumipatrika.org

## ਗੁਰਦੁਆਰਿਆਂ ਦੇ ਨਾਂ 'ਤੇ ਰੱਖੇ ਜਾਣ ਮੈਟਰੋ ਸਟੇਸ਼ਨਾਂ ਦੇ ਨਾਂ, ਸਾਬਕਾ ਸੰਸਦ ਮੈਂਬਰ ਨੇ ਮੁੱਖ ਮੰਤਰੀ ਰੇਖਾ ਨੂੰ ਚਿੱਠੀ ਲਿਖ ਕੀਤੀ ਮੰਗ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ 2 ਜਨਵਰੀ। ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ ਨੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਚਿੱਠੀ ਲਿਖ ਕੇ ਚਾਰ ਮੈਟਰੋ ਸਟੇਸ਼ਨਾਂ ਦਾ ਨਾਂ ਉਨ੍ਹਾਂ ਦੇ ਕੋਲ ਸਥਿਤ ਮੁੱਖ ਗੁਰਦੁਆਰਿਆਂ ਦੇ ਨਾਂ 'ਤੇ ਰੱਖਣ ਦੀ ਅਪੀਲ ਕੀਤੀ। ਆਪਣੀ ਚਿੱਠੀ 'ਚ ਸਿੰਘ ਨੇ ਗੁਰੂ ਤੇਗ



ਬਹਾਦਰ ਦੇ 350ਵਾਂ ਸ਼ਹੀਦੀ ਦਿਹਾੜਾ ਮਨਾਉਣ ਅਤੇ ਗੁਰੂ ਗੋਬਿੰਦ ਸਿੰਘ ਦੇ 2 ਛੋਟੇ ਸਾਹਿਬਜ਼ਾਦਿਆਂ ਦੇ ਬਲੀਦਾਨ ਨੂੰ ਰੇਖਾਂਕਿਤ ਕਰਨ ਲਈ ਦਿੱਲੀ ਸਰਕਾਰ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ। ਮੈਟਰੋ ਸਟੇਸ਼ਨਾਂ ਦੇ ਨਾਵਾਂ ਨੂੰ ਲੈ ਕੇ ਸਰਕਾਰ ਵਲੋਂ ਫ਼ੈਸਲੇ ਲਏ ਜਾਣ ਸੰਬੰਧੀ ਖ਼ਬਰਾਂ ਦਾ ਜ਼ਿਕਰ ਕਰਦੇ ਹੋਏ ਸਿੰਘ ਨੇ ਕਿਹਾ ਕਿ ਧਿਆਨ ਦੇਣ ਯੋਗ ਹੈ ਕਿ ਰਾਜਧਾਨੀ 'ਚ ਹੁਣ ਤੱਕ ਕਿਸੇ ਵੀ ਮੈਟਰੋ ਸਟੇਸ਼ਨ ਦਾ ਨਾਂ ਗੁਰਦੁਆਰਿਆਂ 'ਤੇ ਨਹੀਂ ਰੱਖਿਆ ਗਿਆ ਹੈ। ਚਿੱਠੀ ਅਨੁਸਾਰ,''ਜਿਹੜੇ ਚਾਰ ਗੁਰਦੁਆਰਿਆਂ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ 'ਚ ਚਾਂਦਨੀ ਚੌਕ ਦੇ ਨੇੜੇ ਗੁਰਦੁਆਰਾ ਸੀਸ ਗੰਜ, ਬਾਬਾ ਖੜਕ ਸਿੰਘ ਮਾਰਗ 'ਤੇ ਗੁਰਦੁਆਰਾ ਬੰਗਲਾ ਸਾਹਿਬ, ਓਲਡ ਜੀਟੀ ਰੋਡ 'ਤੇ ਗੁਰਦੁਆਰਾ ਨਾਨਕ ਪਿਆਉ ਅਤੇ ਧੌਲਾ ਕੁਆਂ ਰਿੰਗ ਰੋਡ ਕੋਲ ਗੁਰਦੁਆਰਾ ਮੋਤੀ ਬਾਗ ਸ਼ਾਮਲ ਹਨ। ਸਾਬਕਾ ਕਾਂਗਰਸ ਸੰਸਦ ਮੈਂਬਰ ਨੇ ਇਨ੍ਹਾਂ ਗੁਰਦੁਆਰਿਆਂ ਦੇ ਇਤਿਹਾਸਕ ਅਤੇ ਸੈਰ-ਸਪਾਟਾ ਮਹੱਤਵ ਨੂੰ ਰੇਖਾਂਕਿਤ ਕਰਦੇ ਹੋਏ ਕਿਹਾ ਕਿ ਇੱਥੇ ਸਾਰੇ ਧਰਮਾਂ ਦੇ ਲੋਕ ਅਤੇ ਸੈਲਾਨੀ ਆਉਂਦੇ ਹਨ ਅਤੇ ਅਪੀਲ ਕੀਤੀ ਕਿ ਇਨ੍ਹਾਂ ਦੇ ਨੇੜੇ ਸਥਿਤ ਮੈਟਰੋ ਸਟੇਸ਼ਨਾਂ ਦਾ ਨਾਂ ਇਸ ਅਨੁਸਾਰ ਰੱਖਿਆ ਜਾਵੇ।

## ਸੁਖਬੀਰ ਦੇ ਅਸਤੀਫੇ 'ਤੇ ਅੜ੍ਹੇ ਰਹਿਣਾ ਵਿਰੋਧੀਆਂ ਦਾ ਇੱਕੋ ਇਕ ਏਜੰਡਾ : ਮਲੂਕਾ

ਲੁਧਿਆਣਾ 2 ਜਨਵਰੀ। ਸ਼ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਮੈਂਬਰ ਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਅੱਜ ਜਗ ਬਾਣੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੋ ਨਵੇਂ ਬਣੇ ਅਕਾਲੀ ਦਲ ਦੇ ਆਗੂਆਂ ਨੇ ਸੁਖਬੀਰ ਸਿੰਘ ਬਾਦਲ ਤੋਂ ਅਸਤੀਫਾ ਮੰਗਿਆ ਤੇ ਏਕੇ ਬਾਰੇ ਗੱਲ ਆਖੀ ਹੈ। ਉਨ੍ਹਾਂ ਕਿਹਾ ਕਿ ਇਹ ਕੋਈ ਨਵੀਂ ਗੱਲ ਨਹੀਂ, ਇਨ੍ਹਾਂ ਦਾ ਤਾਂ ਇਕ ਨੁਕਾਤੀ ਪ੍ਰੋਗਰਾਮ ਹੈ, ਸੁਖਬੀਰ ਬਾਦਲ ਨੂੰ ਪ੍ਰਧਾਨਗੀ ਤੋਂ ਲਾਂਭੇ ਕਰੋ। ਉਨ੍ਹਾਂ ਕਿਹਾ ਕਿ ਉਹ ਭਰਤੀ ਤੇ ਚੋਣ ਪ੍ਰਕਿਰਿਆ ਰਾਹੀਂ ਪ੍ਰਧਾਨ ਬਣਾਇਆ ਹੋਇਆ ਤੇ ਸਭ ਤੋਂ ਪੁਰਾਣੀ ਪਾਰਟੀ ਸ਼?ਰੋਮਣੀ ਅਕਾਲੀ ਦਲ ਦੇ ਸੰਵਿਧਾਨ ਤੇ ਵਿਧਾਨ ਦੇ ਚਲਦੇ ਉਹ ਸੇਵਾਵਾਂ ਨਿਭਾ ਰਹੇ ਹਨ। ਜਦੋਂਕਿ ਦੂਜਾ ਧੜ੍ਹਾ ਤੇ ਕੇਵਲ ਸ਼ਰਤਾਂ ਲਗਾ ਕੇ ਸਮਝੌਤੇ ਜਾਂ ਏਕੇ ਦੀ ਗੱਲ ਕਰਦਾ ਹੈ। ਉਨ੍ਹਾਂ ਕਿਹਾ ਕਿ ਸ਼ਰਤਾਂ ਨਾਲ ਕੋਈ ਫੈਸਲਾ ਨਹੀਂ ਸ਼?ਰੋਮਣੀ ਅਕਾਲੀ ਦਲ ਦੇ ਦਰਵਾਜ਼ੇ ਖੁੱਲੇ ਹਨ। ਕੋਈ ਵੀ ਨਜ਼ਰ ਆ ਸਕਦਾ ਹੈ ਤਾਂ ਉਸ ਦਾ ਸਵਾਗਤ ਹੋਵੇਗਾ। ਜੇਕਰ ਸੁਖਬੀਰ ਬਾਦਲ ਤੋਂ ਅਸਤੀਫੇ ਜਾਂ ਹੋਰ ਗੱਲ ਕਰਨੀਆਂ ਹਨ ਤਾਂ ਕਰੀ ਜਾਣ।

# ਇੰਦੌਰ 'ਚ ਦੂਸ਼ਿਤ ਪਾਣੀ ਕਾਰਨ ਹੋਈਆਂ ਮੌਤਾਂ 'ਤੇ ਪ੍ਰਧਾਨ ਮੰਤਰੀ ਮੋਦੀ ਹਮੇਸ਼ਾ ਵਾਂਗ ਚੁੱਪ: ਖੜਗੇ

ਕੌਮੀ ਪਤ੍ਰਿਕਾ

ਨਵੀਂ ਦਿੱਲੀ 2 ਜਨਵਰੀ। ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਇੰਦੌਰ ਵਿੱਚ ਦੂਸ਼ਿਤ ਪਾਣੀ ਪੀਣ ਕਾਰਨ ਹੋਈਆਂ ਕਈ ਲੋਕਾਂ ਦੀਆਂ ਮੌਤਾਂ ਦੀ ਘਟਨਾ 'ਤੇ ਸ਼ੁੱਕਰਵਾਰ ਨੂੰ ਦਾਅਵਾ ਕੀਤਾ ਕਿ ਜਲ ਜੀਵਨ ਮਿਸ਼ਨ ਅਤੇ ਸਵੱਛ ਭਾਰਤ ਅਭਿਆਨ ਦੀਆਂ ਗੱਲ੍ਹਾਂ ਕਰਨ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਮੇਸ਼ਾ ਵਾਂਗ ਇਸ ਮਾਮਲੇ 'ਤੇ ਵੀ ਚੁੱਪ ਹਨ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਜਲ ਜੀਵਨ ਮਿਸ਼ਨ ਸਮੇਤ ਹਰ ਯੋਜਨਾ ਵਿੱਚ ਭ੍ਰਿਸ਼ਟਾਚਾਰ ਅਤੇ ਧੋਖਾਧੜੀ ਹੋ ਰਹੀ ਹੈ। ਖੜਗੇ ਨੇ ✓ 'ਤੇ ਪੋਸਟ ਕੀਤਾ, ਜਲ ਜੀਵਨ ਮਿਸ਼ਨ ਅਤੇ ਸਵੱਛ ਭਾਰਤ ਅਭਿਆਨ ਦਾ ਰੌਲਾ ਪਾਉਣ ਵਾਲੇ ਨਰਿੰਦਰ ਮੋਦੀ ਜੀ, ਹਮੇਸ਼ਾ ਵਾਂਗ ਇੰਦੌਰ ਵਿੱਚ ਦੂਸ਼ਿਤ ਪਾਣੀ ਪੀਣ ਨਾਲ ਹੋਈਆਂ ਮੌਤਾਂ 'ਤੇ ਚੁੱਪ ਹਨ। ਇਹ ਉਹੀ ਇੰਦੌਰ ਸ਼ਹਿਰ ਹੈ, ਜਿਸਨੇ ਕੇਂਦਰ ਸਰਕਾਰ ਦੇ ਸਵੱਛ ਸਰਵੇਖਣ ਵਿੱਚ ਲਗਾਤਾਰ ਅੱਠਵੀਂ ਵਾਰ ਸਭ ਤੋਂ ਸਾਫ਼ ਸ਼ਹਿਰ ਦਾ ਖਿਤਾਬ ਜਿੱਤਿਆ ਹੈ। ਇਹ ਸ਼ਰਮਨਾਕ ਹੈ ਕਿ ਭਾਜਪਾ ਦੀ ਅਯੋਗਤਾ ਕਾਰਨ ਇੱਥੋਂ ਦੇ ਲੋਕ ਸਾਫ਼ ਪਾਣੀ ਤੋਂ ਵਾਂਝੇ ਹਨ। ਉਨ੍ਹਾਂ ਦਾਅਵਾ ਕੀਤਾ ਕਿ 11 ਸਾਲਾਂ ਤੋਂ



ਦੇਸ਼ ਸਿਰਫ਼ ਲੰਬੇ ਭਾਸ਼ਣ, ਝੂਠ, ਖੋਖਲੇ ਦਾਅਵੇ ਅਤੇ ਡਬਲ-ਇੰਜਣ ਵਾਲੇ ਸ਼ੇਖ਼ੀਆਂ ਸੁਣਦਾ ਆ ਰਿਹਾ ਹੈ। ਕਾਂਗਰਸ ਪ੍ਰਧਾਨ ਨੇ ਕਿਹਾ, ਜਦੋਂ ਮੰਤਰੀ ਤੋਂ ਸਵਾਲ ਪੁੱਛੇ ਜਾਂਦੇ ਹਨ, ਤਾਂ ਉਹ ਗਾਲੀ-ਗਲੋਚ ਦਾ ਸਹਾਰਾ ਲੈਂਦੇ ਹਨ। ਸੱਤਾ ਦੇ ਹੰਕਾਰ ਤੋਂ ਪ੍ਰੇਰਿਤ ਹੋ ਕੇ ਉਹ ਪੱਤਰਕਾਰਾਂ ਨੂੰ ਹਾਵੀ ਕਰ ਦਿੰਦੇ ਹਨ। ਪੂਰੀ ਮਸ਼ੀਨਰੀ ਭਾਜਪਾ ਸਰਕਾਰਾਂ ਦੇ ਕੁਸ਼ਾਸਨ 'ਤੇ ਪਰਦਾ ਪਾਉਣ ਵਿੱਚ ਰੁੱਝੀ ਹੋਈ ਹੈ। ਖੜਗੇ ਨੇ ਦੋਸ਼ ਲਗਾਇਆ ਕਿ ਜਲ ਜੀਵਨ ਮਿਸ਼ਨ ਸਮੇਤ ਹਰ ਯੋਜਨਾ ਵਿੱਚ ਭ੍ਰਿਸ਼ਟਾਚਾਰ ਅਤੇ ਧੋਖਾਧੜੀ ਮੌਜੂਦ ਹੈ। ਉਨ੍ਹਾਂ ਕਿਹਾ, ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਜਲ ਜੀਵਨ ਮਿਸ਼ਨ ਦੇ ਫੰਡਾਂ ਦਾ 10 ਪ੍ਰਤੀਸ਼ਤ ਦੂਸ਼ਿਤ ਪਾਣੀ ਦੀ ਸਫਾਈ ਲਈ ਅਲਾਟ ਕੀਤਾ ਜਾਂਦਾ ਹੈ। ਉਨ੍ਹਾਂ ਦਾਅਵਾ ਕੀਤਾ, ਮੋਦੀ ਸਰਕਾਰ ਅਤੇ ਭਾਜਪਾ ਨੇ ਦੇਸ਼ ਨੂੰ ਨਾ ਤਾਂ ਸਾਫ਼ ਪਾਣੀ ਦਿੱਤਾ ਹੈ ਅਤੇ ਨਾ ਹੀ ਸਾਫ਼ ਹਵਾ। ਆਮ ਲੋਕ ਦੁੱਖ ਝੱਲ ਰਹੇ ਹਨ। ਇੰਦੌਰ ਦੇ ਮੇਅਰ ਪੁਸ਼ਯਮਿੱਤਰ ਭਾਰਗਵ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਨ੍ਹਾਂ ਨੂੰ ਸ਼ਹਿਰ ਦੇ ਭਾਗੀਰਥਪੁਰਾ ਖੇਤਰ ਵਿੱਚ ਦੂਸ਼ਿਤ ਪਾਣੀ ਪੀਣ ਕਾਰਨ ਉਲਟੀਆਂ ਅਤੇ ਦਸਤ ਦੇ ਫੈਲਣ ਨਾਲ 10 ਮੌਤਾਂ ਦੀਆਂ ਰਿਪੋਰਟਾਂ ਮਿਲੀਆਂ ਹਨ। ਹਾਲਾਂਕਿ, ਸਥਾਨਕ ਨਿਵਾਸੀਆਂ ਨੇ ਇਸ ਪ੍ਰਕੋਪ ਵਿੱਚ 14 ਮੌਤਾਂ ਦਾ ਦਾਅਵਾ ਕੀਤਾ ਹੈ, ਜਿਨ੍ਹਾਂ ਵਿੱਚ ਇੱਕ ਛੇ ਮਹੀਨੇ ਦਾ ਬੱਚਾ ਵੀ ਸ਼ਾਮਲ ਹੈ। ਸਿਹਤ ਵਿਭਾਗ ਵੱਲੋਂ ਇਸ ਦਾਅਵੇ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ।

## 15 ਅਗਸਤ, 2027 ਤੋਂ ਸ਼ੁਰੂ ਹੋਵੇਗਾ ਬੁਲੇਟ ਟਰੇਨ ਦਾ ਸਫ਼ਰ, ਰੇਲ ਮੰਤਰੀ ਵੈਸ਼ਨਵ ਦਾ ਵੱਡਾ ਬਿਆਨ

ਕੌਮੀ ਪਤ੍ਰਿਕਾ

ਨਵੀਂ ਦਿੱਲੀ 2 ਜਨਵਰੀ। ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਹੈ ਕਿ ਦੇਸ਼ 'ਚ ਵੰਦੇ ਭਾਰਤ ਅਤੇ ਬੁਲੇਟ ਟ?ਰੇਨ ਦੇ ਨਾਲ ਇਕ ਹੋਰ ਕ੍ਰਾਂਤੀ ਹੋਣ ਜਾ ਰਹੀ ਹੈ ਅਤੇ ਇਹ ਹੈ ਐਲੂਮੀਨੀਅਮ ਟ?ਰੇਨ ਦੀ। ਉਨ੍ਹਾਂ ਕਿਹਾ ਕਿ 2027 'ਚ ਐਲੂਮੀਨੀਅਮ ਟ?ਰੇਨ ਦੇ ਯੁੱਗ ਦੇ ਨਾਲ ਇਕ ਵੱਡਾ ਸੁਧਾਰ (ਰਿਫਾਰਮ) ਸ਼ੁਰੂ ਹੋ ਜਾਵੇਗਾ। ਯਾਤਰੀ ਦੇਸ਼ 'ਚ ਪਹਿਲੀ ਬੁਲੇਟ ਟ?ਰੇਨ ਰਾਹੀਂ 15 ਅਗਸਤ 2027 ਨੂੰ ਸਫ਼ਰ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਬੁਲੇਟ ਟ?ਰੇਨ ਨੂੰ 3 ਪੜਾਵਾਂ 'ਚ ਪੂਰਾ ਕੀਤਾ ਜਾਵੇਗਾ ਅਤੇ ਪਹਿਲਾ ਸੈਕਸ਼ਨ ਸੂਰਤ ਤੋਂ ਬਿਲੀਮੋਰਾ ਹੋਵੇਗਾ, ਫਿਰ ਵਾਪੀ ਅਤੇ ਵਾਪੀ ਤੋਂ ਮੁੰਬਈ ਤੱਕ ਯਾਤਰਾ ਕੀਤੀ ਜਾ ਸਕੇਗੀ। ਉਨ੍ਹਾਂ ਦੱਸਿਆ ਕਿ ਪਹਿਲੀ ਵੰਦੇ ਭਾਰਤ ਐਕਸਪ੍ਰੈੱਸ ਟ?ਰੇਨ ਆ ਰਹੀ ਹੈ ਅਤੇ ਇਹ ਪੂਰੀ ਤਰ੍ਹਾਂ ਭਾਰਤ 'ਚ ਬਣੀ ਹੈ ਅਤੇ ਇਸੇ ਸਾਲ 12 ਟ?ਰੇਨਾਂ ਬਣ ਜਾਣਗੀਆਂ। ਅਜਿਹੀਆਂ ਹੀ 200 ਟ?ਰੇਨਾਂ ਬਣਾਉਣ ਦੀ ਯੋਜਨਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਈ



ਦੇਸ਼ ਵੰਦੇ ਭਾਰਤ ਟ?ਰੇਨ ਨੂੰ ਲੈ ਕੇ ਕਾਫੀ ਉਤਸ਼ਾਹਿਤ ਹਨ, ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਵੰਦੇ ਭਾਰਤ ਐਕਸਪ੍ਰੈੱਸ ਟ?ਰੇਨ ਦਾ ਐਕਸਪੋਰਟ 2029 ਤੱਕ ਕੀਤਾ ਜਾ ਸਕੇਗਾ। ਨਵੋਦਿਆ ਟਾਈਮਜ਼/ਪੰਜਾਬ ਕੇਸਰੀ ਨਾਲ ਵਿਸ਼ੇਸ਼ ਗੱਲਬਾਤ 'ਚ ਉਨ੍ਹਾਂ ਕਿਹਾ ਕਿ ਅਜੇ 12 ਦੇਸ਼ਾਂ ਨੂੰ ਰੇਲਵੇ ਆਪਣੇ ਉਤਪਾਦਾਂ ਦਾ ਐਕਸਪੋਰਟ ਕਰ ਰਿਹਾ ਹੈ। ਇਹ ਅਜੇ ਕਰੀਬ 7000 ਕਰੋੜ ਦਾ ਬਾਜ਼ਾਰ ਹੈ ਪਰ ਇਸ 'ਚ ਬਹੁਤ ਸੰਭਾਵਨਾਵਾਂ ਹਨ ਅਤੇ ਜਿਵੇਂ ਹੀ ਵੰਦੇ ਭਾਰਤ ਆਵੇਗੀ, ਇਹ ਬਾਜ਼ਾਰ ਸਾਡੇ ਪੱਖ 'ਚ ਹੋਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਸਾਲ 2026 ਰੇਲਵੇ ਸੁਧਾਰਾਂ ਦਾ ਸਾਲ ਹੋਣ ਵਾਲਾ ਹੈ। ਆਉਣ ਵਾਲੇ ਦਿਨਾਂ 'ਚ ਯਾਤਰੀਆਂ ਨੂੰ ਆਧੁਨਿਕ ਟ?ਰੇਨਾਂ ਦੀ ਝਲਕ ਲਗਾਤਾਰ ਦੇਖਣ ਨੂੰ ਮਿਲੇਗੀ। ਵੇਟਿੰਗ ਲਿਸਟ ਨੂੰ ਖਤਮ ਕਰਨ 'ਤੇ ਕੰਮ ਹੋਵੇਗਾ। ਟ?ਰੇਨਾਂ ਦੀ ਰਫ਼ਤਾਰ ਵਧਾਉਣ 'ਤੇ ਵੀ ਕੰਮ ਕੀਤਾ ਜਾ ਰਿਹਾ ਹੈ। ਨਾਲ ਹੀ 'ਕਵਚ' ਰਾਹੀਂ ਸੁਰੱਖਿਆ ਵਧਾਉਣ ਦੀ ਕੋਸ਼ਿਸ਼ ਦੇ ਵੱਡੇ ਕੰਮ 'ਚ ਖਾਸੀ ਸਫਲਤਾ ਵੀ ਮਿਲ ਰਹੀ ਹੈ। ਇਸੇ ਤਰ੍ਹਾਂ ਨਵੀਆਂ ਟ?ਰੇਨਾਂ 'ਚ ਖਾਣੇ ਨੂੰ ਲੈ ਕੇ ਬਹੁਤ ਸੁਧਾਰ ਦੇਖਣ ਨੂੰ ਮਿਲਣਗੇ।

## 'ਸਾਡਾ ਦੇਸ਼, ਸਾਡਾ ਫੈਸਲਾ', ਐੱਸ. ਜੈਸ਼ੰਕਰ ਦੀ ਪਾਕਿਸਤਾਨ ਨੂੰ ਦੋ-ਟੂਕ

ਚੇਨਈ/ਨਵੀਂ ਦਿੱਲੀ 2 ਜਨਵਰੀ। ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਗੁਆਂਢੀ ਦੇਸ਼ ਪਾਕਿਸਤਾਨ ਵੱਲੋਂ 'ਅੱਤਵਾਦ ਨੂੰ ਰਾਜ ਦੀ ਨੀਤੀ' ਵਜੋਂ ਵਰਤਣ ਦੀ ਆਦਤ 'ਤੇ ਤਿੱਖਾ ਹਮਲਾ ਕੀਤਾ ਹੈ। ਆਈ.ਆਈ.ਟੀ. ਮਦਰਾਸ ਵਿਖੇ ਵਿਦਿਆਰਥੀਆਂ ਅਤੇ ਬੁੱਧੀਜੀਵੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਭਾਰਤ ਨੂੰ ਆਪਣੀ ਰੱਖਿਆ ਕਰਨ ਦਾ ਪੂਰਾ ਅਧਿਕਾਰ ਹੈ ਅਤੇ ਅੱਤਵਾਦ ਵਿਰੁੱਧ ਸਾਡੀ ਕਾਰਵਾਈ ਕੀ ਹੋਵੇਗੀ, ਇਸ ਦਾ ਫੈਸਲਾ ਸਿਰਫ ਅਸੀਂ ਹੀ ਕਰਾਂਗੇ। ਸਿੰਧੂ ਜਲ ਸਮਝੌਤੇ ਦਾ ਜ਼ਿਕਰ ਕਰਦਿਆਂ ਵਿਦੇਸ਼ ਮੰਤਰੀ ਨੇ ਇਕ ਵੱਡਾ ਬਿਆਨ ਦਿੱਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਇਹ ਉਮੀਦ ਨਹੀਂ ਰੱਖ ਸਕਦਾ ਕਿ ਭਾਰਤ ਉਸ ਨਾਲ ਪਾਣੀ ਸਾਂਝਾ ਕਰਨਾ ਜਾਰੀ ਰੱਖੇ ਅਤੇ ਉਹ ਭਾਰਤ ਵਿਚ ਅੱਤਵਾਦ ਫੈਲਾਉਂਦਾ



ਰਹੇ। ਜੈਸ਼ੰਕਰ ਨੇ ਕਿਹਾ, ਖੂਨ ਅਤੇ ਪਾਣੀ ਇਕੱਠੇ ਨਹੀਂ ਵਹਿ ਸਕਦੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਚੰਗੇ ਗੁਆਂਢੀ ਸਬੰਧ ਸਮਝੌਤਿਆਂ ਦੀ ਬੁਨਿਆਦ ਹੁੰਦੇ ਹਨ, ਪਰ ਜੇਕਰ ਦਹਾਕਿਆਂ ਤੱਕ ਅੱਤਵਾਦ ਚੱਲਦਾ ਰਿਹਾ ਤਾਂ ਅਜਿਹੇ ਰਿਸ਼ਤਿਆਂ ਦੇ ਫਾਇਦੇ ਨਹੀਂ ਮਿਲ ਸਕਦੇ। ਵਰਣਨਯੋਗ ਹੈ ਕਿ ਅਪ੍ਰੈਲ 2025 ਵਿੱਚ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ, ਜਿਸ ਵਿੱਚ 26 ਸੈਲਾਨੀਆਂ ਦੀ ਜਾਨ ਚਲੀ ਗਈ ਸੀ, ਤੋਂ ਬਾਅਦ ਭਾਰਤ ਨੇ ਆਪਣੀ ਰਣਨੀਤੀ ਬਹੁਤ ਸਖ਼ਤ ਕਰ ਦਿੱਤੀ ਹੈ। ਇਸ ਹਮਲੇ ਦੇ ਜਵਾਬ ਵਿੱਚ ਭਾਰਤ ਨੇ 'ਆਪ੍ਰੇਸ਼ਨ ਸਿੰਦੂਰ' ਚਲਾ ਕੇ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕੀਤਾ ਸੀ ਅਤੇ ਸਿੰਧੂ ਜਲ ਸਮਝੌਤੇ ਨੂੰ ਮੁਲਤਵੀ ਕਰਨ ਵਰਗੇ ਸਖ਼ਤ ਕੂਟਨੀਤਕ ਕਦਮ ਚੁੱਕੇ ਸਨ। ਜੈਸ਼ੰਕਰ ਨੇ ਸਾਫ ਕੀਤਾ ਕਿ ਰਾਸ਼ਟਰੀ ਸੁਰੱਖਿਆ ਅਤੇ ਹਿੱਤਾਂ ਦੀ ਰਾਖੀ ਲਈ ਭਾਰਤ ਕਿਸੇ ਵੀ ਤਰ੍ਹਾਂ ਦਾ ਬਾਹਰੀ ਦਬਾਅ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਕਿਹਾ, ਕੋਈ ਸਾਨੂੰ ਇਹ ਨਹੀਂ ਦੱਸ ਸਕਦਾ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ। ਅਸੀਂ ਆਪਣੀ ਸੁਰੱਖਿਆ ਲਈ ਆਪਣੇ ਅਧਿਕਾਰਾਂ ਦੀ ਵਰਤੋਂ ਕਿਵੇਂ ਕਰਾਂਗੇ, ਇਹ ਸਾਡਾ ਪ੍ਰਭੂਸੱਤਾ ਸੰਪੰਨ ਫੈਸਲਾ ਹੈ।

## ਬੰਗਲਾਦੇਸ਼-ਪਾਕਿ-ਚੀਨ ਗੱਠਜੋੜ ਅਤੇ ਧਾਰਮਿਕ ਕੱਟੜਤਾ ਨੂੰ ਲੈ ਕੇ ਚਿਤਾਵਨੀ ਜਾਰੀ

ਨਵੀਂ ਦਿੱਲੀ 2 ਜਨਵਰੀ। ਬੰਗਲਾਦੇਸ਼ ਦੇ ਸਾਬਕਾ ਵਿਦੇਸ਼ ਮੰਤਰੀ ਪ੍ਰੋਫੈਸਰ ਏ. ਕੇ. ਅਬਦੁਲ ਮੋਮਿਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਬੰਗਲਾਦੇਸ਼ ਪਾਕਿਸਤਾਨ ਅਤੇ ਚੀਨ ਨਾਲ ਬਹੁਤ ਜ਼ਿਆਦਾ ਨੇੜਤਾ ਵਧਾਉਂਦਾ ਹੈ ਅਤੇ ਧਾਰਮਿਕ ਕੱਟੜਵਾਦ ਨੂੰ ਪਨਪਣ ਦਿੰਦਾ ਹੈ, ਤਾਂ ਦੇਸ਼ ਇਕ ਖ਼ਤਰਨਾਕ ਭੂ-ਰਾਜਨੀਤਿਕ ਅਤੇ ਵਿਚਾਰਧਾਰਕ ਭੰਬਲਭੂਸੇ 'ਚ ਫਸ ਸਕਦਾ ਹੈ। ਉਨ੍ਹਾਂ ਅਜਿਹੀ ਸਥਿਤੀ 'ਚ ਦੇਸ਼ ਵਿਚ ਆਰਥਿਕ ਗਤੀਵਿਧੀਆਂ 'ਚ ਖੜੋਤ, ਕੂਟਨੀਤਕ ਇਕੱਲਤਾ ਅਤੇ ਸਮਾਜਿਕ ਵੰਡ ਦਾ ਵੀ ਗੰਭੀਰ ਖਦਸ਼ਾ ਪ੍ਰਗਟਾਇਆ ਹੈ। ਸਾਲ 2019 ਤੋਂ 2024 ਤੱਕ ਬੰਗਲਾਦੇਸ਼ ਦੇ ਵਿਦੇਸ਼ ਮੰਤਰੀ ਰਹੇ ਪ੍ਰੋ. ਮੋਮਿਨ ਨੇ ਕਿਹਾ ਕਿ ਬੰਗਲਾਦੇਸ਼-ਪਾਕਿਸਤਾਨ-ਚੀਨ ਦਾ ਉਭਰਦਾ ਗੱਠਜੋੜ ਨਾ ਸਿਰਫ਼ ਢਾਕਾ ਲਈ, ਸਗੋਂ ਪੂਰੇ ਦੱਖਣ ਅਤੇ ਦੱਖਣ-ਪੂਰਬੀ ਏਸ਼ੀਆ 'ਚ ਡੂੰਘੀ ਅਸਥਿਰਤਾ ਪੈਦਾ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਗੱਠਜੋੜ ਕਾਰਨ ਕਈ ਤਰ੍ਹਾਂ ਦੀਆਂ ਸਥਿਤੀਆਂ ਪੈਦਾ ਹੋ ਸਕਦੀਆਂ ਹਨ, ਜਿਨ੍ਹਾਂ 'ਚ ਅਮਰੀਕਾ ਵੱਲੋਂ ਦਬਾਅ ਜਾਂ ਪਾਬੰਦੀਆਂ, ਅੰਤਰਰਾਸ਼ਟਰੀ ਮੰਚਾਂ 'ਤੇ ਭਰੋਸੇਯੋਗਤਾ 'ਚ ਗਿਰਾਵਟ, ਭਾਰਤ ਅਤੇ ਹੋਰ ਉਦਾਰਵਾਦੀ ਗੁਆਂਢੀ ਦੇਸ਼ਾਂ ਤੋਂ ਦੂਰੀ ਅਤੇ ਸਭ ਤੋਂ ਗੰਭੀਰ ਰੂਪ 'ਚ ਜੇਹਾਦੀ ਕੱਟੜਵਾਦ ਅਤੇ ਤਾਨਾਸ਼ਾਹੀ ਸ਼ਾਸਨ ਵੱਲ ਵਧਣਾ ਸ਼ਾਮਲ ਹੈ।

# ਪੀਣ ਯੋਗ ਨਹੀਂ ਇੰਦੌਰ ਸ਼ਹਿਰ 'ਚ ਸਪਲਾਈ ਹੋਣ ਵਾਲਾ ਪਾਣੀ ! ਲੈਬ ਟੈਸਟ 'ਚ ਹੋਏ ਹੈਰਾਨੀਜਨਕ ਖੁਲਾਸੇ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਇੰਦੌਰ 2 ਜਨਵਰੀ। ਦੇਸ਼ ਦੇ ਸਭ ਤੋਂ ਸਾਫ਼ ਸ਼ਹਿਰ ਇੰਦੌਰ ਦੇ ਵਸਨੀਕਾਂ ਨੂੰ ਸਪਲਾਈ ਕੀਤਾ ਜਾਣ ਵਾਲਾ ਪਾਣੀ ਪੀਣ ਦੇ ਯੋਗ ਨਹੀਂ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਇੱਕ ਪ੍ਰਯੋਗਸ਼ਾਲਾ ਟੈਸਟ ਤੋਂ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਇੰਦੌਰ ਵਿੱਚ ਦਸਤ ਫੈਲਣ ਦਾ ਕਾਰਨ ਦੂਸ਼ਿਤ ਪੀਣ ਵਾਲਾ ਪਾਣੀ ਸੀ, ਜਿਸ ਨਾਲ ਕਈ ਮਰੀਜ਼ਾਂ ਦੀ ਮੌਤ ਹੋ ਗਈ ਅਤੇ 1,400 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਹਾਲਾਂਕਿ, ਮੰਤਰੀ ਕੈਲਾਸ਼ ਵਿਜੇਵਰਗੀਆ ਨੇ ਕਿਹਾ ਹੈ ਕਿ ਘੱਟੋ-ਘੱਟ 10 ਮੌਤਾਂ ਹੋਈਆਂ ਹਨ। ਟੈਸਟ ਦੇ ਨਤੀਜਿਆਂ ਨੇ ਇਹ ਪੁਸ਼ਟੀ ਕੀਤੀ ਹੈ ਕਿ ਮੱਧ ਪ੍ਰਦੇਸ਼ ਦੀ ਵਪਾਰਕ ਰਾਜਧਾਨੀ, ਜਿਸ ਨੂੰ ਪਿਛਲੇ ਅੱਠ ਸਾਲਾਂ ਤੋਂ ਭਾਰਤ ਦਾ ਸਭ ਤੋਂ ਸਾਫ਼ ਸ਼ਹਿਰ ਦਰਜਾ ਦਿੱਤਾ ਗਿਆ ਹੈ, ਦੇ ਕੁਝ ਹਿੱਸਿਆਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਪ੍ਰਣਾਲੀ ਬਹੁਤ ਘਾਤਕ ਹੈ। ਮੁੱਖ ਮੰਤਰੀ ਮੋਹਨ ਯਾਦਵ ਦੇ ਨਿਰਦੇਸ਼ਾਂ 'ਤੇ ਦੂਬੇ ਨੇ ਸਥਿਤੀ ਦਾ ਜਾਇਜ਼ਾ ਲੈਣ ਲਈ ਭਾਗੀਰਥਪੁਰਾ ਦਾ ਦੌਰਾ ਕੀਤਾ। ਸਿਹਤ ਵਿਭਾਗ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਵੀਰਵਾਰ ਨੂੰ ਭਾਗੀਰਥਪੁਰਾ ਵਿੱਚ 1,714 ਘਰਾਂ ਦੇ ਸਰਵੇਖਣ ਦੌਰਾਨ 8,571 ਲੋਕਾਂ ਦੀ ਜਾਂਚ ਕੀਤੀ ਗਈ। ਇਨ੍ਹਾਂ ਵਿੱਚੋਂ 338 ਲੋਕਾਂ ਵਿੱਚ ਉਲਟੀਆਂ ਅਤੇ ਦਸਤ ਦੇ ਹਲਕੇ ਲੱਛਣ ਪਾਏ ਗਏ, ਜਿਨ੍ਹਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਹੀ ਮੁੱਢਲੀ ਸਹਾਇਤਾ ਦਿੱਤੀ ਗਈ। ਇੰਦੌਰ ਦੇ ਮੁੱਖ



ਮੈਡੀਕਲ ਅਤੇ ਸਿਹਤ ਅਧਿਕਾਰੀ, ਡਾ. ਮਾਧਵ ਪ੍ਰਸਾਦ ਹਸਨੀ ਨੇ ਵੀਰਵਾਰ ਨੂੰ ਪੱਤਰਕਾਰਾਂ ਨੂੰ ਦੱਸਿਆ ਕਿ ਸ਼ਹਿਰ ਦੇ ਇੱਕ ਮੈਡੀਕਲ ਕਾਲਜ ਦੁਆਰਾ ਤਿਆਰ ਕੀਤੀ ਗਈ ਇੱਕ ਲੈਬ ਰਿਪੋਰਟ ਵਿੱਚ ਪੁਸ਼ਟੀ ਹੋਈ ਹੈ ਕਿ ਭਗੀਰਥਪੁਰਾ ਖੇਤਰ ਵਿੱਚ ਇੱਕ ਪਾਈਪਲਾਈਨ ਵਿੱਚ ਲੀਕ ਹੋਣ ਕਾਰਨ ਪੀਣ ਵਾਲਾ ਪਾਣੀ ਦੂਸ਼ਿਤ ਸੀ, ਜਿੱਥੋਂ ਇਹ ਬੀਮਾਰੀ ਫੈਲੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਭਾਗੀਰਥਪੁਰਾ ਵਿੱਚ ਇੱਕ ਪੁਲਸ ਸਟੇਸ਼ਨ ਨੇੜੇ ਟਾਇਲਟ ਦੇ ਉੱਪਰ ਇੱਕ ਸਥਾਨ 'ਤੇ ਮੁੱਖ ਪੀਣ ਵਾਲੇ ਪਾਣੀ ਦੀ ਸਪਲਾਈ ਪਾਈਪਲਾਈਨ ਵਿੱਚ ਇੱਕ ਲੀਕ ਪਾਈ ਗਈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਲੀਕੇਜ ਕਾਰਨ ਇਲਾਕੇ ਵਿੱਚ ਪਾਣੀ ਦੀ ਸਪਲਾਈ ਦੂਸ਼ਿਤ ਹੋ ਗਈ। ਇਸ ਸਬੰਧ ਵਿਚ ਵਧੀਕ ਮੁੱਖ ਸਕੱਤਰ ਸੰਜੇ ਦੂਬੇ ਨੇ ਕਿਹਾ, ਅਸੀਂ ਭਾਗੀਰਥਪੁਰਾ ਵਿੱਚ ਪੂਰੀ ਪੀਣ ਵਾਲੇ ਪਾਣੀ ਦੀ ਸਪਲਾਈ ਪਾਈਪਲਾਈਨ ਦੀ ਚੰਗੀ ਤਰ੍ਹਾਂ ਜਾਂਚ ਕਰ ਰਹੇ ਹਾਂ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਕੋਈ ਹੋਰ ਲੀਕ ਤਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਨਿਰੀਖਣ ਤੋਂ ਬਾਅਦ ਵੀਰਵਾਰ ਨੂੰ ਭਾਗੀਰਥਪੁਰਾ ਵਿੱਚ ਘਰਾਂ ਨੂੰ ਪਾਈਪਲਾਈਨਾਂ ਰਾਹੀਂ ਸਾਫ਼ ਪਾਣੀ ਦੀ ਸਪਲਾਈ ਕੀਤੀ ਗਈ, ਹਾਲਾਂਕਿ ਸਾਵਧਾਨੀ ਵਜੋਂ ਲੋਕਾਂ ਨੂੰ ਪਾਣੀ ਉਬਾਲ ਕੇ ਹੀ ਪੀਣ ਦੀ ਸਲਾਹ ਦਿੱਤੀ ਗਈ ਹੈ। ਦੂਬੇ ਨੇ ਕਿਹਾ, ਅਸੀਂ ਇਸ ਪਾਣੀ ਦੇ ਨਮੂਨੇ ਵੀ ਲਏ ਹਨ ਅਤੇ ਉਨ੍ਹਾਂ ਨੂੰ ਜਾਂਚ ਲਈ ਭੇਜ ਦਿੱਤਾ ਹੈ। ਭਾਗੀਰਥਪੁਰਾ ਪਾਣੀ ਦੁਖਾਂਤ ਤੋਂ ਸਬਕ ਲੈਂਦੇ ਹੋਏ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਪੂਰੇ ਰਾਜ ਲਈ ਇੱਕ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ ਜਾਰੀ ਕੀਤੀ ਜਾਵੇਗੀ।

## ਕਿਸ਼ਤਵਾੜ 'ਚ ਗੈਸ ਸਿਲੰਡਰ ਬਲਾਸਟ, ਪੰਜ ਘਰ ਸੜ ਕੇ ਸੁਆਹ, ਦੋ ਲੋਕ ਜ਼ਖਮੀ

ਜੰਮੂ 2 ਜਨਵਰੀ। ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ ਦੇ ਇੱਕ ਦੂਰ-ਦੁਰਾਡੇ ਪਿੰਡ ਵਿੱਚ ਐਲਪੀਜੀ ਗੈਸ ਸਿਲੰਡਰ ਫਟਣ ਕਾਰਨ ਜ਼ੋਰਦਾਰ ਧਮਾਕਾ ਹੋਇਆ। ਇਸ ਧਮਾਕੇ ਤੋਂ ਬਾਅਦ ਲੱਗੀ ਅੱਗ ਨਾਲ ਪੰਜ ਘਰ ਸੜ ਕੇ ਸੁਆਹ ਹੋ ਗਏ, ਜਦੋਂ ਕਿ ਅੱਗ ਬੁਝਾਉਣ ਦੀ ਕੋਸ਼ਿਸ਼ ਕਰਦੇ ਹੋਏ ਦੋ ਲੋਕ ਜ਼ਖਮੀ ਹੋ ਗਏ। ਇਸ ਘਟਨਾ ਦੀ ਜਾਣਕਾਰੀ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਵੀਰਵਾਰ ਦੇਰ ਰਾਤ ਥਾਚਨਾ ਪਿੰਡ ਵਿਚ ਵਾਪਰੀ ਹੈ, ਜਿਥੇ ਪਹਿਲਾਂ ਇਕ ਮਕਾਨ ਨੂੰ ਅੱਗ ਲੱਗੀ। ਉਸ ਮਕਾਨ ਨੇ ਬਾਕੀ ਦੇ ਹੋਰ ਘਰਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ। ਇਸ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ, ਪੁਲਸ, ਫੌਜ ਅਤੇ ਫਾਇਰ ਵਿਭਾਗ ਦੀਆਂ ਟੀਮਾਂ ਨੇ ਸਥਾਨਕ ਲੋਕਾਂ ਦੀ ਮਦਦ ਨਾਲ ਅੱਗ ਬੁਝਾਉਣ ਲਈ ਇਕ ਸਾਂਝਾ ਅਭਿਆਨ ਸ਼ੁਰੂ ਕੀਤਾ। ਅਧਿਕਾਰੀਆਂ ਅਨੁਸਾਰ ਅੱਗ ਬੁਝਾਊ ਗੱਡੀਆਂ ਨੂੰ ਤੁਰੰਤ ਦੂਰ-ਦੁਰਾਡੇ ਇਲਾਕੇ ਵਿੱਚ ਭੇਜਿਆ ਗਿਆ ਅਤੇ ਅੱਗ ਨੂੰ ਫੈਲਣ ਤੋਂ ਰੋਕਣ ਲਈ ਨੇੜਲੇ ਘਰਾਂ ਤੋਂ ਐਲਪੀਜੀ ਸਿਲੰਡਰ ਹਟਾਏ ਗਏ। ਕਿਸ਼ਤਵਾੜ ਦੇ ਡਿਪਟੀ ਕਮਿਸ਼ਨਰ ਪੰਕਜ ਸ਼ਰਮਾ, ਜਿਨ੍ਹਾਂ ਨੇ ਇਸ ਕਾਰਵਾਈ ਦੀ ਨਿਗਰਾਨੀ ਕੀਤੀ, ਨੇ ਕਿਹਾ ਕਿ ਕਈ ਘੰਟਿਆਂ ਦੀ ਮਿਹਨਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ। ਉਨ੍ਹਾਂ ਕਿਹਾ, ਇਸ ਘਟਨਾ ਵਿੱਚ ਚਾਰ ਤੋਂ ਪੰਜ ਘਰ ਪੂਰੀ ਤਰ੍ਹਾਂ ਤਬਾਹ ਹੋ ਗਏ। ਕਿਸੇ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਅੱਗ ਬੁਝਾਉਂਦੇ ਸਮੇਂ ਦੋ ਲੋਕ ਜ਼ਖਮੀ ਹੋ ਗਏ ਅਤੇ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਦਿੱਤੀ ਗਈ। ਸ਼ਰਮਾ ਨੇ ਕਿਹਾ ਕਿ ਪ੍ਰਭਾਵਿਤ ਬਸਤੀ ਵਿੱਚ ਟੈਂਟ ਅਤੇ ਹੋਰ ਰਾਹਤ ਸਮੱਗਰੀ ਮੁਹੱਈਆ ਕਰਵਾਈ ਗਈ ਅਤੇ ਨੁਕਸਾਨ ਦਾ ਵਿਸਤ੍ਰਿਤ ਮੁਲਾਂਕਣ ਕੀਤਾ ਜਾਵੇਗਾ।

# ਨਵੇਂ ਸਾਲ ਮੌਕੇ ਪੰਜਾਬ ਵਾਸੀਆਂ ਨੂੰ ਮਿਲਿਆ ਵੱਡਾ ਤੋਹ.ਫਾ !

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਚੰਡੀਗੜ੍ਹ/ਜਲੰਧਰ 2 ਜਨਵਰੀ। ਪੰਜਾਬ ਸਰਕਾਰ ਵੱਲੋਂ ਸਿਹਤ ਖੇਤਰ ਵਿੱਚ ਇਕ ਇਤਿਹਾਸਕ ਕਦਮ ਚੁੱਕਦੇ ਹੋਏ ਸੂਬੇ ਦੇ ਤਿੰਨ ਕਰੋੜ ਨਿਵਾਸੀਆਂ ਲਈ 'ਮੁੱਖ ਮੰਤਰੀ ਸਿਹਤ ਯੋਜਨਾ' ਲਾਗੂ ਕੀਤੀ ਜਾ ਰਹੀ ਹੈ, ਜਿਸ ਤਹਿਤ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇੰਸ਼ੋਰੈਂਸ ਕਵਰ ਦਿੱਤਾ ਜਾਵੇਗਾ। ਇਹ ਜਾਣਕਾਰੀ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪ੍ਰੈੱਸ ਕਾਨਫ਼ਰੰਸ ਦੌਰਾਨ ਦਿੱਤੀ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਸ ਯੋਜਨਾ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਸੈਕੰਡਰੀ ਅਤੇ ਟਰਸ਼ਰੀ ਕੇਅਰ ਇਲਾਜ ਦੌਰਾਨ ਕਿਸੇ ਵੀ ਪੰਜਾਬੀ ਨੂੰ ਆਪਣੀ ਜੇਬ ਵਿਚੋਂ ਇਕ ਰੁਪਇਆ ਵੀ ਖ਼ਰਚਣਾ ਨਾ ਪਵੇ। ਉਨ੍ਹਾਂ ਦੱਸਿਆ ਕਿ ਇਹ ਯੋਜਨਾ 'ਸਰਬੱਤ ਦੇ ਭਲੇ' ਦੇ ਸਿਧਾਂਤ 'ਤੇ ਆਧਾਰਿਤ ਹੈ, ਜਿਸ ਵਿੱਚ ਨਾ ਤਾਂ ਕਿਸੇ ਧਰਮ ਦੇ ਆਧਾਰ 'ਤੇ ਭੇਦਭਾਵ ਹੈ ਅਤੇ ਨਾ ਹੀ ਕੋਈ ਆਰਥਿਕ ਜਾਂ ਸਮਾਜਿਕ ਐਕਸਕਲੂਜ਼ਨ ਕ੍ਰਾਈਟੇਰੀਆ। ਸਿਹਤ ਮੰਤਰੀ ਨੇ ਸਪਸ਼ਟ ਕੀਤਾ ਕਿ ਪੰਜਾਬ ਦਾ ਹਰ ਉਹ ਨਿਵਾਸੀ, ਜਿਸ ਕੋਲ ਪੰਜਾਬ ਦਾ ਆਧਾਰ ਕਾਰਡ ਅਤੇ ਵੋਟਰ ਕਾਰਡ ਹੈ, ਇਸ ਯੋਜਨਾ ਲਈ ਪੂਰੀ ਤਰ੍ਹਾਂ ਯੋਗ ਹੋਵੇਗਾ। ਇਸ ਤਹਿਤ ਸੂਬੇ ਦੇ ਲਗਭਗ 65 ਲੱਖ ਪਰਿਵਾਰਾਂ ਨੂੰ 10 ਲੱਖ ਰੁਪਏ ਦਾ ਇੰਸ਼ੋਰੈਂਸ ਕਵਰ ਮਿਲੇਗਾ। ਉਨ੍ਹਾਂ ਕਿਹਾ ਕਿ ਇਹ ਆਪਣੀ ਕਿਸਮ ਦੀ ਦੁਨੀਆ ਦੀ ਪਹਿਲੀ ਯੂਨੀਵਰਸਲ ਸਿਹਤ ਯੋਜਨਾ ਹੈ, ਜਿਸ ਵਿੱਚ 100 ਫੀਸਦੀ ਆਬਾਦੀ ਨੂੰ ਕਵਰ ਕੀਤਾ ਜਾ ਰਿਹਾ ਹੈ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਸ ਯੋਜਨਾ ਲਈ ਟੈਂਡਰ ਪ੍ਰਕਿਰਿਆ ਪੂਰੀ ਹੋ ਚੁੱਕੀ ਹੈ ਅਤੇ ਪਬਲਿਕ ਸੈਕਟਰ ਦੀਆਂ ਇੰਸ਼ੋਰੈਂਸ ਕੰਪਨੀਆਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਤਾਮਿਲਨਾਡੂ ਵਿੱਚ



ਇਹ ਮਾਡਲ ਸਫ਼ਲਤਾਪੂਰਵਕ ਲਾਗੂ ਹੈ ਅਤੇ ਪੰਜਾਬ ਸਰਕਾਰ ਨੇ ਵੀ ਉਸ ਤਜਰਬੇ ਤੋਂ ਪ੍ਰੇਰਨਾ ਲਈ ਹੈ। ਉਨ੍ਹਾਂ ਅਨੁਸਾਰ 15 ਤਰੀਖ਼ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਇਸ ਯੋਜਨਾ ਦੀ ਸਰਕਾਰੀ ਤੌਰ 'ਤੇ ਲਾਂਚਿੰਗ ਕਰਨਗੇ। ਇਸ ਤੋਂ ਬਾਅਦ ਸੂਬੇ ਭਰ ਵਿੱਚ 9,000 ਤੋਂ ਵੱਧ ਸਰਕਾਰੀ ਸੇਵਾ ਕੇਂਦਰਾਂ ਅਤੇ ਪਿੰਡਾਂ ਵਿੱਚ ਖ਼ਾਸ ਕੈਂਪ ਲਗਾ ਕੇ ਲੋਕਾਂ ਦੇ ਸਿਹਤ ਕਾਰਡ ਬਣਾਏ ਜਾਣਗੇ। ਸਿਹਤ ਮੰਤਰੀ ਨੇ ਕਿਹਾ ਕਿ ਇਕ ਵਾਰ ਇਨਰੋਲਮੈਂਟ ਹੋਣ ਮਗਰੋਂ ਕਾਰਡ ਤਿਆਰ ਹੋਣ ਵਿੱਚ ਲਗਭਗ 15 ਦਿਨ ਲੱਗਣਗੇ। ਸਰਕਾਰ ਦੀ ਕੋਸ਼ਿਸ਼ ਹੈ ਕਿ ਅਗਲੇ ਤਿੰਨ ਤੋਂ ਚਾਰ ਮਹੀਨਿਆਂ ਵਿੱਚ ਪੰਜਾਬ ਦੇ ਹਰ ਨਾਗਰਿਕ ਦੀ ਜੇਬ ਵਿੱਚ 10 ਲੱਖ ਰੁਪਏ ਦਾ ਸਿਹਤ ਇੰਸ਼ੋਰੈਂਸ ਕਾਰਡ ਹੋਵੇ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਅਕਸਰ ਅਚਾਨਕ ਬੀਮਾਰੀ, ਦਿਲ ਦਾ ਦੌਰਾ, ਸਟਰੋਕ ਜਾਂ ਹਾਦਸਿਆਂ ਕਾਰਨ ਪਰਿਵਾਰ ਆਰਥਿਕ ਤੌਰ 'ਤੇ ਤਬਾਹ ਹੋ ਜਾਂਦੇ ਹਨ, ਘਰ-ਜ਼ਮੀਨ ਵੇਚਣੀ ਪੈਂਦੀ ਹੈ ਅਤੇ ਲੋਕ ਕਰਜ਼ੇ ਹੇਠ ਦਬ ਜਾਂਦੇ ਹਨ। ਇਹ ਯੋਜਨਾ ਅਜਿਹੀਆਂ ਸਾਰੀਆਂ ਮੁਸ਼ਕਲਾਂ ਤੋਂ ਪੰਜਾਬੀਆਂ ਨੂੰ ਰਾਹਤ ਦੇਵੇਗੀ। ਉਨ੍ਹਾਂ ਆਮ ਆਦਮੀ ਕਲੀਨਿਕਾਂ ਦੀ ਸਫ਼ਲਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਹੁਣ ਤੱਕ 4 ਕਰੋੜ 59 ਲੱਖ ਤੋਂ ਵੱਧ ਲੋਕ ਇਨ੍ਹਾਂ ਕਲੀਨਿਕਾਂ ਤੋਂ ਇਲਾਜ ਅਤੇ ਮੁਫ਼ਤ ਦਵਾਈਆਂ ਦਾ ਲਾਭ ਲੈ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਮੇਂ 'ਤੇ ਇਲਾਜ ਅਤੇ ਦਵਾਈ ਮਿਲਣ ਨਾਲ ਭਵਿੱਖ ਵਿੱਚ ਕੈਂਸਰ ਸਮੇਤ ਕਈ ਕਰੋਨਿਕ ਬੀਮਾਰੀਆਂ ਵਿੱਚ ਕਮੀ ਆਵੇਗੀ। ਸਿਹਤ ਮੰਤਰੀ ਨੇ ਕਿਹਾ ਕਿ ਇਹ ਯੋਜਨਾ ਪੰਜਾਬ ਸਰਕਾਰ ਦਾ ਇਤਿਹਾਸਕ ਫ਼ੈਸਲਾ ਹੈ, ਜੋ ਆਉਣ ਵਾਲੇ ਸਾਲਾਂ ਵਿੱਚ ਸੂਬੇ ਦੀ ਸਿਹਤ ਪ੍ਰਣਾਲੀ ਦੀ ਤਸਵੀਰ ਹੀ ਬਦਲ ਦੇਵੇਗੀ।

# ਪ੍ਰਦਰਸ਼ਨਕਾਰੀਆਂ ਨੇ ਮਹਿਲਾ ਕਾਂਸਟੇਬਲ ਦੇ ਪਾੜੇ ਕੱਪੜੇ, ਵੀਡੀਓ ਵਾਇਰਲ ਹੋਣ ਮਗਰੋਂ 2 ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਰਾਏਗੜ੍ਹ 2 ਜਨਵਰੀ। ਛੱਤੀਸਗੜ੍ਹ ਦੇ ਰਾਏਗੜ੍ਹ ਜ਼ਿਲ੍ਹੇ 'ਚ ਕੋਲਾ ਮਾਈਨਿੰਗ ਵਿਰੁੱਧ ਚੱਲ ਰਿਹਾ ਪ੍ਰਦਰਸ਼ਨ ਹਿੰਸਕ ਰੂਪ ਧਾਰਨ ਕਰ ਗਿਆ ਹੈ, ਜਿਸ ਦੌਰਾਨ ਇਕ ਮਹਿਲਾ ਪੁਲਸ ਮੁਲਾਜ਼ਮ ਦੀ ਇੱਜ਼ਤ ਨਾਲ ਖਿਲਵਾੜ ਕਰਨ ਦਾ ਬੇਹੱਦ ਸ਼ਰਮਨਾਕ ਮਾਮਲਾ ਸਾਹਮਣੇ ਆਇਆ ਹੈ। ਸੋਸ਼ਲ ਮੀਡੀਆ 'ਤੇ ਇਕ ਦਿਲ ਕੰਬਾਊ ਵੀਡੀਓ ਵਾਇਰਲ ਹੋ ਰਹੀ ਹੈ, ਜਿਸ 'ਚ ਡਿਊਟੀ 'ਤੇ ਤਾਇਨਾਤ ਇਕ ਮਹਿਲਾ ਕਾਂਸਟੇਬਲ ਭੀੜ ਵਿਚਕਾਰ ਇਕ ਖੇਤ 'ਚ ਇਕੱਲੀ ਰਹਿ ਗਈ। ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਮੁਲਜ਼ਮ ਉਸ ਦੇ ਕੱਪੜੇ ਪਾੜ ਰਹੇ ਹਨ ਅਤੇ ਉਹ ਹੱਥ ਜੋੜ ਕੇ ਰੋਂਦੇ ਹੋਏ ਆਪਣੀ ਜਾਨ ਦੀ ਭੀਖ ਮੰਗ ਰਹੀ ਹੈ। ਉਹ ਵਾਰ-ਵਾਰ ਕਹਿ ਰਹੀ ਹੈ, ਭਾਈ, ਕੱਪੜੇ ਨਾ ਪਾੜੋ, ਮੈਂ ਕੁਝ ਨਹੀਂ ਕਰਾਂਗੀ। ਇਕ ਮੁਲਜ਼ਮ ਉਸਦੇ ਫਟੇ ਹੋਏ ਕੱਪੜੇ ਖਿੱਚ ਰਿਹਾ ਸੀ ਜਦੋਂ ਕਿ ਦੂਜਾ ਇਸ ਦੀ ਵੀਡੀਓ ਬਣਾ ਰਿਹਾ ਸੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ 27 ਦਸੰਬਰ ਨੂੰ ਤਮਨਾਰ ਬਲਾਕ 'ਚ ਵਾਪਰੀ ਸੀ। ਬਿਲਾਸਪੁਰ ਰੇਂਜ ਦੇ ਆਈਜੀ ਸੰਜੀਵ ਸ਼ੁਕਲਾ ਅਨੁਸਾਰ,"ਮਹਿਲਾ ਕਾਂਸਟੇਬਲ ਨਾਲ ਕੁੱਟਮਾਰ ਅਤੇ ਛੇੜਛਾੜ ਦੇ ਦੋਸ਼ 'ਚ 2 ਸਥਾਨਕ ਨਿਵਾਸੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮੁਲਜ਼ਮਾਂ 'ਤੇ ਕਤਲ ਦੀ ਕੋਸ਼ਿਸ਼, ਛੇੜਛਾੜ ਅਤੇ ਲੁੱਟ-ਖੋਹ ਸਮੇਤ ਕਈ ਗੰਭੀਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਡਿਜੀਟਲ ਸਬੂਤਾਂ ਦੇ ਆਧਾਰ 'ਤੇ ਹੋਰ ਸ਼ਾਮਲ ਵਿਅਕਤੀਆਂ ਦੀ ਪਛਾਣ ਕੀਤੀ ਜਾ ਰਹੀ ਹੈ। ਰਾਏਗੜ੍ਹ ਦੇ 14 ਪਿੰਡਾਂ ਦੇ ਨਿਵਾਸੀ ਜਿੰਦਲ ਪਾਵਰ ਲਿਮਟਿਡ ਨੂੰ ਅਲਾਟ ਕੀਤੇ ਗਏ 'ਗਾਰੇ ਪੇਲਮਾ ਸੈਕਟਰ-1' ਕੋਲਾ ਬਲਾਕ ਵਿਰੁੱਧ 12 ਦਸੰਬਰ ਤੋਂ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ। 27 ਦਸੰਬਰ ਨੂੰ ਇਹ ਪ੍ਰਦਰਸ਼ਨ ਉਦੋਂ ਹਿੰਸਕ ਹੋ ਗਿਆ ਜਦੋਂ ਪ੍ਰਦਰਸ਼ਨਕਾਰੀਆਂ ਨੇ ਪੁਲਸ ਬੱਸ, ਜੀਪ ਅਤੇ ਇਕ ਐਂਬੂਲੈਂਸ ਨੂੰ ਅੱਗ ਲਗਾ ਦਿੱਤੀ। ਪਥਰਾਅ ਕਾਰਨ ਦੋ ਅਧਿਕਾਰੀਆਂ ਸਮੇਤ ਕਈ ਪੁਲਸ ਕਰਮਚਾਰੀ ਜ਼ਖਮੀ ਹੋ ਗਏ।



ਮਹਿਲਾਵਾਂ ਦੇ ਇਕ ਸਮੂਹ ਨੇ ਥਾਣਾ ਮੁਖੀ ਕਮਲਾ ਪੁਸਾਮ 'ਤੇ ਵੀ ਹਮਲਾ ਕੀਤਾ, ਜਿਸ ਨਾਲ ਉਹ ਜ਼ਖਮੀ ਹੋ ਗਏ। ਭੀੜ ਨੇ ਕੋਲਾ ਪਲਾਂਟ ਦੇ ਕੰਪਲੈਕਸ 'ਚ ਵੀ ਭਾਰੀ ਭੰਨ-ਤੋੜ ਅਤੇ ਅੱਗਜ਼ਨੀ ਕੀਤੀ। ਇਸ ਘਟਨਾ ਤੋਂ ਬਾਅਦ ਸਿਆਸੀ ਮਾਹੌਲ ਗਰਮਾ ਗਿਆ ਹੈ। ਕਾਂਗਰਸ ਪਾਰਟੀ ਨੇ ਭਾਜਪਾ ਦੀ 'ਡਬਲ ਇੰਜਣ' ਸਰਕਾਰ ਨੂੰ ਕਾਨੂੰਨ ਵਿਵਸਥਾ ਦੇ ਮੋਰਚੇ 'ਤੇ ਫੇਲ੍ਹ ਦੱਸਿਆ ਹੈ ਅਤੇ ਔਰਤਾਂ ਦੀ ਸੁਰੱਖਿਆ 'ਤੇ ਸਵਾਲ ਚੁੱਕੇ ਹਨ। ਵਧਦੇ ਤਣਾਅ ਨੂੰ ਦੇਖਦਿਆਂ ਰਾਏਗੜ੍ਹ ਪ੍ਰਸ਼ਾਸਨ ਨੇ ਮਾਈਨਿੰਗ ਪ੍ਰਾਜੈਕਟ ਲਈ ਹੋਈ ਜਨਤਕ ਸੁਣਵਾਈ ਨੂੰ ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

## ਲੁਟੇਰਿਆਂ ਵੱਲੋਂ ਗੋਲੀਆਂ ਮਾਰ ਕੇ ਮੁੰਡੇ ਦਾ ਕਤਲ, ਡੇਢ ਸਾਲ ਪਹਿਲਾਂ ਹੋਇਆ ਸੀ ਵਿਆਹ

ਤਰਨਤਾਰਨ 2 ਜਨਵਰੀ। ਬੀਤੀ ਰਾਤ ਜ਼ਿਲ੍ਹਾ ਤਰਨਤਾਰਨ ਅਧੀਨ ਆਉਂਦੇ ਪਿੰਡ ਸਭਰਾਂ ਵਿਖੇ ਤਿੰਨ ਨਕਾਬ ਪੋਸ਼ ਲੁਟੇਰਿਆਂ ਵੱਲੋਂ ਨੌਜਵਾਨ ਦਾ ਗੋਲ?ੀ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਨੌਜਵਾਨ ਦੀ ਪਛਾਣ ਹਰਪ੍ਰੀਤ ਸਿੰਘ (30) ਪੁੱਤਰ ਵਿਰਸਾ ਸਿੰਘ ਵਾਸੀ ਪਿੰਡ ਸਭਰਾ ਵਜੋਂ ਹੋਈ ਹੈ। ਹਰਪ੍ਰੀਤ ਸਿੰਘ ਦਾ ਲਗਭਗ ਡੇਢ ਸਾਲ ਪਹਿਲਾਂ ਵਿਆਹ ਹੋਇਆ ਸੀ। ਜਾਣਕਾਰੀ ਮੁਤਾਬਕ ਬੀਤੀ ਰਾਤ ਜਦੋਂ ਹਰਪ੍ਰੀਤ ਸਿੰਘ ਆਪਣੇ ਘਰ ਦੇ ਨਜ਼ਦੀਕ ਆਪਣੇ ਗੁਆਂਢੀਆਂ ਸਮੇਤ ਗਲੀ ਵਿਚ ਖੜ੍ਹਾ ਸੀ ਤਾਂ ਮੋਟਰਸਾਈਕਲ ਉੱਪਰ ਸਵਾਰ ਤਿੰਨ ਨਕਾਬ ਪੋਸ਼ ਨੌਜਵਾਨਾਂ ਨੂੰ ਰੋਕਦੇ ਹੋਏ ਸ਼ੱਕ ਦੇ ਆਧਾਰ ਉੱਪਰ ਜਦੋਂ ਉਕਤਾਨ ਤੋਂ ਪੁੱਛਗਿਛ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀ ਗਈਆਂ। ਇਸ ਦੌਰਾਨ ਹਰਪ੍ਰੀਤ ਸਿੰਘ ਦੇ ਪੇਟ ਵਿਚ ਦੋ ਗੋਲੀਆਂ ਲੱਗੀਆਂ, ਜਿਸ ਕਾਰਣ ਹਰਪ੍ਰੀਤ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਜਿਸ ਨੂੰ ਹਸਪਤਾਲ ਲਿਆਂਦਾ ਗਿਆ ਜਿਥੇ ਉਸ ਦੀ ਮੌਤ ਹੋ ਗਈ। ਵਾਰਦਾਤ ਨੂੰ ਅੰਜਾਮ ਦੇਣ ਵਾਲੇ ਇਕ ਮੁਲਜ਼ਮ ਨੂੰ ਪਿੰਡ ਵਾਸੀਆਂ ਨੇ ਕਾਬੂ ਕਰ ਲਿਆ ਜਦਕਿ ਦੋ ਫਰਾਰ ਹੋਣ ਵਿਚ ਕਾਮਯਾਬ ਹੋ ਗਏ। ਇਸ ਮਾਮਲੇ ਦੀ ਥਾਣਾ ਸਦਰ ਪੱਟੀ ਦੀ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਮ੍ਰਿਤਕ ਦੀ ਪਤਨੀ ਨੇ ਰੋਂਦੇ ਕੁਰਲਾਉਂਦੇ ਹੋਏ ਮੁਲਜ਼ਮਾਂ ਦੀ ਜਲਦ ਗ੍ਰਿਫਤਾਰੀ ਅਤੇ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੇਣ ਦੀ ਮੰਗ ਕੀਤੀ ਹੈ।

# ਇਸ ਰੇਲਵੇ ਫਾਟਕ 'ਤੇ ਟੁੱਟਿਆ ਟਰਾਲੀ ਦਾ ਐਕਸਲ, ਡੇਢ ਘੰਟਾ ਰੋਕੀਆਂ ਰੇਲਾਂ

**ਕੌਮੀ ਪਤ੍ਰਿਕਾ**

ਜਲੰਧਰ 2 ਜਨਵਰੀ। ਮੋਗਾ ਤੋਂ ਆ ਰਹੀ ਇੱਟਾਂ ਨਾਲ ਭਰੀ ਇਕ ਟਰਾਲੀ ਟਾਂਡਾ ਫਾਟਕ 'ਤੇ ਹਾਦਸਾਗ੍ਰਸਤ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਪਠਾਨਕੋਟ ਜਾਂਦੇ ਸਮੇਂ ਟਰਾਲੀ ਦਾ ਐਕਸਲ ਟੁੱਟ ਗਿਆ। ਇਹ ਘਟਨਾ ਸਵੇਰੇ 8 ਵਜੇ ਟਾਂਡਾ ਫਾਟਕ 'ਤੇ ਵਾਪਰੀ। 50 ਤੋਂ ਵੱਧ ਟਰੇਨਾਂ ਦੀ ਆਵਾਜਾਈ ਠੱਪ ਰਹੀ। ਇਸ ਦੌਰਾਨ ਮਜ਼ਦੂਰਾਂ ਨੇ ਟਰਾਲੀ ਤੋਂ ਇੱਟਾਂ ਉਤਾਰਨੀਆਂ ਸ਼ੁਰੂ ਕਰ ਦਿੱਤੀਆਂ। ਹਾਲਾਂਕਿ ਸਮੇਂ ਦੇ ਚੱਕਰ ਵਿਚ ਟਰਾਲੀ ਚਾਲਕ ਨੇ ਕ੍ਰੇਨ ਦੀ ਮਦਦ ਨਾਲ ਟਰਾਲੀ ਨੂੰ ਫਾਟਕ ਦੇ ਵਿਚੋਂ ਸਾਈਡ 'ਤੇ ਕਰਵਾਇਆ ਅਤੇ ਫਿਰ ਰੇਲਵੇ ਲਾਈਨ ਨੂੰ ਚਾਲੂ ਕਰਵਾਇਆ ਗਿਆ। ਟਰਾਲੀ ਡਰਾਈਵਰ ਨੇ ਦੱਸਿਆ ਕਿ ਉਹ ਮੋਗਾ ਤੋਂ ਜਲੰਧਰ ਦੇ ਪਠਾਨਕੋਟ ਚੌਕ ਜਾ



ਲੋਕਾਂ ਨੇ ਟਰਾਲੀ ਨੂੰ ਅੱਗੇ ਕਰਨ ਦੀ ਕੋਸ਼ਿਸ਼ ਕੀਤੀ ਪਰ ਭਾਰ ਜ਼ਿਆਦਾ ਹੋਣ ਕਾਰਨ ਟਰਾਲੀ ਅੱਗੇ ਨਹੀਂ ਹੋਈ। ਇਸ ਦੀ ਸੂਚਨਾ ਗੇਟਮੈਨ ਨੇ ਸੀਨੀਅਰ ਰੇਲਵੇ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ। ਕਰੀਬ ਡੇਢ ਘੰਟਾ ਟਰਾਲੀ ਦੇ ਰੇਲਵੇ ਲਾਈਨ ਵਿਚਕਾਰ ਖੜ੍ਹੀ ਹੋਣ ਕਾਰਨ ਰੇਲਵੇ ਲਾਈਨ ਨੂੰ ਬੰਦ ਕਰਨਾ ਪਿਆ। ਉਸ ਡੇਢ ਘੰਟੇ ਦੌਰਾਨ ਫਾਟਕ ਬੰਦ ਕਰ ਦਿੱਤਾ ਗਿਆ ਅਤੇ ਰਿਹਾ ਸੀ। ਜਦੋਂ ਉਹ ਟਾਂਡਾ ਫਾਟਕ ਕੋਲ ਪਹੁੰਚਿਆ ਤਾਂ ਟਰਾਲੀ ਦਾ ਐਕਸਲ ਰੇਲਵੇ ਟਰੈਕ 'ਤੇ ਟੁੱਟ ਗਿਆ। ਗਨੀਮਤ ਇਹ ਰਹੀ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਉਸ ਨੇ ਟਰਾਲੀ ਦੇ ਮਾਲਕਾਂ ਨੂੰ ਟਰਾਲੀ ਦੇ ਟੁੱਟਣ ਦੀ ਜਾਣਕਾਰੀ ਦਿੱਤੀ। ਸੂਚਨਾ ਮਿਲਣ 'ਤੇ ਆਰ. ਪੀ. ਐੱਫ਼. ਪੁਲਸ ਟੀਮ, ਰੇਲਵੇ ਟੀਮਾਂ ਦੇ ਨਾਲ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ।

## ਮੈਡੀਕਲ ਸਟੋਰ 'ਚ ਵੱਡੀ ਚੋਰੀ: ਸ਼ਟਰ ਤੋੜ ਲੱਖਾਂ ਦੀ ਨਕਦੀ ਲੈ ਉੱਡੇ ਚੋਰ, ਵਪਾਰੀਆਂ 'ਚ ਦਹਿਸ਼ਤ

ਲੁਧਿਆਣਾ 2 ਜਨਵਰੀ। ਕੋਤਵਾਲੀ ਥਾਣੇ ਦੇ ਅਧਿਕਾਰ ਖੇਤਰ ਵਿੱਚ ਲੱਕੜ ਬਾਜ਼ਾਰ ਚੌਕ ਨੇੜੇ ਇੱਕ ਮੈਡੀਕਲ ਸਟੋਰ ਦਾ ਸ਼ਟਰ ਤੋੜ ਕੇ ਅਣਪਛਾਤੇ ਚੋਰਾਂ ਨੇ ਲੱਖਾਂ ਰੁਪਏ ਚੋਰੀ ਕਰ ਲਏ। ਸੂਚਨਾ ਮਿਲਣ 'ਤੇ ਸਥਾਨਕ ਪੁਲਸ ਮੌਕੇ 'ਤੇ ਪਹੁੰਚੀ। ਚੋਰੀ ਤੋਂ ਬਾਅਦ ਵਪਾਰੀਆਂ ਵਿੱਚ ਭਾਰੀ ਦਹਿਸ਼ਤ ਪਾਈ ਜਾ ਰਹੀ ਹੈ। ਸੋਮਵਾਰ ਸਵੇਰੇ 4:30 ਵਜੇ ਦੇ ਕਰੀਬ, ਦੋ ਬਾਈਕ 'ਤੇ ਸਵਾਰ ਤਿੰਨ ਚੋਰਾਂ ਨੇ ਨਿਊ ਟੱਕਰ ਮੈਡੀਕਲ ਸਟੋਰ ਦਾ ਸ਼ਟਰ ਸੱਬਲ ਨਾਲ ਤੋੜਿਆ ਅਤੇ ਗੱਲੇ ਵਿੱਚੋਂ ਡੇਢ ਲੱਖ ਰੁਪਏ ਚੋਰੀ ਕਰ ਲਏ ਅਤੇ ਭੱਜ ਗਏ। ਮੈਡੀਕਲ ਸਟੋਰ ਦੇ ਮਾਲਕ ਨੇ ਦੱਸਿਆ ਕਿ ਆਕਾਸ਼ ਬੇਕਰੀ ਦੇ ਮਾਲਕ ਨੇ ਸੋਮਵਾਰ ਸਵੇਰੇ 5:30 ਵਜੇ ਦੇ ਕਰੀਬ ਉਸਨੂੰ ਘਟਨਾ ਦੀ ਜਾਣਕਾਰੀ ਦਿੱਤੀ, ਜਿਸ ਤੋਂ ਬਾਅਦ ਉਹ ਤੁਰੰਤ ਮੌਕੇ 'ਤੇ ਪਹੁੰਚਿਆ। ਉਸ ਦੇ ਮੈਡੀਕਲ ਸਟੋਰ ਦਾ ਸ਼ਟਰ ਟੁੱਟਿਆ ਹੋਇਆ ਸੀ। ਸੈਂਟਰ ਅਤੇ ਸਾਈਡ ਦੇ ਤਾਲੇ ਠੀਕ ਸਨ, ਪਰ ਸ਼ਟਰ ਨੂੰ ਹੇਠਾਂ ਤੋਂ ਸੱਬਲ ਨਾਲ ਤੋੜਿਆ ਗਿਆ ਸੀ। ਮਾਲਕ ਦੇ ਅਨੁਸਾਰ, ਦੁਕਾਨ ਤੋਂ ਕੋਈ ਦਵਾਈ ਜਾਂ ਹੋਰ ਸਾਮਾਨ ਨਹੀਂ ਲਿਜਾਇਆ ਗਿਆ। ਹਾਲਾਂਕਿ, ਗੱਲੇ ਵਿੱਚ ਰੱਖੇ 1.5 ਲੱਖ ਰੁਪਏ ਚੋਰੀ ਹੋ ਗਏ। ਚੋਰ ਕਾਊਂਟਰ 'ਤੇ ਰੱਖੇ ਸਿੱਕੇ ਵੀ ਲੈ ਗਏ। ਦੁਕਾਨਦਾਰ ਨੇ ਸ਼ੱਕ ਜਤਾਇਆ ਹੈ ਕਿ ਚੋਰੀ ਵਿੱਚ ਕੋਈ ਅੰਦਰਲਾ ਵਿਅਕਤੀ ਸ਼ਾਮਲ ਹੋ ਸਕਦਾ ਹੈ। ਚੋਰ ਇੱਕ ਟਾਰਚ ਪਿੱਛੇ ਛੱਡ ਗਏ, ਜਿਸਨੂੰ ਉਹ ਪਛਾਣਦਾ ਹੈ। ਉਸਨੇ ਇਸਨੂੰ ਪੁਲਸ ਦੇ ਹਵਾਲੇ ਕਰ ਦਿੱਤਾ ਹੈ। ਕੋਤਵਾਲੀ ਪੁਲਸ ਸਟੇਸ਼ਨ ਦੇ ਇੰਚਾਰਜ ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਤਿੰਨ ਚੋਰਾਂ ਨੇ ਇਹ ਵਾਰਦਾਤ ਕੀਤੀ ਹੈ। ਪੁਲਸ ਸੀ.ਸੀ.ਟੀ.ਵੀ. ਫੁਟੇਜ ਦੀ ਜਾਂਚ ਕਰ ਰਹੀ ਹੈ। ਮੈਡੀਕਲ ਸਟੋਰ ਮਾਲਕ ਦੇ ਬਿਆਨ ਦੇ ਆਧਾਰ 'ਤੇ ਪੁਲਸ ਨੇ ਅਣਪਛਾਤੇ ਚੋਰਾਂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਚੋਰਾਂ ਨੂੰ ਜਲਦੀ ਹੀ ਫੜ ਲਿਆ ਜਾਵੇਗਾ।

## ਖੜ੍ਹੇ ਟਰੱਕ 'ਚ ਵੱਜੀ ਤੇਜ਼ ਰਫ਼ਤਾਰ ਕਾਰ ! 2 ਔਰਤਾਂ ਸਮੇਤ 3 ਜਣਿਆਂ ਦੀ ਮੌਤ, ਪੈ ਗਿਆ ਚੀਕ-ਚਿਹਾੜਾ

ਨੈਸ਼ਨਲ ਡੈਸਕ 2 ਜਨਵਰੀ। ਹਿਮਾਚਲ ਪ੍ਰਦੇਸ਼ ਦੇ ਕੁੱਲੂ ਜ਼ਿਲ੍ਹੇ ਵਿੱਚ ਨਵੇਂ ਸਾਲ ਦੀ ਪੂਰਵ ਸੰਧਿਆ 'ਤੇ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ ਹੈ, ਜਿਸ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਹੋਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਅਧਿਕਾਰੀਆਂ ਅਨੁਸਾਰ ਤਿੰਨ ਔਰਤਾਂ ਸਮੇਤ ਚਾਰ ਦੋਸਤ ਨਵੇਂ ਸਾਲ ਦੀ ਪੂਰਵ ਸੰਧਿਆ ਅਤੇ ਸਥਾਨਕ ਟੈਟੂ ਕਲਾਕਾਰ ਸਤਪਾਲ ਦਾ ਜਨਮਦਿਨ ਮਨਾਉਣ ਲਈ ਕਸੋਲ ਆਏ ਹੋਏ ਸਨ। ਇਹ ਹਾਦਸਾ ਵੀਰਵਾਰ ਤੜਕੇ ਕਰੀਬ 3 ਵਜੇ ਉਸ ਸਮੇਂ ਵਾਪਰਿਆ ਜਦੋਂ ਇਹ ਦੋਸਤ ਵਾਪਸ ਕੁੱਲੂ ਪਰਤ ਰਹੇ ਸਨ। ਉਨ੍ਹਾਂ ਦੀ ਤੇਜ਼ ਰਫ਼ਤਾਰ ਗੱਡੀ ਸੜਕ ਕਿਨਾਰੇ ਬਣੇ ਇੱਕ ਚਬੂਤਰੇ ਨਾਲ ਟਕਰਾਉਣ ਤੋਂ ਬਾਅਦ ਉੱਥੇ ਖੜ੍ਹੇ ਇੱਕ ਟਰੱਕ ਨਾਲ ਜਾ ਵੱਜੀ। ਟੱਕਰ ਇੰਨੀ ਭਿਆਨਕ ਸੀ ਕਿ ਵਾਹਨ ਪੂਰੀ ਤਰ੍ਹਾਂ ਕੁਚਲਿਆ ਗਿਆ, ਜਿਸ ਕਾਰਨ ਸਤਪਾਲ ਸਮੇਤ ਤਿੰਨ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਅਧਿਕਾਰੀਆਂ ਅਨੁਸਾਰ ਹਾਦਸੇ ਵਿੱਚ ਜ਼ਖਮੀ ਹੋਈ ਔਰਤ ਨੂੰ ਇਲਾਜ ਲਈ ਮੰਡੀ ਸਥਿਤ ਨੇਰਚੌਕ ਮੈਡੀਕਲ ਕਾਲਜ ਵਿੱਚ ਭਰਤੀ ਕਰਵਾਇਆ ਗਿਆ ਹੈ। ਪੁਲਸ ਅਨੁਸਾਰ ਮ੍ਰਿਤਕਾਂ ਵਿੱਚ ਸ਼ਾਮਲ ਦੋ ਔਰਤਾਂ ਦੀ ਪਛਾਣ ਅਜੇ ਤੱਕ ਨਹੀਂ ਹੋ ਸਕੀ ਹੈ। ਪੁਲਸ ਨੇ ਇਸ ਸਬੰਧੀ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਪੋਸਟਮਾਰਟਮ ਤੋਂ ਬਾਅਦ ਲਾਸ਼ਾਂ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀਆਂ ਜਾਣਗੀਆਂ।

## ਫਿਰੋਜਪੁਰ-ਫ਼ਾਜ਼ਿਲਕਾ ਰੋਡ 'ਤੇ ਦੇਰ ਰਾਤ ਪਲਟੀ ਪੰਜਾਬ ਰੋਡਵੇਜ਼ ਦੀ ਬਸ

ਗੁਰੂਹਰਸਹਾਏ 2 ਜਨਵਰੀ। ਫ਼?ਰੋਜ਼ਪੁਰ-ਫ਼ਾਜ਼ਿਲਕਾ ਜੀਟੀ ਰੋਡ 'ਤੇ ਫਾਜ਼ਿਲਕਾ ਤੋਂ ਫਿਰੋਜ਼ਪੁਰ ਜਾ ਰਹੀ ਬਸ ਪਿੰਡ ਪਿੰਡੀ ਕੋਲ ਬੇਸਹਾਰਾ ਪਸ਼ੂ ਆਉਣ ਕਾਰਣ ਖੇਤਾਂ ਵਿਚ ਪਲਟ ਗਈ। ਗਨੀਮਤ ਇਹ ਰਹੀ ਕਿ ਹਾਦਸੇ ਵਿਚ ਜਾਨੀ ਨੁਕਸਾਨ ਨਹੀਂ ਹੋਇਆ। ਜਾਣਕਾਰੀ ਅਨੁਸਾਰ ਬੁੱਧਵਾਰ ਦੇਰ ਰਾਤ ਨੂੰ ਜਦੋਂ ਫਾਜ਼ਿਲਕਾ ਤੋਂ ਫਿਰੋਜ਼ਪੁਰ ਵੱਲ ਨੂੰ ਜਾ ਰਹੀ ਪੰਜਾਬ ਰੋਡਵੇਜ਼ ਦੀ ਬੱਸ ਜਦ ਪਿੰਡ ਪਿੰਡੀ ਕੋਲ ਪਹੁੰਚੀ ਤਾਂ ਸੜਕ 'ਤੇ ਬੇਸਹਾਰਾ ਪਸ਼ੂ ਆ ਗਿਆ। ਬਸ ਚਾਲਕ ਨੇ ਉਸ ਨੂੰ ਬਚਾਉਂਦੇ ਹੋਏ ਆਪਣਾ ਕੰਟਰੋਲ ਖੋ ਦਿੱਤਾ ਜਿਸ ਕਾਰਨ ਬਸ ਪਲਟ ਗਈ। ਬੱਸ ਵਿਚ 15 ਦੇ ਕਰੀਬ ਯਾਤਰੀ ਸਵਾਰ ਸਨ, ਜਿਨ੍ਹਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਹਾਦਸੇ ਦੀ ਖਬਰ ਮਿਲਦੇ ਹੀ ਸੜਕ ਸੁਰੱਖਿਆ ਫੋਰਸ ਦੇ ਮੁਲਾਜ਼ਮ ਮੌਕੇ 'ਤੇ ਪਹੁੰਚੇ ਅਤੇ ਜ਼ਖਮੀਆਂ ਨੂੰ ਸੰਭਾਲਿਆ ਅਤੇ ਫਸਟ ਏਡ ਦਿੱਤੀ।

## ਸਾਹਿਬਜ਼ਾਦਿਆਂ ਨੂੰ ਵੀਰ ਬਾਲ ਨਹੀਂ ਕਹਿੰਦੀ ਭਾਜਪਾ ਸਰਕਾਰ : ਪਰਮਪਾਲ ਸਿੱਧੂ

ਮਾਨਸਾ 2 ਜਨਵਰੀ। ਲੋਕ ਸਭਾ ਹਲਕਾ ਬਠਿੰਡਾ ਤੋਂ ਭਾਜਪਾ ਦੇ ਇੰਚਾਰਜ ਪਰਮਪਾਲ ਕੌਰ ਸਿੱਧੂ (ਰਿਟਾ: ਆਈ.ਏ.ਐੱਸ) ਨੇ ਵੀਰ ਬਾਲ ਦਿਵਸ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਇਹ ਦਿਨ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਹੈ। ਇਸ ਵਿਚ ਸਾਹਿਬਜ਼ਾਦਿਆਂ ਨੂੰ ਵੀਰ ਬਾਲ ਨਹੀਂ ਕਿਹਾ ਗਿਆ। ਜਿਵੇਂ ਜਵਾਹਰ ਲਾਲ ਨਹਿਰੂ ਤੇ ਬਾਲ ਦਿਵਸ ਮਨਾਇਆ ਜਾਂਦਾ ਹੈ। ਉਸ ਵਿਚ ਜਵਾਹਰ ਲਾਲ ਨਹਿਰੂ ਨੂੰ ਬਾਲ ਨਹੀਂ ਕਿਹਾ ਗਿਆ। ਉਨ੍ਹਾਂ ਕਿਹਾ ਕਿ ਜਿਹੜੇ ਬੱਚੇ ਵੱਖ-ਵੱਖ ਖੇਤਰਾਂ ਵਿਚ ਮੱਲਾਂ



ਮਾਰਦੇ ਹਨ, ਉਨ੍ਹਾਂ ਨੂੰ ਵੀਰ ਬਾਲ ਕਿਹਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਅੱਗੇ ਸਾਡਾ ਸਿਰ ਝੁਕਦਾ ਹੈ। ਜਿਨ੍ਹਾਂ ਦੇ ਕੋਈ ਨਾਮ ਵਰਗਾ ਵੀ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਹੋ ਸਕਦਾ ਕੇਂਦਰ ਸਰਕਾਰ ਵੀਰ ਬਾਲ ਦਿਵਸ ਨੂੰ ਬਦਲਣ ਨੂੰ ਲੈ ਕੇ ਵਿਚਾਰ ਕਰ ਰਹੀ ਹੋਵੇ ਪਰ ਇਸ ਵਿਚ ਸਾਹਿਬਜ਼ਾਦਿਆਂ ਨੂੰ ਵੀਰ ਬਾਲ ਨਹੀਂ ਕਿਹਾ ਗਿਆ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਕੇਂਦਰ ਸਰਕਾਰ ਅਤੇ ਭਾਜਪਾ ਨੂੰ ਭੰਡਣ ਲਈ ਇਹ ਪ੍ਰਚਾਰ ਕਰ ਰਹੀਆਂ ਹਨ। ਜਦਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਅੱਗੇ ਸਿਰ ਝੁਕਦਾ ਹੈ। ਉਨ੍ਹਾਂ ਨੂੰ ਵੀਰ ਬਾਲ ਨਾਮ ਨਹੀਂ ਦਿੱਤਾ ਹੈ। ਵੀਰ ਬਾਲ ਵੱਖ-ਵੱਖ ਖੇਤਰਾਂ ਵਿੱਚ ਮੱਲ੍ਹਾਂ ਮਾਰਨ ਵਾਲੇ ਪ੍ਰਤਿਭਾਵਾਨ ਬੱਚਿਆਂ ਨੂੰ ਕਿਹਾ ਗਿਆ ਹੈ।

## ਵਿਦਿਆਰਥਣਾਂ 'ਚ ਕਾਰ ਮਾਰ ਕੇ ਜ਼ਖਮੀ ਕਰਨ ਵਾਲੇ ਖ਼ਿਲਾਫ਼ ਕੇਸ ਦਰਜ

ਫਾਜ਼ਿਲਕਾ 2 ਜਨਵਰੀ। ਇਥੋਂ ਦੇ ਇਕ ਨਿੱਜੀ ਕਾਲਜ 'ਚ ਪਿਛਲੇ ਦਿਨੀਂ ਪੇਪਰ ਦੇਣ ਜਾ ਰਹੀਆਂ ਵਿਦਿਆਰਥਣਾਂ 'ਚ ਕਾਰ ਮਾਰ ਕੇ ਜ਼ਖਮੀ ਕਰਨ ਵਾਲੇ ਕਾਰ ਚਾਲਕ ਖ਼?ਲਾਫ਼ ਕੇਸ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਨਵਦੀਪ ਕੌਰ ਵਾਸੀ ਪਿੰਡ ਹੌਜ ਖਾਸ ਨੇ ਦੱਸਿਆ ਕਿ ਉਹ ਹੋਰ ਵਿਦਿਆਰਥਣਾਂ ਨਾਲ ਪੇਪਰ ਦੇਣ ਲਈ ਕਾਲਜ ਜਾ ਰਹੀਆਂ ਸਨ। ਇਸ ਦੌਰਾਨ ਪਿੰਡ ਚੁਵਾੜਿਆਂ ਵਾਲੀ ਕੋਲ ਅਮਿੰਦਰ ਕੁਮਾਰ ਵਾਸੀ ਢਾਣੀ ਖਰਾਸ ਨੇ ਤੇਜ਼ ਰਫ਼ਤਾਰ ਨਾਲ ਕਾਰ ਲਿਆ ਕੇ ਉਨ੍ਹਾਂ 'ਚ ਮਾਰੀ। ਇਸ ਕਾਰਨ ਉਹ ਜ਼ਖਮੀ ਹੋ ਗਈਆਂ। ਪੁਲਸ ਨੇ ਉਕਤ ਵਿਅਕਤੀ ਖ਼?ਲਾਫ਼ ਕੇਸ ਦਰਜ ਕਰ ਲਿਆ।

## ਨਵੇਂ ਸਾਲ ਦਾ ਪਹਿਲਾ ਦਿਨ ਰਿਹਾ ਠੰਡਾ, ਲੋਕ ਰਹੇ ਘਰਾਂ 'ਚ ਕੈਦ

ਬਠਿੰਡਾ 2 ਜਨਵਰੀ। ਨਵੇਂ ਸਾਲ ਦਾ ਪਹਿਲਾ ਦਿਨ ਕਾਫੀ ਠੰਡਾ ਰਿਹਾ। ਧੁੱਪ ਨਾ ਨਿਕਲਣ ਕਾਰਨ ਠੰਡ ਬਣੀ ਰਹੀ, ਜਿਸ ਕਾਰਨ ਲੋਕ ਘਰਾਂ ਦੇ ਅੰਦਰ ਹੀ ਰਹੇ। ਦਿਨ ਭਰ ਧੁੰਦ ਦੀ ਚਾਦਰ ਛਾਈ ਰਹੀ, ਜਿਸ ਕਾਰਨ ਲੋਕ ਅੱਗ ਸੇਕ ਕੇ ਆਪਣੇ ਆਪ ਨੂੰ ਗਰਮ ਕਰਦੇ ਦਿਖਾਈ ਦਿੱਤੇ। ਸੰਘਣੀ ਧੁੰਦ ਕਾਰਨ ਦਿਨ ਵੇਲੇ ਤਰੇਲ ਦੀਆਂ ਬੂੰਦਾਂ ਡਿੱਗਦੀਆਂ ਰਹੀਆਂ, ਜਿਸ ਨਾਲ ਮੀਂਹ ਵਰਗਾ ਮਾਹੌਲ ਬਣਿਆ। ਹਾਲਾਂਕਿ ਘੱਟੋ-ਘੱਟ ਤਾਪਮਾਨ 9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਪਰ ਠੰਡ ਬਰਕਰਾਰ ਰਹੀ। ਸਾਲ ਦਾ ਪਹਿਲਾ ਦਿਨ ਹੋਣ ਆਪਣੇ ਆਪ ਨੂੰ ਗਰਮ ਕਰਦੇ ਦਿਖਾਈ ਦਿੱਤੇ। ਸੰਘਣੀ ਧੁੰਦ ਕਾਰਨ ਦਿਨ ਵੇਲੇ ਤਰੇਲ ਦੀਆਂ ਬੂੰਦਾਂ ਡਿੱਗਦੀਆਂ ਰਹੀਆਂ, ਜਿਸ ਨਾਲ ਮੀਂਹ ਵਰਗਾਕਾਰਨ ਜ਼ਿਆਦਾਤਰ ਲੋਕ ਧਾਰਮਿਕ ਗਤੀਵਿਧੀਆਂ 'ਚ ਰੁੱਝੇ ਹੋਏ ਸਨ, ਜਿਸ ਕਾਰਨ ਬਜ਼ਾਰਾਂ 'ਚ ਗਤੀਵਿਧੀਆਂ ਘੱਟ ਰਹੀਆਂ। ਜ਼ਿਲ੍ਹੇ ਦੇ ਕੁੱਝ ਇਲਾਕਿਆਂ 'ਚ ਹਲਕੀ ਬਾਰਸ਼ ਵੀ ਹੋਈ, ਜਿਸ ਨਾਲ ਠੰਡਾ ਮੌਸਮ ਬਰਕਰਾਰ ਰਿਹਾ। ਮੌਸਮ ਵਿਭਾਗ ਦੇ ਅਨੁਸਾਰ ਠੰਡ ਦਾ ਮੌਸਮ ਜਾਰੀ ਰਹੇਗਾ, ਕੁੱਝ ਇਲਾਕਿਆਂ 'ਚ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਹੈ।

# ਪੰਜਾਬ ਚ ਇਸ ਜ਼ਿਲ੍ਹੇ ਦੀ ਨਵੇਂ ਸਿਰਿਓਂ ਹੋ ਗਈ ਵਾਰਡਬੰਦੀ, ਸਰਕਾਰ ਨੇ ਜਾਰੀ ਕੀਤਾ ਨੋਟੀਫਿਕੇਸ਼ਨ

**ਕੌਮੀ ਪਤ੍ਰਿਕਾ**

ਬਠਿੰਡਾ 2 ਜਨਵਰੀ। ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਵਿਭਾਗ ਨੇ ਬਠਿੰਡਾ ਨਗਰ-ਨਿਗਮ ਲਈ ਨਵੀਂ ਵਾਰਡ ਹੱਦਬੰਦੀ ਸਬੰਧੀ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਇਹ ਨੋਟੀਫਿਕੇਸ਼ਨ ਪੰਜਾਬ ਸਰਕਾਰ ਦੇ ਅਸਧਾਰਨ ਗਜ਼ਟ ਵਿਚ ਪ੍ਰਕਾਸ਼ਿਤ ਕੀਤਾ ਜਾਵੇਗਾ। ਨਵੀਂ ਪ੍ਰਣਾਲੀ ਦੇ ਤਹਿਤ ਬਠਿੰਡਾ ਨਗਰ ਨਿਗਮ ਨੂੰ ਕੁੱਲ 50 ਵਾਰਡਾਂ ਵਿਚ ਵੰਡਿਆ ਗਿਆ ਹੈ, ਜਿਨ੍ਹਾਂ ਵਿਚੋਂ 33 ਵਾਰਡ ਵੱਖ-ਵੱਖ ਰਾਖਵੇਂ ਵਰਗਾਂ ਲਈ ਨਿਰਧਾਰਤ ਕੀਤੇ ਗਏ ਹਨ। ਨਵੀਂ ਵਾਰਡਬੰਦੀ ਅਨੁਸਾਰ ਔਰਤਾਂ, ਅਨੁਸੂਚਿਤ ਜਾਤੀਆਂ (ਐੱਸ. ਸੀ.) ਅਤੇ ਪੱਛੜੀਆਂ ਸ਼੍ਰੇਣੀਆਂ (ਓ. ਬੀ. ਸੀ.) ਨੂੰ ਵਿਆਪਕ ਪ੍ਰਤੀਨਿਧਤਾ ਪ੍ਰਦਾਨ ਕਰਦੀ ਹੈ। ਇਸਨੂੰ ਸਮਾਜਿਕ ਨਿਆਂ ਵੱਲ ਇਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ। ਵਾਰਡਬੰਦੀ ਅਨੁਸਾਰ ਵਾਰਡਾਂ ਦੀਆਂ ਸੀਮਾਵਾਂ ਨਿਰਧਾਰਤ ਕਰਨ ਲਈ ਸਰਹਿੰਦ ਨਹਿਰ, ਰਿੰਗ ਰੋਡ, ਬਰਨਾਲਾ ਬਾਈਪਾਸ, ਡੱਬਵਾਲੀ ਰੋਡ, ਮਾਨਸਾ ਰੋਡ ਅਤੇ ਜੀ. ਟੀ.



ਰੋਡ ਵਰਗੀਆਂ ਪ੍ਰਮੁੱਖ ਸੜਕਾਂ ਨੂੰ ਆਧਾਰ ਵਜੋਂ ਵਰਤਿਆ ਗਿਆ ਹੈ। ਇਸ ਤੋਂ ਇਲਾਵਾ ਕਈ ਪੁਰਾਣੇ ਵਾਰਡਾਂ ਦੀਆਂ ਹੱਦਾਂ ਬਦਲ ਕੇ ਆਬਾਦੀ ਸੰਤੁਲਨ ਬਣਾਈ ਰੱਖਣ ਦੇ ਯਤਨ ਕੀਤੇ ਗਏ ਹਨ। ਭਵਿੱਖ ਦੀ ਆਬਾਦੀ ਅਤੇ ਵਿਕਾਸ ਦੇ ਮੱਦੇਨਜ਼ਰ ਪ੍ਰਸ਼ਾਸਕੀ ਸੰਤੁਲਨ ਬਣਾਈ ਰੱਖਣ ਲਈ ਨਵੀਆਂ ਵਿਕਸਤ ਕਾਲੋਨੀਆਂ ਅਤੇ ਫੈਲ ਰਹੇ ਖੇਤਰਾਂ ਨੂੰ ਵੱਖਰੇ ਵਾਰਡਾਂ ਵਿਚ ਸ਼ਾਮਲ ਕੀਤਾ ਗਿਆ ਹੈ। ਨਵੀਂ ਵਾਰਡ ਬੰਦੀ ਜਾਰੀ ਹੋਣ ਦੇ ਨਾਲ ਮਹਾਨਗਰ 'ਚ ਰਾਜਨੀਤਿਕ ਸਰਗਰਮੀਆਂ ਤੇਜ਼ੀ ਨਾਲ ਸਰਗਰਮ ਹੋ ਗਈਆਂ ਹਨ। ਰਾਜਨੀਤਿਕ ਪਾਰਟੀਆਂ ਅਤੇ ਸੰਭਾਵੀ ਉਮੀਦਵਾਰਾਂ ਨੇ ਵਾਰਡ ਢਾਂਚੇ ਅਤੇ ਰਿਜ਼ਰਵੇਸ਼ਨ ਪ੍ਰਣਾਲੀ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ ਹੈ। ਸੂਤਰਾਂ ਅਨੁਸਾਰ ਵਾਰਡ ਤਬਦੀਲੀਆਂ ਸਬੰਧੀ ਕੁਝ ਖੇਤਰਾਂ ਵਿਚ ਇਤਰਾਜ਼ ਉੱਠ ਸਕਦੇ ਹਨ ਅਤੇ ਸਰਕਾਰ ਕੋਲ ਲਿਖਤੀ ਇਤਰਾਜ਼ ਦਾਇਰ ਕੀਤੇ ਜਾਣ ਦੀ ਸੰਭਾਵਨਾ ਹੈ। ਨਵੀਂ ਵਾਰਡਬੰਦੀ ਨੂੰ ਆਉਣ ਵਾਲੀਆਂ ਨਗਰ ਨਿਗਮ ਚੋਣਾਂ ਦੀ ਤਿਆਰੀ ਵੱਲ ਇਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ। ਇਹ ਨਾ ਸਿਰਫ ਚੋਣ ਪ੍ਰਕਿਰਿਆ ਨੂੰ ਸਪੱਸ਼ਟਤਾ ਪ੍ਰਦਾਨ ਕਰੇਗਾ ਬਲਕਿ ਔਰਤਾਂ ਅਤੇ ਹਾਸ਼ੀਏ 'ਤੇ ਧੱਕੇ ਗਏ ਸਮੂਹਾਂ ਦੀ ਭਾਗੀਦਾਰੀ ਨੂੰ ਵੀ ਮਜ਼ਬੂਤ ਕਰੇਗਾ। ਇਹ ਵਾਰਡ ਸੀਮਾਕਰਨ ਪੰਜਾਬ ਨਗਰ ਨਿਗਮ ਐਕਟ, 1975 ਦੀ ਧਾਰਾ 8(2) ਅਤੇ ਵਾਰਡਾਂ ਦੀ ਹੱਦਬੰਦੀ ਆਰਡਰ, 1995 ਦੇ ਤਹਿਤ ਕੀਤਾ ਗਿਆ ਹੈ, ਜਿਸਨੂੰ ਪੰਜਾਬ ਦੇ ਰਾਜਪਾਲ ਦੀ ਪ੍ਰਵਾਨਗੀ ਪ੍ਰਾਪਤ ਹੈ।

## ਅੰਮ੍ਰਿਤਸਰ ਟੈਂਡਰ ਘੁਟਾਲਾ ਮਾਮਲੇ 'ਚ ਪੰਜਾਬ ਸਰਕਾਰ ਦੀ ਵੱਡੀ ਕਾਰਵਾਈ

ਲੁਧਿਆਣਾ/ਅੰਮ੍ਰਿਤਸਰ, 1 ਜਨਵਰੀ। ਅੰਮ੍ਰਿਤਸਰ ਦੇ ਬਹੁ-ਕਰੋੜੀ ਟੈਂਡਰ ਘੁਟਾਲੇ ਵਿੱਚ ਪੰਜਾਬ ਸਰਕਾਰ ਨੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਵੱਡੀ ਕਾਰਵਾਈ ਕੀਤੀ ਹੈ। ਸਰਕਾਰ ਨੇ ਐੱਸ.ਐੱਸ.ਪੀ. ਵਿਜੀਲੈਂਸ ਤੋਂ ਬਾਅਦ ਹੁਣ ਇੰਪਰੂਵਮੈਂਟ ਟਰੱਸਟ ਦੇ 7 ਇੰਜੀਨੀਅਰਾਂ ਨੂੰ ਵੀ ਸਸਪੈਂਡ ਕਰ ਦਿੱਤਾ ਹੈ। ਇਹ ਮਾਮਲਾ ਪਿਛਲੇ ਦਿਨੀਂ ਐੱਸ.ਐੱਸ.ਪੀ. ਵਿਜੀਲੈਂਸ ਲਖਬੀਰ ਸਿੰਘ ਦੀ ਛੁੱਟੀ ਹੋਣ ਤੋਂ ਬਾਅਦ ਲਗਾਤਾਰ ਚਰਚਾ ਵਿੱਚ ਬਣਿਆ ਹੋਇਆ ਸੀ। ਸੂਤਰਾਂ ਅਨੁਸਾਰ, ਇਹ ਸਾਰਾ ਵਿਵਾਦ ਲਗਭਗ 50 ਕਰੋੜ ਰੁਪਏ ਦੀ ਲਾਗਤ ਵਾਲੇ ਟੈਂਡਰਾਂ ਦੀ ਅਲਾਟਮੈਂਟ ਨਾਲ ਜੁੜਿਆ ਹੋਇਆ ਹੈ। ਮਾਮਲੇ ਦੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਵਰਕ ਆਰਡਰ ਜਾਰੀ ਕਰਨ ਦੀ ਪ੍ਰਕਿਰਿਆ ਵਿੱਚ ਨਿਯਮਾਂ ਨੂੰ ਛਿੱਕੇ ਟੰਗ ਕੇ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਕੀਤਾ ਗਿਆ ਹੈ। ਇਸ ਭ੍ਰਿਸ਼ਟਾਚਾਰ ਕਾਰਨ ਸਰਕਾਰੀ ਖ਼ਜ਼ਾਨੇ ਨੂੰ ਕਰੋੜਾਂ ਰੁਪਏ ਦਾ ਚੂਨਾ ਲੱਗਾ ਹੈ। ਇਸ ਘੁਟਾਲੇ ਦੀ ਗੰਭੀਰਤਾ ਨੂੰ ਦੇਖਦਿਆਂ ਸਰਕਾਰ ਨੇ ਹੁਣ ਅਗਲੇਰੀ ਕਾਰਵਾਈ ਤੇਜ਼ ਕਰ ਦਿੱਤੀ ਹੈ। ਮਿਲੀ ਜਾਣਕਾਰੀ ਮੁਤਾਬਕ, ਸਸਪੈਂਡ ਕੀਤੇ ਗਏ ਦੋਸ਼ੀ ਅਫਸਰਾਂ ਖਿਲਾਫ ਜਲਦੀ ਹੀ ਵਿਜੀਲੈਂਸ ਕੇਸ ਦਰਜ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਸਰਕਾਰ ਦੀ ਇਸ ਕਾਰਵਾਈ ਨਾਲ ਭ੍ਰਿਸ਼ਟ ਅਧਿਕਾਰੀਆਂ ਵਿੱਚ ਹੜਕੰਪ ਮਚਿਆ ਹੋਇਆ ਹੈ।

## ਪੰਜਾਬ ਭਾਜਪਾ ਦੇ ਵ.ਫਦ ਨੇ ਚੰਡੀਗੜ੍ਹ 'ਚ ਰਾਜਪਾਲ ਨਾਲ ਕੀਤੀ ਮੁਲਾਕਾਤ, ਸੌਂਪਿਆ ਮੰਗ ਪੱਤਰ

ਚੰਡੀਗੜ੍ਹ 2 ਜਨਵਰੀ। ਪੰਜਾਬ ਭਾਜਪਾ ਦੇ ਇੱਕ ਵ.ਫਦ ਵੱਲੋਂ ਚੰਡੀਗੜ੍ਹ 'ਚ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਉਨ੍ਹਾਂ ਸਰਕਾਰ ਵਲੋਂ ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਦੇ ਮੱਦੇਨਜ਼ਰ ਕੀਤੀ ਗਈ ਹਦਬੰਦੀ ਨੂੰ ਲੈ ਕੇ ਰਾਜਪਾਲ ਨੂੰ ਇਕ ਮੰਗ ਪੱਤਰ ਸੌਂਪਿਆ। ਮੀਟਿੰਗ ਦੌਰਾਨ ਸੂਬੇ ਵਿਚ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਵਿਚਾਰ-ਵਟਾਂਦਰਾ ਵੀ ਕੀਤਾ ਗਿਆ। ਭਾਜਪਾ ਨੇ ਦੋਸ਼ ਲਾਇਆ ਕਿ ਸੂਬਾ ਸਰਕਾਰ ਪੂਰੇ ਸੂਬੇ ਵਿੱਚ ਵਾਰਡਬੰਦੀ ਦਾ ਕੰਮ ਮਨਮਾਨੇ, ਜਲਦਬਾਜ਼ੀ ਅਤੇ ਗੈਰ-ਕਾਨੂੰਨੀ ਢੰਗ ਨਾਲ ਕਰ ਰਹੀ ਹੈ, ਜਿਸ ਕਾਰਨ ਆਮ ਲੋਕਾਂ ਵਿੱਚ ਭੰਬਲਭੂਸਾ, ਮੁਸੀਬਤ ਅਤੇ ਅਸੁਰੱਖਿਆ ਦਾ ਮਾਹੌਲ ਪੈਦਾ ਹੋ ਗਿਆ ਹੈ। ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ ਮਨੋਜਰੰਜਨ ਕਾਲੀਆ, ਵਿਨੀਤ ਜੋਸ਼ੀ, ਕੇਵਲ ਸਿੰਘ ਢਿੱਲੋਂ ਅਤੇ ਪਰਮਿੰਦਰ ਸਿੰਘ ਬਰਾੜ ਆਦਿ ਨੇ ਇਸ ਸਬੰਧ ਵਿੱਚ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ ਅਤੇ ਵਾਰਡਬੰਦੀ ਪ੍ਰਕਿਰਿਆ ਵਿੱਚ ਤੁਰੰਤ ਦਖਲ ਦੇਣ ਦੀ ਮੰਗ ਕੀਤੀ।

# ਖ਼ੁਦ ਹਨੇਰੇ 'ਚ ਰਹਿ ਕੇ ਦੂਜਿਆਂ ਨੂੰ ਰੌਸ਼ਨੀ ਦੇ ਰਿਹਾ 21 ਸਾਲਾ ਅਮਨ ! 800 ਤੋਂ ਵੱਧ ਨੌਜਵਾਨਾਂ ਨੂੰ ਕਰ ਚੁੱਕੈ 'ਟਰੇਨ'

**ਕੌਮੀ ਪਤ੍ਰਿਕਾ**

ਮੁਜ਼ੱਫਰਨਗਰ 2 ਜਨਵਰੀ। ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਤਾਵਲੀ 'ਚ ਜਨਮੇ 21 ਸਾਲਾ ਅਮਨ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜੇਕਰ ਇਰਾਦੇ ਮਜ਼ਬੂਤ ਹੋਣ ਤਾਂ ਸਰੀਰਕ ਅਸਮਰੱਥਾ ਕਦੇ ਵੀ ਰੁਕਾਵਟ ਨਹੀਂ ਬਣ ਸਕਦੀ। ਅੱਖਾਂ ਦੀ ਰੋਸ਼ਨੀ ਨਾ ਹੋਣ ਦੇ ਬਾਵਜੂਦ, ਅਮਨ ਨੇ ਆਪਣੀ ਮਿਹਨਤ ਨਾਲ ਨਾ ਸਿਰਫ਼ ਆਪਣੇ ਜੀਵਨ 'ਚ ਰੋਸ਼ਨੀ ਭਰੀ, ਸਗੋਂ ਹੁਣ ਉਹ 800 ਤੋਂ ਵੱਧ ਬੱਚਿਆਂ ਦੇ ਭਵਿੱਖ ਨੂੰ ਵੀ ਰੋਸ਼ਨ ਕਰ ਰਹੇ ਹਨ। ਅਮਨ ਨੇ ਨੌਜਵਾਨਾਂ ਨੂੰ ਆਤਮ-ਨਿਰਭਰ ਬਣਾਉਣ ਲਈ 'ਆਡੀਓ ਟੀਵੀ ਨੈੱਟਵਰਕ' ਨਾਮ ਦਾ ਇਕ ਪਲੇਟਫਾਰਮ ਤਿਆਰ ਕੀਤਾ ਹੈ। ਇਸ ਰਾਹੀਂ ਉਹ ਨੌਜਵਾਨਾਂ ਨੂੰ ਵੌਇਸ ਓਵਰ, ਆਰਟੀਫੀਸ਼ੀਅਲ ਇੰਟੈਲੀਜੈਂਸ (19), ਕੋਡਿੰਗ, ਬਿਜ਼ਨੈੱਸ ਅਤੇ ਫਾਈਨੈਂਸ਼ੀਅਲ ਐਡਵਾਈਜ਼ਰੀ ਵਰਗੇ ਆਧੁਨਿਕ ਕੋਰਸ ਬਿਲਕੁਲ ਮੁਫ਼ਤ ਕਰਵਾ ਰਹੇ ਹਨ। ਉਨ੍ਹਾਂ ਦੇ ਸਿਖਿਆਰਥੀਆਂ 'ਚ ਲਗਭਗ 250 ਬੱਚੇ ਦਿਵਿਆਂਗ (ਵਿਸ਼ੇਸ਼ ਲੋੜਾਂ ਵਾਲੇ) ਹਨ। ਸੰਘਰਸ਼ ਅਤੇ ਸਿੱਖਿਆ ਦਾ ਸਫ਼ਰ ਅਮਨ ਦਾ ਸਫ਼ਰ ਸੌਖਾ ਨਹੀਂ ਸੀ। ਉਨ੍ਹਾਂ ਦੇ ਪਰਿਵਾਰ ਨੇ ਉਨ੍ਹਾਂ ਦੀ ਪੜ੍ਹਾਈ ਲਈ ਦਿੱਲੀ ਦਾ ਰੁਖ ਕੀਤਾ, ਜਿੱਥੇ ਉਨ੍ਹਾਂ ਨੇ ਬਰੇਲ ਲਿਪੀ ਸਿੱਖੀ। ਇਸ ਤੋਂ ਬਾਅਦ ਉਨ੍ਹਾਂ ਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਵਿੱਦਿਆ ਪ੍ਰਾਪਤ ਕੀਤੀ। ਅਮਨ ਨੇ ਆਨਲਾਈਨ ਸਰੋਤਾਂ ਦੀ ਮਦਦ ਨਾਲ ਖੁਦ ਕੋਡਿੰਗ, 19 ਅਤੇ ਪ੍ਰੌਮਪਟ ਇੰਜੀਨੀਅਰਿੰਗ ਵਰਗੇ ਗੁੰਝਲਦਾਰ ਵਿਸ਼ੇ ਸਿੱਖੇ। ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਸਮਾਜ ਨੇ ਸਾਨੂੰ ਕੁਝ ਦਿੱਤਾ ਹੈ, ਤਾਂ ਉਸ ਨੂੰ ਮੋੜਨਾ ਸਾਡਾ ਫਰਜ਼ ਹੈ। ਅਮਨ ਦੇ ਇਸ ਪ੍ਰਾਜੈਕਟ ਨੇ ਕਈ ਨੌਜਵਾਨਾਂ ਨੂੰ ਵੱਡੀਆਂ ਕੰਪਨੀਆਂ 'ਚ ਰੁਜ਼ਗਾਰ ਦਿਵਾਇਆ ਹੈ, ਜਿਨ੍ਹਾਂ 'ਚ ਜਲੰਧਰ ਦੇ ਨੌਜਵਾਨ ਵੀ ਸ਼ਾਮਲ ਹਨ: ਆਰਿਅਨ (21 ਸਾਲ), ਜਲੰਧਰ: ਆਰਿਅਨ ਨੇ 'ਆਡੀਓ ਟੀਵੀ ਨੈੱਟਵਰਕ' ਤੋਂ 6 ਮਹੀਨੇ ਦੀ ਮੁਫ਼ਤ ਵੌਇਸ ਓਵਰ ਸਿਖਲਾਈ ਲਈ। ਅੱਜ ਉਹ ਆਦਿਤਿਆ ਬਿਰਲਾ ਗਰੁੱਪ 'ਚ ਇਕ ਚੰਗੇ ਪੈਕੇਜ 'ਤੇ ਕੰਮ ਕਰ ਰਹੇ ਹਨ ਅਤੇ ਕਈ ਇਸ਼ਤਿਹਾਰਾਂ ਨੂੰ ਆਪਣੀ ਆਵਾਜ਼ ਦੇ ਚੁੱਕੇ ਹਨ। ਸਤਿਅਮ (17 ਸਾਲ), ਜਲੰਧਰ: ਸਤਿਅਮ ਖੁਦ ਵੀ ਦ੍ਰਿਸ਼ਟੀਹੀਣ ਹਨ। ਉਨ੍ਹਾਂ ਨੇ ਅਮਨ ਤੋਂ ਸਿਖਲਾਈ ਲੈ ਕੇ ਕਾਲ ਸੈਂਟਰਾਂ ਲਈ ਵੌਇਸ ਓਵਰ ਕਰਨਾ ਸ਼ੁਰੂ ਕੀਤਾ ਹੈ। ਅੱਜ ਤੁਸੀਂ ਕਈ ਕਾਲ ਸੈਂਟਰਾਂ 'ਚ ਜੋ ਆਵਾਜ਼ ਸੁਣਦੇ ਹੋ-ਹਿੰਦੀ ਲਈ 1 ਦਬਾਓ, ਅੰਗਰੇਜ਼ੀ ਲਈ 2 ਦਬਾਓ— ਉਹ ਸਤਿਅਮ ਦੀ ਹੀ ਆਵਾਜ਼ ਹੈ। ਅਮਨ ਦੀ ਇਹ ਕੋਸ਼ਿਸ਼ ਉਨ੍ਹਾਂ ਨੌਜਵਾਨਾਂ ਲਈ ਉਮੀਦ ਦੀ ਕਿਰਨ ਬਣੀ ਹੈ ਜੋ ਮਹਿੰਗੀ ਫੀਸ ਨਹੀਂ ਭਰ ਸਕਦੇ।

## 2025 'ਚ ਪ੍ਰਸ਼ਾਸਨਿਕ ਸੇਵਾਵਾਂ 'ਚ ਡਿਜੀਟਲ ਸੁਧਾਰਾਂ ਦਾ ਗਵਾਹ ਬਣਿਆ ਪੰਜਾਬ : ਅਮਨ ਅਰੋੜਾ

ਚੰਡੀਗੜ੍ਹ/ਜਲੰਧਰ 2 ਜਨਵਰੀ। ਪੰਜਾਬ ਦਾ ਪ੍ਰਸ਼ਾਸਨ ਸਾਲ 2025 ਦੌਰਾਨ ਵੱਡੇ ਡਿਜੀਟਲ ਬਦਲਾਅ ਦਾ ਗਵਾਹ ਬਣਿਆ ਹੈ, ਜਿਸ ਤਹਿਤ ਹੁਣ ਨਾਗਰਿਕ-ਕੇਂਦਰਿਤ ਸੇਵਾਵਾਂ ਲੋਕਾਂ ਨੂੰ ਸਿੱਧੇ ਬਰੂਹਾਂ 'ਤੇ ਹੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਤੇ ਸਰਕਾਰੀ ਦਫ਼ਤਰਾਂ 'ਚ ਲੰਬੀਆਂ ਕਤਾਰਾਂ ਲੱਗਣਾ ਤੇ ਲੋਕਾਂ ਦੀ ਖੱਜਲ-ਖੁਆਰੀ ਹੁਣ ਬੀਤੇ ਸਮੇਂ ਦੀ ਗੱਲ ਹੋ ਗਈ ਹੈ। ਸੁਚੱਜਾ ਪ੍ਰਸ਼ਾਸਨ ਤੇ ਸੂਚਨਾ ਤਕਨੀਕ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਸੇਵਾਵਾਂ ਦੀ ਡਲਿਵਰੀ 'ਚ ਪਾਰਦਰਸ਼ਤਾ, ਪਹੁੰਚਯੋਗਤਾ, ਕੁਸ਼ਲਤਾ ਅਤੇ ਈਮਾਨਦਾਰੀ ਨੇ ਸੂਬੇ ਦੇ ਪ੍ਰਸ਼ਾਸਨ ਨੂੰ ਇਕ ਨਵਾਂ ਰੂਪ ਦੇਣ 'ਚ ਸਭ ਤੋਂ ਅਹਿਮ ਭੂਮਿਕਾ ਨਿਭਾਈ ਹੈ, ਜਿਸ ਨਾਲ ਨਾਗਰਿਕਾਂ ਲਈ ਪ੍ਰਸ਼ਾਸਨਿਕ ਸੇਵਾਵਾਂ ਲੈਣਾ ਹੁਣ ਵਧੇਰੇ ਸੁਚਾਰੂ ਤੇ ਸੁਖਾਲਾ ਹੋ ਗਿਆ ਹੈ। ਅਰੋੜਾ ਨੇ ਕਿਹਾ ਕਿ ਬੁਨਿਆਦੀ ਸੁਧਾਰਾਂ ਦੇ ਤਹਿਤ ਈ-ਸੇਵਾ ਪੋਰਟਲ 'ਤੇ ਪਟਵਾਰੀਆਂ ਨੂੰ ਸ਼ਾਮਲ ਕਰਨ ਤੋਂ ਬਾਅਦ 12.46 ਲੱਖ ਤੋਂ ਵੱਧ ਅਰਜ਼ੀਆਂ ਦਾ ਆਨਲਾਈਨ ਨਿਪਟਾਰਾ ਕੀਤਾ ਗਿਆ ਹੈ। ਇਸ ਤੋਂ ਇਲਾਵਾ, 'ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ' ਯੋਜਨਾ ਦੇ ਤਹਿਤ 1,85,000 ਤੋਂ ਵੱਧ ਨਾਗਰਿਕਾਂ ਨੂੰ ਬਰੂਹਾਂ 'ਤੇ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ। ਇਹ ਅੰਕੜੇ 'ਸਿਫਾਰਸ਼ ਅਤੇ ਦੇਰੀ' ਦੀ ਪ੍ਰਣਾਲੀ ਤੋਂ ਡਿਜੀਟਲ ਮਾਣ ਵਾਲੀ ਪ੍ਰਣਾਲੀ ਵਿਚ ਤਬਦੀਲੀ ਨੂੰ ਦਰਸਾਉਂਦੇ ਹਨ।

# ਜਲੰਧਰ 'ਚ ਬੱਬਰ ਜਿਊਲਰਜ਼ 'ਚੋਂ 80 ਲੱਖ ਦੇ ਗਹਿਣੇ ਲੁੱਟਣ ਵਾਲੇ ਮੁਲਜ਼ਮ ਦੀ ਤਸਵੀਰ ਆਈ ਸਾਹਮਣੇ

**ਕੌਮੀ ਪਤ੍ਰਿਕਾ**

ਜਲੰਧਰ, 1 ਜਨਵਰੀ। ਅੱਜ ਸਵੇਰੇ ਸ਼ਹੀਦ ਬਾਬੂ ਲਾਲ ਸਿੰਘ ਨਗਰ ਵਿੱਚ ਬੱਬਰ ਜਿਊਲਰਜ਼ ਦੀ ਦੁਕਾਨ ਵਿੱਚ ਇੱਕ ਦਰਜਨ ਚੋਰ ਕਾਂਟੇ ਨਾਲ ਦੁਕਾਨ ਵਿੱਚ ਦਾਖਲ ਹੋਏ ਅਤੇ 80 ਲੱਖ ਰੁਪਏ ਦੇ ਗਹਿਣੇ ਲੈ ਕੇ ਭੱਜ ਗਏ। ਹੁਣ ਇੱਕ ਮੁਲਜ਼ਮ ਦੀ ਫੋਟੋ ਸਾਹਮਣੇ ਆਈ ਹੈ, ਜਿਸ ਵਿੱਚ ਉਹ ਹੱਥ ਵਿੱਚ ਬੈਗ ਲੈ ਕੇ ਘੁੰਮਦਾ ਦਿਖਾਈ ਦੇ ਰਿਹਾ ਹੈ। ਫੋਟੋ ਵਿੱਚ ਮੁਲਜ਼ਮ ਦਾ ਚਿਹਰਾ ਸਾਫ਼ ਦਿਖਾਈ ਦੇ ਰਿਹਾ ਹੈ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਜਲਦੀ ਹੀ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲੈਣਗੇ। ਇਹ ਘਟਨਾ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ ਹੈ। ਸੀਸੀਟੀਵੀ ਫੁਟੇਜ ਵਿੱਚ ਛੇ ਤੋਂ ਸੱਤ ਚੋਰ ਦੁਕਾਨ ਦੇ ਤਾਲੇ ਕਾਂਟੇ ਨਾਲ ਤੋੜਦੇ ਦਿਖਾਈ ਦੇ ਰਹੇ ਹਨ, ਜਦੋਂ ਕਿ ਹੋਰ ਨੇੜੇ ਖੜ੍ਹੇ, ਆਉਣ ਵਾਲਿਆਂ ਦੀ ਉਡੀਕ ਕਰ ਰਹੇ ਹਨ। ਘਟਨਾ ਦੀ ਜਾਣਕਾਰੀ ਦਿੰਦੇ ਹੋਏ ਬੱਬਰ ਜਿਊਲਰਜ਼ ਦੇ ਮਾਲਕ ਸੋਨੂੰ ਬੱਬਰ ਨੇ ਦੱਸਿਆ ਕਿ ਚੋਰ ਦੁਕਾਨ ਤੋਂ 25 ਤੋਲੇ ਚਾਂਦੀ ਅਤੇ ਛੇ ਤੋਲੇ ਸੋਨਾ ਲੈ ਗਏ। ਪੀੜਤ ਦੇ ਅਨੁਸਾਰ, ਦੁਕਾਨ ਮਾਲਕ ਨੇ 80 ਲੱਖ ਰੁਪਏ ਦੀ ਚੋਰੀ ਦੀ ਰਿਪੋਰਟ ਦਿੱਤੀ। ਘਟਨਾ ਦੀ ਜਾਣਕਾਰੀ ਮਿਲਣ 'ਤੇ ਏਸੀਪੀ ਆਤਿਸ਼ ਭਾਟੀਆ ਮੌਕੇ 'ਤੇ ਪਹੁੰਚੇ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਜਦੋਂ ਦੁਕਾਨ ਮਾਲਕ ਨੂੰ ਸਵੇਰੇ ਘਟਨਾ ਦਾ ਪਤਾ ਲੱਗਾ ਤਾਂ ਉਹ ਦ੍ਰਿਸ਼ ਦੇਖ ਕੇ ਹੈਰਾਨ ਰਹਿ ਗਿਆ। ਦੁਕਾਨ ਸਾਮਾਨ ਨਾਲ ਭਰੀ ਹੋਈ ਸੀ ਅਤੇ ਗਹਿਣਿਆਂ ਦੀਆਂ ਸ਼ੈਲਫਾਂ ਖਾਲੀ ਸਨ। ਪੁਲਸ ਨੂੰ ਤੁਰੰਤ ਸੂਚਿਤ ਕੀਤਾ ਗਿਆ। ਪੁਲਸ ਸਟੇਸ਼ਨ ਦੀ ਇੱਕ ਟੀਮ ਮੌਕੇ 'ਤੇ ਪਹੁੰਚੀ ਤੇ ਦੁਕਾਨ ਦੀ ਚੰਗੀ



ਤਰ੍ਹਾਂ ਜਾਂਚ ਕੀਤੀ। ਪੁਲਸ ਨੇ ਦੁਕਾਨ ਵਿੱਚ ਲੱਗੇ ਸਾਰੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਜ਼ਬਤ ਕਰ ਲਈ ਹੈ ਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸੀਸੀਟੀਵੀ ਫੁਟੇਜ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਕਈ ਅਪਰਾਧੀ ਦੁਕਾਨ ਵਿੱਚ ਦਾਖਲ ਹੁੰਦੇ ਹਨ, ਚੋਰੀ ਕਰਦੇ ਹਨ ਅਤੇ ਥੋੜ੍ਹੇ ਸਮੇਂ ਵਿੱਚ ਭੱਜ ਜਾਂਦੇ ਹਨ। ਫੁਟੇਜ ਦੇ ਆਧਾਰ 'ਤੇ ਪੁਲਸ ਸ਼ੱਕੀਆਂ ਦੀ ਗਿਣਤੀ, ਉਨ੍ਹਾਂ ਦੀਆਂ ਹਰਕਤਾਂ ਅਤੇ ਉਨ੍ਹਾਂ ਦੇ ਦਾਖਲੇ ਤੇ ਬਾਹਰ ਨਿਕਲਣ ਦੇ ਰਸਤੇ ਨਿਰਧਾਰਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸ਼ੁਰੂਆਤੀ ਜਾਂਚ ਵਿੱਚ ਇਹ ਵੀ ਸ਼ੱਕ ਪੈਦਾ ਹੁੰਦਾ ਹੈ ਕਿ ਅਪਰਾਧੀਆਂ ਨੂੰ ਦੁਕਾਨ ਬਾਰੇ ਪਹਿਲਾਂ ਤੋਂ ਜਾਣਕਾਰੀ ਸੀ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਸੀਸੀਟੀਵੀ ਫੁਟੇਜ ਅਤੇ ਤਕਨੀਕੀ ਸਬੂਤਾਂ ਦੇ ਆਧਾਰ 'ਤੇ ਉਹ ਜਲਦੀ ਹੀ ਦੋਸ਼ੀਆਂ ਦੀ ਪਛਾਣ ਕਰਨ ਦਾ ਦਾਅਵਾ ਕਰਦੇ ਹਨ। ਪੁਲਸ ਨੇ ਆਲੇ ਦੁਆਲੇ ਦੇ ਇਲਾਕੇ ਵਿੱਚ ਲੱਗੇ ਕੈਮਰਿਆਂ ਦੀ ਫੁਟੇਜ ਦੀ ਵੀ ਜਾਂਚ ਸ਼ੁਰੂ ਕਰ ਦਿੱਤੀ ਹੈ। ਅਣਪਛਾਤੇ ਅਪਰਾਧੀਆਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਜਾਂਚ ਜਾਰੀ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈੱਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਬਲਾਕ ਮੋਰਿੰਡਾ ਦੀ ਸਰਬ ਸੰਮਤੀ ਨਾਲ ਚੋਣ ਹੋਈ। ਜਸਪਾਲ ਸਿੰਘ ਡੂਮਛੇੜੀ ਪ੍ਰਧਾਨ , ਫੌਜੀ ਪ੍ਰਕਾਸ਼ ਸਿੰਘ ਬਰਵਾਲੀ ਵਿੱਤ ਸਕੱਤਰ ਚੁਣੇ ਗਏ

ਕੌਮੀ ਪਤ੍ਰਿਕਾ

ਮਲਾਗਰ ਖਮਾਣੋਂ

ਮੋਰਿੰਡਾ ,2, ਜਨਵਰੀ: ਉਸਾਰੀ ਨਾਲ ਸੰਬੰਧਿਤ ਮਿਸਤਰੀਆਂ, ਮਜ਼ਦੂਰਾਂ ਦੀ ਜਥੇਬੰਦੀ ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਰਜਿ ਸਬੰਧਤ ਟਿਫਟੂ ਬਲਾਕ ਮੋਰਿੰਡਾ ਦੀ ਚੋਣ ਮੀਟਿੰਗ ਇਫਟੂ ਦੇ ਜ਼ਿਲ੍ਹਾ ਆਗੂ ਰਾਣਾ ਪ੍ਰਤਾਪ ਸਿੰਘ ਰੰਗੀਲਪੁਰ ਦੀ ਪ੍ਰਧਾਨਗੀ ਹੇਠ ਲੇਬਰ ਭਵਨ ਮੋਰਿੰਡਾ ਵਿਖੇ ਹੋਈ ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਇਫਟੂ ਦੇ ਜਨਰਲ ਸਕੱਤਰ ਮਿਸਤਰੀ ਮਨਮੋਹਣ ਸਿੰਘ ਕਾਲਾ ਨੇ ਦੱਸਿਆ ਕਿ ਮੀਟਿੰਗ ਵਿੱਚ ਭਰਾਤਰੀ ਜਥੇਬੰਦੀ ਦੇ ਸੂਬਾ ਪ੍ਰਧਾਨ ਮਲਾਗਰ ਸਿੰਘ ਖਮਾਣੋਂ ਨੇ ਮਜ਼ਦੂਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ 29 ਲੇਬਰ ਕਾਨੂੰਨਾਂ ਨੂੰ ਭੰਗ ਕਰਕੇ ਪੂੰਜੀਪਤੀਆਂ ਦੇ ਬਜਾਏ 12 ਘੰਟੇ ਦੀ




ਪੱਖ ਵਿੱਚ ਚਾਰ ਲੇਬਰ ਕੋਡ ਬਣਾਏ ਗਏ ਹਨ ਜਿਸ ਨਾਲ? ਜਿਸ ਤਹਿਤ ਦਿਹਾੜੀ ਅੱਠ ਘੰਟੇ ਦੀ ਹੋਵੇਗੀ,ਜਥੇਬੰਦ ਹੋਣ, ਮੰਗਾਂ ਲਈ ਸੰਘਰਸ਼ ਕਰਨ ਤੇ ਅਣ ਅਲਾਨੀ ਰੋਕ ਲਗਾਉਂਦੇ ਹਨ। ਇਹਨਾਂ ਕਾਨੂੰਨਾਂ ਦੀ ਲੋੜ ਉਸ ਸਮੇਂ ਪਈ ਜਦੋਂ ਸਾਮਰਾਜੀ ਪ੍ਰਬੰਧ ਆਰਥਿਕ ਸੰਕਟ ਵਿੱਚ ਘਿਰਿਆ ਹੋਇਆ ਹੈ ਉਸ ਸਮੇਂ ਮਜ਼ਦੂਰਾਂ ਦੀ ਹੋਰ ਲੁੱਟ ਲਈ ਇਹ ਕੋਡ ਲਿਆਂਦੇ ਗਏ ਹਨ, ਉਥੇ ਹੀ ਮਨਰੇਗਾ ਨੂੰ ਖਤਮ ਕੀਤਾ ਗਿਆ ਹੈ। ਮੀਟਿੰਗ ਵਿੱਚ ਕੇਂਦਰ ਸਰਕਾਰ ਵੱਲੋਂ ਲੇਬਰ ਕੋਡ, ਮਨਰੇਗਾ ਅਤੇ ਬਿਜਲੀ ਐਕਟ 2025 ਸਬੰਧੀ ਨਿਖੇਦੀ ਮਤਾ ਪਾਸ ਕੀਤਾ ਗਿਆ। ਮੀਟਿੰਗ ਵਿੱਚ ਬਲਾਕ ਮੋਰਿੰਡਾ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਜਿਸ ਵਿੱਚ ਪ੍ਰਧਾਨ ਜਸਪਾਲ ਸਿੰਘ ਡੂਮਛੇੜੀ, ਸੀਨੀਅਰ ਮੀਤ ਪ੍ਰਧਾਨ – ਰਣਵੀਰ ਸਿੰਘ ,ਮੀਤ ਪ੍ਰਧਾਨ – ਮਨਜੀਤ ਸਿੰਘ, ਸੋਹਣ ਸਿੰਘ , ਜਨਰਲ ਸਕੱਤਰ ਰੁਪਿੰਦਰ ਸਿੰਘ ਬਬਨਾੜਾ, ਜੁਆਇੰਟ ਸੈਕਟਰੀ ਧਰਮ ਸਿੰਘ ,ਕੈਸ਼ੀਅਰ ਫੌਜੀ ਪ੍ਰਕਾਸ਼ ਸਿੰਘ ਬਰਵਾਲੀ , ਪ੍ਰੈਸ ਸਕੱਤਰ ਸਤਵੀਰ ਸਿੰਘ , ਮੁੱਖ ਸਲਾਹਕਾਰ – ਨਿਰਮਲ ਸਿੰਘ, ਸਲਾਹਕਾਰ ਬਲਵਿੰਦਰ ਸਿੰਘ ਨੂੰ ਸਰਬ ਸੰਮਤੀ ਨਾਲ ਚੁਣਿਆ ਗਿਆ।ਇਸ ਮੌਕੇ , ਸੂਖ ਰਾਮ ਕਾਲੇਵਾਲ,ਅਵਤਾਰ ਸਿੰਘ ਕਲਹੇੜੀ, ਕੇਸਰ ਸਿੰਘ, ਬਲਜੀਤ ਸਿੰਘ, ਜੱਗਾ, ਹਰਜਿੰਦਰ ਸਿੰਘ, ਅਮਰ ਸਿੰਘ, ਬਲਦੇਵ ਸਿੰਘ, ਕੁਲਵੰਤ ਸਿੰਘ, ਪੱਪੂ, ਇੰਦਰਜੀਤ ਸਿੰਘ, ਬਹਾਦਰ ਸਿੰਘ ਹਾਜ਼ਿਰ ਸਨ।

## ਘਰ ਦੇ ਬਾਹਰ ਬੈਠੇ ਨੌਜਵਾਨ ਦਾ ਨਾਂ ਪੁੱਛ ਕੇ ਮਾਰੀਆਂ ਗੋਲੀਆਂ, ਤਰਨਤਾਰਨ ’ਚ ਸਨਸਨੀਖੇਜ਼ ਵਾਰਦਾਤ

ਪੱਟੀ, 2 ਜਨਵਰੀ। ਤਰਨਤਾਰਨ ਦੇ ਪਿੰਡ ਸਭਰਾ ਵਿੱਚ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ ਤਿੰਨ ਅਣਪਛਾਤੇ ਹਮਲਾਵਰਾਂ ਨੇ ਇੱਕ ਨੌਜਵਾਨ ਦਾ ਗੋਲੀਆਂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਮ੍ਰਿਤਕ ਦੀ ਪਛਾਣ ਹਰਪ੍ਰੀਤ ਸਿੰਘ (23–24 ਸਾਲ) ਵਜੋਂ ਹੋਈ ਹੈ, ਜਿਸ ਦੀ ਮੌਕੇ ’ਤੇ ਹੀ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ, ਇਹ ਵਾਰਦਾਤ ਸ਼ਾਮ ਕਰੀਬ 6 ਵਜੇ ਵਾਪਰੀ। ਹਰਪ੍ਰੀਤ ਸਿੰਘ ਆਪਣੇ ਘਰ ਦੇ ਬਾਹਰ ਸੜਕ ਉੱਪਰ ਆਪਣੇ ਦੋਸਤਾਂ ਨਾਲ ਬੈਠਾ ਹੋਇਆ ਸੀ। ਇਸੇ ਦੌਰਾਨ ਤਿੰਨ ਹਮਲਾਵਰ ਉੱਥੇ ਪਹੁੰਚੇ ਅਤੇ ਉਨ੍ਹਾਂ ਨੇ ਹਰਪ੍ਰੀਤ ਸਿੰਘ ਨੂੰ ਆਵਾਜ਼ ਮਾਰੀ। ਹਮਲਾਵਰਾਂ ਨੇ ਪਹਿਲਾਂ ਉਸ ਦਾ ਨਾਮ ਪੁੱਛ ਕੇ ਪਛਾਣ ਕੀਤੀ ਅਤੇ ਫਿਰ ਉਸ ਉੱਪਰ ਅੰਨ੍ਹੇਵਾਹ ਫਾਇਰਿੰਗ ਸ਼ੁਰੂ ਕਰ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਤਿੰਨਾਂ ਵਿੱਚੋਂ ਦੋ ਹਮਲਾਵਰਾਂ ਕੋਲ ਪਿਸਤੌਲ ਸਨ, ਜਿਨ੍ਹਾਂ ਨੇ ਹਰਪ੍ਰੀਤ ਸਿੰਘ ਨੂੰ ਨਿਸ਼ਾਨਾ ਬਣਾ ਕੇ ਕਈ ਗੋਲੀਆਂ ਚਲਾਈਆਂ। ਹਰਪ੍ਰੀਤ ਸਿੰਘ ਦੇ ਕਤਲ ਨਾਲ ਪਰਿਵਾਰ ’ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ। ਮ੍ਰਿਤਕ ਨੌਜਵਾਨ ਵਿਆਹਿਆ ਹੋਇਆ ਸੀ ਅਤੇ ਉਸ ਦੇ ਪਿਤਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਹਰਪ੍ਰੀਤ ਆਪਣੇ ਘਰ ਦਾ ਇਕਲੌਤਾ ਕਮਾਉਣ ਵਾਲਾ ਮੈਂਬਰ ਸੀ। ਉਸ ਦਾ ਇੱਕ ਛੋਟਾ ਭਰਾ ਮੰਦਬੁੱਧੀ ਹੈ ਅਤੇ ਇੱਕ ਭੈਣ ਹੈ, ਜਿਨ੍ਹਾਂ ਦੀ ਜ਼ਿੰਮੇਵਾਰੀ ਹਰਪ੍ਰੀਤ ਦੇ ਸਿਰ ’ਤੇ ਹੀ ਸੀ।

## ਦੇਸੀ ਪਿਸਤੌਲ ਤੇ ਜ਼ਿੰਦਾ ਕਾਰਤੂਸਾਂ ਸਮੇਤ ਇੱਕ ਦੋਸ਼ੀ ਗ੍ਰਿਫ਼ਤਾਰ

ਫਿਰੋਜ਼ਪੁਰ 2 ਜਨਵਰੀ। ਸਮਾਜ ਵਿਰੋਧੀ ਅਨਸਰਾਂ ਖ਼?ਲਾਫ਼ ਮੁਹਿੰਮ ਚਲਾਉਂਦੇ ਹੋਏ ਏ. ਐੱਸ. ਆਈ. ਝਿਰਮਲ ਸਿੰਘ ਦੀ ਅਗਵਾਈ ਹੇਠ ਥਾਣਾ ਮਖੂ ਦੀ ਪੁਲਸ ਨੇ ਇੱਕ ਵਿਅਕਤੀ ਨੂੰ ਦੇਸੀ ਪਿਸਤੌਲ ਅਤੇ ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕੀਤਾ, ਜਿਸਦੇ ਖ਼?ਲਾਫ਼ ਅਸਲਾ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਝਿਰਮਲ ਸਿੰਘ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੀ ਪੁਲਸ ਪਾਰਟੀ ਥਾਣਾ ਮਖੂ ਏਰੀਆ ਵਿੱਚ ਗਸ਼ਤ ਕਰ ਰਹੀ ਸੀ ਤਾਂ ਉਨ੍ਹਾਂ ਨੇ ਸ਼ੱਕ ਦੇ ਆਧਾਰ ’ਤੇ ਗੁਰਜੀਤ ਸਿੰਘ ਗੁਰ ਨਾਮਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਸਦੀ ਤਲਾਸ਼ੀ ਲੈਣ ’ਤੇ ਇੱਕ 32 ਬੋਰ ਦਾ ਦੇਸੀ ਪਿਸਤੌਲ ਅਤੇ 2 ਜ਼ਿੰਦਾ ਕਾਰਤੂਸ ਬਰਾਮਦ ਹੋਏ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਦੋਸ਼ੀ ਤੋਂ ਪੁਲਸ ਪੁੱਛਗਿੱਛ ਕੀਤੀ ਜਾ ਰਹੀ ਹੈ।

## ਪਿੰਡ ਦੇ ਗੁਰੂਘਰ ’ਚ ਵੱਡੀ ਘਟਨਾ, ਮੌਕੇ ’ਤੇ ਇਕੱਠੇ ਹੋਏ ਲੋਕ, ਨਿਸ਼ਾਨ ਸਾਹਿਬ ਦਾ ਚੋਲਾ ਬਦਲਦਿਆਂ

ਅਬੋਹਰ 2 ਜਨਵਰੀ। ਅਬੋਹਰ ਦੇ ਪਿੰਡ ਗਿੱਦੜਾਂਵਾਲੀ ’ਚ ਸਾਲ ਦੇ ਅਖ਼ੀਰਲੇ ਦਿਨ ਉਸ ਵੇਲੇ ਦਰਦਨਾਕ ਘਟਨਾ ਵਾਪਰੀ, ਜਦੋਂ ਗੁਰਦੁਆਰੇ ’ਚ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਲਈ ਉੱਪਰ ਗਿਆ ਨੌਜਵਾਨ 90 ਫੁੱਟ ’ਤੇ ਲਟਕ ਗਿਆ। ਇਸ ਤੋਂ ਬਾਅਦ ਸਾਰੇ ਪਿੰਡ ’ਚ ਰੌਲਾ ਪੈ ਗਿਆ। ਬਾਅਦ ’ਚ ਉਸ ਨੂੰ ਬੜੀ ਮੁਸ਼ਕਤ ਨਾਲ 3 ਘੰਟਿਆਂ ਬਾਅਦ ਹੇਠਾਂ ਉਤਾਰ ਲਿਆ ਗਿਆ। ਜਾਣਕਾਰੀ ਮੁਤਾਬਕ ਪਿੰਡ ਗਿੱਦੜਾਂਵਾਲੀ ’ਚ ਨਵੇਂ ਸਾਲ ਮੌਕੇ ਗੁਰਦੁਆਰਾ ਸਾਹਿਬ ’ਚ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਲਈ ਇਕ ਨੌਜਵਾਨ ਨਿਸ਼ਾਨ ਸਾਹਿਬ ਦੇ ਉੱਪਰ ਚੜ੍ਹਿ ਆ ਪਰ ਤਾਰ ਟੁੱਟਣ ਕਾਰਨ ਉਹ 90 ਫੁੱਟ ਉੱਪਰ ਲਟਕ ਗਿਆ। ਇਸ ਤੋਂ ਬਾਅਦ ਤੁਰੰਤ ਪ੍ਰਸ਼ਾਸਨ ਮੌਕੇ ’ਤੇ ਪੁੱਜ ਗਿਆ ਅਤੇ ਨੌਜਵਾਨ ਨੂੰ ਹੇਠਾਂ ਉਤਾਰਨ ਦੀਆਂ ਕੋਸ਼ਿਸ਼ਾਂ ’ਚ ਲੱਗ ਗਿਆ। ਕਰੀਬ 3 ਘੰਟਿਆਂ ਬਾਅਦ ਨੌਜਵਾਨ ਦਾ ਰੈਸਕਿਊ ਕਰਕੇ ਉਸ ਨੂੰ ਹੇਠਾਂ ਉਤਾਰਿਆ ਗਿਆ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that I INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR-2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-00445168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/O KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/o Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 13 years and my minor daughter namely ARSHIYA YADAV, aged 16 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.


**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHOUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
ਹਿਊਮਨ ਸਰਵਿਸ ਸੋਸਾਇਟੀ ਅਤੇ ਜੋਬ ਮਾਇੰਡ ਕੰਸਲਟੈਂਸੀ ਵਲੋਂ ਚਾਰ ਸਹਿਬਜਾਦੇ ਤੇ ਮਾਤਾ ਗੁਜਰ ਕੌਰ ਜੀ ਦੀ ਯਾਦ ਨੂੰ ਸਮਰਪਿਤ ਲੰਗਰ ਦੀ ਸੇਵਾ ਦਿੱਤੀ ਗਈ ਤੇ 15 ਫਰਵਰੀ ਨੂੰ ਜਰੂਰਤਮੰਦ ਲੜਕੀਆਂ ਦਾ ਵਿਆਹ ਮੁਫ਼ਤ ਕਰਵਾਉਣ ਲਈ ਸੰਪਰਕ ਕਰੋ।

ਟੀਮ ਹਿਊਮਨ ਸਰਵਿਸ ਸੋਸਾਇਟੀ ਵਲੋਂ ਤਫੱਜਲਪੁਰਾ ਪਟਿਆਲਾ ਸਾਹਿਬਜਾਦਾ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਲੰਗਰ ਲਗਾਇਆ ਗਿਆ। ਇਹ ਦਿਨ ਸਾਹਿਬਜਾਦਿਆ ਦੀ ਸ਼ਹਾਦਤ ਦੇ ਦਿਨ ਨੂੰ ਸਮੁੱਚਾ ਪੰਜਾਬ ਸ਼ੋਕ ਦੇ ਦਿਨਾਂ ਵਜੋਂ ਮਨਾਉਂਦਾ ਹੈ। ਕਿਉਂਕਿ ਇਹਨਾਂ ਦਿਨਾਂ ਦੌਰਾਨ ਹਾਕਮਾਂ ਨੇ ਛੋਟੇ ਸਾਹਿਬਜਾਦਿਆਂ ਨੂੰ ਜਿੰਦਾ ਨੀਹਾਂ ਵਿੱਚ ਫਤਿਹਗੜ੍ਹ ਸਾਹਿਬ ਵਿੱਚ ਚਿਣਵਾ ਦਿੱਤਾ ਸੀ। ਪੂਰੇ ਸੰਸਾਰ ਨੂੰ ਇਸ ਲਾਸਾਨੀ ਤੇ ਬੇਮਿਸਾਲ ਕੁਰਬਾਨੀ ਤੇ ਮਾਣ ਹੈ। ਇਸ ਮੌਕੇ ਤੇ ਪੰਜਾਬ ਪ੍ਰਧਾਨ ਜਤਿੰਦਰ ਸ਼ਰਮਾ ਚੇਅਰਪਰਸਨ ਵਰਸ਼ਾ ਗੋਇਲ, ਵੰਦਨਾ ਸ਼ਰਮਾ, ਸਰਪੰਚ ਕਰਮਜੀਤ ਲਚਕਾਣੀ, ਰਾਹੁਲ ਸ਼ਰਮਾ, ਬੋਬੀ ਸ਼ਰਮਾ, ਬ੍ਰਿਜਮੋਹਨ ਸ਼ਰਮਾ, ਪੂਨਮ ਸ਼ਰਮਾ, ਨੀਤੀਕਾ, ਵਿਸ਼ਾਲ ਬੋਕਸਰ, ਸਿਆ ਸ਼ਰਮਾ ਅਤੇ ਹੋਰ ਭਾਰੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਸੇਵਾ ਕੀਤੀ।

## ਸੰਪਾਦਕੀ

# ਆਮ ਬਿਮਾਰੀਆਂ ਨਾਲ ਲੜਨ ਦੇ ਮਾਮਲੇ ਵਿੱਚ ਵੀ ਐਂਟੀਬਾਇਓਟਿਕਸ ਬੇਅਸਰ

ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਦੀ ਇੱਕ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਆਮ ਬਿਮਾਰੀਆਂ ਨਾਲ ਲੜਨ ਦੇ ਮਾਮਲੇ ਵਿੱਚ ਵੀ ਐਂਟੀਬਾਇਓਟਿਕਸ ਬੇਅਸਰ ਸਾਬਿਤ ਹੁੰਦੇ ਆ ਰਹੇ ਹਨ। ਮਾਹਿਰ ਇਹ ਗੱਲ ਵਾਰ-ਵਾਰ ਦੱਸਦੇ ਆ ਰਹੇ ਹਨ ਕਿ ਸਿਹਤ ਸਬੰਧੀ ਛੋਟੀਆਂ ਮੋਟੀਆਂ ਸਮੱਸਿਆਵਾਂ ਹੋਣ ’ਤੇ ਮਰੀਜ਼ ਵੱਲੋਂ ਡਾਕਟਰ ਨੂੰ ਪੁੱਛੇ ਬਿਨਾਂ ਆਪਣੇ ਆਪ ਗ਼ਲਤ ਦਵਾਈਆਂ ਲੈਣ ਦੇ ਸਰੀਰ ’ਤੇ ਨੁਕਸਾਨਦੇਹ ਪ੍ਰਭਾਵ ਪੈਂਦੇ ਹਨ। ਬਿਨਾਂ ਡਾਕਟਰ ਦੀ ਸਲਾਹ ਤੋਂ ਆਪਣੇ ਆਪ ਐਂਟੀਬਾਇਓਟਿਕਸ ਲੈਣ ਦੇ ਮਾਮਲਿਆਂ ਵਿੱਚ ਤਾਂ ਨਤੀਜੇ ਗੰਭੀਰ ਹੋ ਸਕਦੇ ਹਨ। ਥੋੜ੍ਹੀ ਜਿਹੀ ਬੇਆਰਾਮੀ ਹੋਣ ’ਤੇ ਵੀ ਲੋੜ ਤੋਂ ਵੱਧ ਦਵਾਈ ਲੈਣ ਅਤੇ ਗੋਲੀਆਂ ਤੇ ਗੋਲੀਆਂ ਨਿਗਲਣ ਦੀ ਆਦਤ ਨੂੰ ਵੀ ਘਟਾਇਆ ਜਾਣਾ ਚਾਹੀਦਾ ਹੈ। ਅਧਿਐਨਾਂ ਵਿੱਚ ਐਂਟੀਬਾਇਓਟਿਕਸ ਬਾਰੇ ਜਾਣਕਾਰੀ ਦੀ ਘਾਟ ਅਤੇ ਫਾਰਮਾਸਿਸਟਾਂ ਦੀ ਭੂਮਿਕਾ ਵੀ ਉਜਾਗਰ ਹੋਈ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ‘ਮਨ ਕੀ ਬਾਤ’ ਸੰਬੋਧਨ ਵਿੱਚ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਡਾਕਟਰੀ ਸਲਾਹ ਤੋਂ ਬਿਨਾਂ ਐਂਟੀਬਾਇਓਟਿਕਸ ਦੀ ਅੰਨ੍ਹੇਵਾਹ ਵਰਤੋਂ ਤੋਂ ਬਚਣ। ਇਹ ਅਪੀਲ ਜਨਤਕ ਸਿਹਤ ਲਈ ਅਹਿਮ ਹੈ ਪਰ ਰੈਗੂਲੇਟਰੀ ਅਦਾਰਿਆਂ ਵੱਲੋਂ ਇਸ ਸਬੰਧੀ ਨਿਯਮ ਸਖ਼ਤੀ ਨਾਲ ਲਾਗੂ ਕਰਨ ਪੱਖੋਂ ਵੀ ਬਹੁਤ ਊਣਤਾਈਆਂ ਹਨ। ਇਸ ’ਤੇ ਧਿਆਨ ਕੇਂਦਰਿਤ ਕਰ ਕੇ ਜਾਗਰੂਕਤਾ ਮੁਹਿੰਮਾਂ ਚਲਾਉਣਾ ਅਹਿਮ ਹੈ ਕਿ ਸਵੈ-ਸੰਭਾਲ ਦੇ ਖੇਤਰ ਵਿੱਚ ਕੀ ਢੁਕਵਾਂ ਹੈ ਅਤੇ ਕੀ ਨਹੀਂ।

ਦਵਾਈਆਂ ਦੇ ਬੇਅਸਰ ਹੋਣ ਦੇ ਸੰਕਟ ਦੇ ਕਈ ਕਾਰਨ ਹਨ: ਦਵਾਈਆਂ ਤੱਕ ਆਸਾਨ ਪਹੁੰਚ, ਵਧਦੀ ਸਿਹਤ ਸੰਭਾਲ ਲਾਗਤ ਅਤੇ ਆਸਾਨੀ ਨਾਲ ਉਪਲਬਧ ਮੈਡੀਕਲ ਉਪਕਰਣ। ਸਿਰਫ਼ ਡਾਕਟਰ ਦੀ ਲਿਖੀ ਪਰਚੀ ਦੇਖ ਕੇ ਹੀ ਐਂਟੀਬਾਇਓਟਿਕਸ ਵੇਚਣ ਨੂੰ ਇੱਕ ਪ੍ਰਭਾਵਸ਼ਾਲੀ ਰਣਨੀਤੀ ਮੰਨਿਆ ਜਾਂਦਾ ਹੈ, ਪਰ ਇਸ ਨੂੰ ਲਾਗੂ ਕਰਨਾ ਬਹੁਤ ਮੁਸ਼ਕਿਲ ਹੈ। ਜ਼ਿਆਦਾਤਰ ਮਾਮਲਿਆਂ ਵਿੱਚ ਪ੍ਰਾਈਵੇਟ ਡਾਕਟਰਾਂ ਦੀਆਂ ਫੀਸਾਂ ਬਹੁਤ ਜ਼ਿਆਦਾ ਹੁੰਦੀਆਂ ਹਨ ਜਦੋਂਕਿ ਸਰਕਾਰੀ ਹਸਪਤਾਲਾਂ ’ਚ ਬਹੁਤੀ ਵਾਰ ਖੱਜਲ-ਖੁਆਰੀ ਸਹਿਣੀ ਪੈਂਦੀ ਹੈ। ਇਨ੍ਹਾਂ ਮੁਸ਼ਕਿਲਾਂ ਕਾਰਨ ਲੋਕ ਆਪਣੇ ਮੁੱਢਲੇ ਗਿਆਨ ਦੇ ਆਧਾਰ ’ਤੇ ਆਪ ਹੀ ਦਵਾਈਆਂ ਲੈਣ ਲਈ ਮਜਬੂਰ ਹੁੰਦੇ ਹਨ। ਇਸ ਤੋਂ ਇਲਾਵਾ ਡਾਕਟਰੀ ਭਾਈਚਾਰੇ ਨੇ ਮਸ਼ਵਰੇ ਦੀਆਂ ਫੀਸਾਂ ਜਾਂ ਸਹੀ ਨੁਸਖ਼ਿਆਂ ਦੀ ਜ਼ਰੂਰਤ ਦੇ ਮਾਮਲੇ ’ਚ ਜ਼ਾਬਤਾ ਵੀ ਨਹੀਂ ਰੱਖਿਆ। ਇਹ ਅੰਕੜਾ ਫ਼ਿਕਰਮੰਦੀ ’ਚ ਪਾਉਂਦਾ ਹੈ ਕਿ ਬਿਨਾਂ ਡਾਕਟਰ ਦੀ ਸਲਾਹ ਤੋਂ ਸਿੱਧੇ ਦਵਾਈਆਂ ਦੀਆਂ ਦੁਕਾਨਾਂ ਤੋਂ ਦਵਾਈਆਂ ਖਰੀਦਣ ਵਾਲਿਆਂ ਵਿੱਚ ਨੌਜਵਾਨ ਵਿਦਿਆਰਥੀਆਂ ਦੀ ਗਿਣਤੀ ਸਭ ਤੋਂ ਵੱਧ ਹੈ। ਮਾਹਿਰ ਡਾਕਟਰ ਦੀ ਸਲਾਹ ਲੈਣ ਦੀ ਥਾਂ ਆਪਣੀ ਬਿਮਾਰੀ ਦੇ ਹੱਲ ਲਈ ਇੰਟਰਨੈੱਟ ਦੀ ਮਦਦ ਨਾਲ ਦਵਾਈਆਂ ਖਰੀਦ ਕੇ ਖਾਣ ਦੇ ਸਿਹਤ ਲਈ ਮਾੜੇ ਨਤੀਜੇ ਨਿਕਲ ਸਕਦੇ ਹਨ।

# ਕਾਂਗਰਸ ਪਾਰਟੀ ਲਈ ਸਾਲ 2025 ਚੰਗਾ ਨਹੀਂ ਰਿਹ

ਚੋਣ ਮੁਹਾਜ਼ ’ਤੇ ਕਾਂਗਰਸ ਪਾਰਟੀ ਲਈ ਸਾਲ 2025 ਚੰਗਾ ਨਹੀਂ ਰਿਹਾ। ਇਸ ਨੂੰ ਦਿੱਲੀ ਅਤੇ ਬਿਹਾਰ ਦੋਵੇਂ ਥਾਈਂ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਵੱਲੋਂ ਭਾਜਪਾ ’ਤੇ ਲਗਾਏ ਗਏ ‘ਵੋਟ ਚੋਰੀ’ ਦੇ ਕਥਿਤ ਦੋਸ਼ਾਂ ਵੱਲ ਵੋਟਰਾਂ ਨੇ ਕੋਈ ਬਹੁਤਾ ਧਿਆਨ ਨਹੀਂ ਦਿੱਤਾ। ਨਵਾਂ ਸਾਲ ਕਾਂਗਰਸ ਲਈ ਹੋਰ ਵੀ ਚੁਣੌਤੀਪੂਰਨ ਹੋਵੇਗਾ ਕਿਉਂਕਿ ਆਸਾਮ, ਕੇਰਲਾ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਪਾਰਟੀ ਦੇ 140ਵੇਂ ਸਥਾਪਨਾ ਦਿਵਸ ’ਤੇ ਚੋਟੀ ਦੇ ਕਾਂਗਰਸੀ ਨੇਤਾਵਾਂ ਨੇ ਹਿੰਮਤ ਦਿਖਾਉਣ ਦੀ ਕੋਸ਼ਿਸ਼ ਕੀਤੀ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਕਾਂਗਰਸ ‘ਸਿਰਫ਼ ਇੱਕ ਰਾਜਨੀਤਕ ਪਾਰਟੀ ਨਹੀਂ ਹੈ ਸਗੋਂ ਭਾਰਤ ਦੀ ਆਤਮਾ ਦੀ ਆਵਾਜ਼ ਹੈ ਜੋ ਹਰ ਕਮਜ਼ੋਰ, ਦੱਬੇ-ਕੁਚਲੇ ਅਤੇ ਮਿਹਨਤਕਸ਼ ਵਿਅਕਤੀ ਦੇ ਨਾਲ ਖੜ੍ਹੀ ਹੈ’; ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ‘ਕਾਂਗਰਸ ਇੱਕ ਵਿਚਾਰਧਾਰਾ ਹੈ ਅਤੇ ਵਿਚਾਰਧਾਰਾਵਾਂ ਕਦੇ ਨਹੀਂ ਮਰਦੀਆਂ’।

ਤਲਖ਼ ਹਕੀਕਤ ਇਹ ਹੈ ਕਿ ਇਸ ਪਾਰਟੀ ਨੂੰ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਂਗਰਸ ਦੇ ਸੀਨੀਅਰ ਆਗੂ ਦਿਗਵਿਜੈ ਸਿੰਘ ਨੇ ਸ਼ਨਿੱਚਰਵਾਰ ਨੂੰ ਉਦੋਂ ਹਲਚਲ ਮਚਾ ਦਿੱਤੀ ਜਦੋਂ ਉਨ੍ਹਾਂ ਨੇ ਆਰ ਐੱਸ ਐੱਸ – ਭਾਜਪਾ ਦੀ ਸੰਗਠਨਾਤਮਕ ਤਾਕਤ ਦੀ ਪ੍ਰਸ਼ੰਸਾ ਕੀਤੀ ਅਤੇ ਐਕਸ ’ਤੇ ਇੱਕ ਪੋਸਟ ਵਿੱਚ ਸ੍ਰੀ ਨਰਿੰਦਰ ਮੋਦੀ ਦੀ ਇੱਕ ਪੁਰਾਣੀ ਫੋਟੋ ਸਾਂਝੀ ਕੀਤੀ। ਉਨ੍ਹਾਂ ਨੇ ਕਾਂਗਰਸ ਨੂੰ ਜ਼ਮੀਨੀ ਪੱਧਰ ’ਤੇ ਮਜ਼ਬੂਤ ? ?ਕੀਤੇ ਜਾਣ ਦੀ ਲੋੜ ’ਤੇ ਵੀ ਜ਼ੋਰ ਦਿੱਤਾ। ਦਿਗਵਿਜੈ ਦੇ ਵਿਚਾਰਾਂ ਦੀ ਹਮਾਇਤ ਅੱਗੋਂ ਸ਼ਸ਼ੀ ਥਰੂਰ ਵੱਲੋਂ ਕੀਤੀ ਗਈ। ਬੇਸ਼ੱਕ ਇਹ ਹਕੀਕਤ ਹੈ ਕਿ ਪਾਰਟੀ ਨੂੰ ਆਪਣੀ ਸੰਗਠਨਾਤਮਕ ਤਾਕਤ ਮਜ਼ਬੂਤ ਕਰਨ ਦੀ ਲੋੜ ਹੈ ਪਰ ਨਾਲ ਹੀ ਪਾਰਟੀ ਦੇ ਇਨ੍ਹਾਂ ਸੀਨੀਅਰ ਆਗੂਆਂ, ਖ਼ਾਸ ਕਰ ਕੇ ਦਿੱਗਵਿਜੈ ’ਤੇ ਇਹ ਸੁਆਲ ਵੀ ਉੱਠ ਰਹੇ ਹਨ ਕਿ ਆਪਣੀ ਪਾਰਟੀ ਦੀ ਮਜ਼ਬੂਤੀ ਦੀ ਗੱਲ ਕਰਨ ਲਈ ਉਨ੍ਹਾਂ ਨੂੰ ਭਾਜਪਾ ਦੀ ਇਹ ਤਸਵੀਰ ਸਾਂਝੀ ਕਰਨ ਦੀ ਕੀ ਲੋੜ ਪੈ ਗਈ ? ਕਾਂਗਰਸ ਨੇ ਦਾਅਵਾ ਕੀਤਾ ਹੈ ਕਿ ਇਤਿਹਾਸ, ਕਦਰਾਂ-ਕੀਮਤਾਂ ਅਤੇ ਵਿਚਾਰਧਾਰਾ ਇਸ ਦੀ ਪੂੰਜੀ ਹਨ। ਕੀ ਇਨ੍ਹਾਂ ਦਾ ਚੋਣਾਂ ਵਿੱਚ ਲਾਹਾ ਲਿਆ ਜਾ ਸਕਦਾ ਹੈ ਕਿਉਂਕਿ ਇਹ ਬਿਆਨਬਾਜ਼ੀ ’ਤੇ ਘੱਟ ਅਤੇ ਪਾਰਟੀ ਦੀ ਸੁਧਾਰ, ਪੁਨਰਗਠਨ ਅਤੇ ਲੋਕਾਂ ਨਾਲ ਮਜ਼ਬੂਤੀ ਨਾਲ ਜੁੜਨ ਦੀ ਯੋਗਤਾ ’ਤੇ ਜ਼ਿਆਦਾ ਨਿਰਭਰ ਕਰਦਾ ਹੈ। ਭਾਜਪਾ ਕਾਂਗਰਸ ਨੂੰ ‘ਖੁਸ਼ਾਮਦੀਆਂ ਦੀ ਫ਼ੌਜ’ ਅਤੇ ਭਾਰਤੀ ਜਮਹੂਰੀਅਤ ਦੀ ‘ਸਭ ਤੋਂ ਕਮਜ਼ੋਰ ਕੜੀ’ ਤਾਂ ਦੱਸ ਰਹੀ ਹੈ ਪਰ ਨਾਲ ਇਹ ਵੀ ਹਕੀਕਤ ਹੈ ਉਸ ਦੀ ਸੱਤਾ ਹਾਸਲ ਕਰਨ ਤੇ ਉਸ ਨੂੰ ਬਣਾਈ ਰੱਖਣ ਲਈ ਸਾਮ-ਦਾਮ-ਦੰਡ-ਭੇਦ ਦੀ ਨੀਤੀ ਕਾਂਗਰਸ ਦੇ ਵੱਸ ਦੀ ਗੱਲ ਨਹੀਂ। ਫਿਰ ਵੀ 140 ਸਾਲ ਪੁਰਾਣੀ ਪਾਰਟੀ ਕਾਂਗਰਸ ਨੂੰ ਸਥਿਤੀ ਨੂੰ ਬਦਲਣ ਲਈ ਜ਼ੋਰਦਾਰ ਹੰਭਲਾ ਮਾਰਨਾ ਚਾਹੀਦਾ ਹੈ। ਵਿਰੋਧੀ ਧਿਰ ਵੱਲੋਂ ਭਾਜਪਾ ਦਾ ਸਾਹਮਣਾ ਕਰਨ ਦੀਆਂ ਸੰਭਾਵਨਾਵਾਂ ਦੀ ਕੁੰਜੀ ਕਾਂਗਰਸ ਦੇ ਮੁੜ ਉਭਾਰ ਵਿੱਚ ਹੀ ਪਈ ਹੈ।

# ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸਮੀਖਿਆ ਮੀਟਿੰਗ ਦੀ ਕੀਤੀ ਪ੍ਰਧਾਨਗੀ



**ਚੰਡੀਗੜ੍ਹ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਸਮੁੱਚੇ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ, ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਵਿਕਾਸ ਭਵਨ, ਐਸ.ਏ.ਐਸ. ਨਗਰ ਵਿਖੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਸਬੰਧਤ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ।

ਇਸ ਸਮੀਖਿਆ ਮੀਟਿੰਗ ਦੌਰਾਨ ਤਰੁਨਪ੍ਰੀਤ ਸਿੰਘ ਸੌਂਦ ਨੇ ਨਿਰਮਾਣ ਅਧੀਨ 3100 ਮਾਡਲ ਖੇਡ ਮੈਦਾਨਾਂ ਅਤੇ ਨਿਰਮਾਣ ਅਧੀਨ 500 ਪੰਚਾਇਤ ਘਰਾਂ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ।

ਇਸ ਦੇ ਨਾਲ ਹੀ ਉਨ੍ਹਾਂ ਨੇ ਨਿਰਮਾਣ ਅਧੀਨ 1100 ਆਂਗਣਵਾੜੀ ਕੇਂਦਰਾਂ ਦੇ ਵਿਕਾਸ ਕਾਰਜਾਂ ਦੀ ਵੀ ਸਮੀਖਿਆ ਕੀਤੀ। ਮੀਟਿੰਗ ਦੌਰਾਨ ਸ. ਸੌਂਦ ਨੇ ਚੱਲ ਰਹੇ ਕਈ ਹੋਰ ਵੱਡੇ ਅਤੇ ਛੋਟੇ ਵਿਕਾਸ ਕਾਰਜਾਂ ਦੀ ਵੀ ਸਮੀਖਿਆ ਕੀਤੀ।

ਮੀਟਿੰਗ ਦੌਰਾਨ ਪੇਂਡੂ ਵਿਕਾਸ ਤੇ ਪੰਚਾਇਤ ਦੇ ਪ੍ਰਬੰਧਕੀ ਸਕੱਤਰ ਅਜੀਤ ਬਾਲਾਜੀ ਜੋਸ਼ੀ, ਜੁਆਇੰਟ ਵਿਕਾਸ ਕਮਿਸ਼ਨਰ ਸ਼ੇਨਾ ਅਗਰਵਾਲ, ਪੰਜਾਬ ਵਿਕਾਸ ਕਮਿਸ਼ਨ ਦੇ ਮੈਂਬਰ ਅਨੁਰਾਗ ਕੁੰਡੂ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਉਮਾ ਸ਼ੰਕਰ ਗੁਪਤਾ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਮੁੱਖ ਇੰਜੀਨੀਅਰ ਕਰਨਪਾਲ ਸਿੰਘ ਚਾਹਲ ਮੌਜੂਦ ਸਨ।

# ਸੀ-ਪਾਈਟ ਕੈਂਪ ਵਿਖੇ ਟੇਰੀਟੋਰਿਅਲ ਆਰਮੀ ਅਤੇ ਰੀਲੇਸ਼ਨ ਦੀ ਲਿਖਤੀ ਪ੍ਰੀਖਿਆ ਦੀ ਤਿਆਰੀ ਮੁਫ਼ਤ ਕਰਵਾਈ ਜਾਵੇਗੀ




**ਬਟਾਲਾ,2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਰਕਾਰ ਦੇ ਅਦਾਰੇ ਸੀ- ਪਾਈਟ ਕੈਂਪ ਡੇਰਾ ਬਾਬਾ ਨਾਨਕ ਵੱਲੋਂ ਜਿਲ੍ਹਾ ਗੁਰਦਾਸਪੁਰ , ਪਠਾਨਕੋਟ ਅਤੇ ਅੰਮ੍ਰਿਤਸਰ ਦੇ ਯੁਵਕਾਂ ਲਈ ਟੇਰੀਟੋਰਿਅਲ ਆਰਮੀ ਅਤੇ ਰੀਲੇਸ਼ਨ ਦੀ ਲਿਖਤੀ ਪ੍ਰੀਖਿਆ ਲਈ ਕੈਂਪ ਵਿੱਚ ਦਾਖਲਾ ਸ਼ੁਰੂ ਹੈ ।

ਸੂਬੇਦਾਰ ਗੁਰਨਾਮ ਸਿੰਘ, ਟ੍ਰੇਨਿੰਗ ਅਧਿਕਾਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਨਾਂ ਯੁਵਕਾਂ ਨੇ ਟੇਰੀਟੋਰਿਅਲ ਆਰਮੀ ਅਤੇ ਰੀਲੇਸ਼ਨ ਦੀ ਸ਼ਰੀਰਕ ਅਤੇ ਮੈਡੀਕਲ ਪ੍ਰੀਖਿਆ ਪਾਸ ਕੀਤੀ ਹੈ ਉਹਨਾਂ ਦੀ ਲਿਖਤੀ ਪੇਪਰ ਦੀ ਤਿਆਰੀ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ ਵਿਖੇ ਮੁਫਤ ਕਰਵਾਈ ਜਾ ਰਹੀ ਹੈ।ਪੰਜਾਬ ਸਰਕਾਰ ਵੱਲੋਂ ਸਿਖਲਾਈ ਦੌਰਾਨ ਯੁਵਕਾਂ ਨੂੰ ਮੁਫ਼ਤ ਰਿਹਾਇਸ਼ ਅਤੇ ਖਾਣਾ ਮੁਹੱਈਆ ਕਰਵਾਇਆ ਜਾਵੇਗਾ। ਚਾਹਵਾਨ ਯੁਵਕ ਆਪਣੇ ਸਾਰੇ ਅਸਲ ਸਰਟੀਫਿਕੇਟ ਤੇ ਉਹਨਾਂ ਦੀਆਂ 2-2 ਫੋਟੋਕਾਪੀਆਂ ਅਤੇ 4 ਪਾਸਪੋਰਟ ਸਾਈਜ਼ ਫੋਟੋਆਂ ਲੈ ਕੇ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ, ਗੁਰਦਾਸਪੁਰ ਵਿੱਚ ਰਿਪੋਰਟ ਕਰ ਸਕਦੇ ਹਨ ।

ਵਧੇਰੇ ਜਾਣਕਾਰੀ ਲਈ 62830- 31125, 94647-56808, 94174- 20125 ਅਤੇ 84374- 42966 ਨੰਬਰਾਂ @ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਦੇ ਦਿੱਤੇ ਨਿਰਦੇਸ਼

**ਚੰਡੀਗੜ੍ਹ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਸਮੁੱਚੇ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ, ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਵਿਕਾਸ ਭਵਨ, ਐਸ.ਏ.ਐਸ. ਨਗਰ ਵਿਖੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਸਬੰਧਤ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀਇਸ ਸਮੀਖਿਆ ਮੀਟਿੰਗ ਦੌਰਾਨ ਤਰੁਨਪ੍ਰੀਤ ਸਿੰਘ ਸੌਂਦ ਨੇ ਨਿਰਮਾਣ ਅਧੀਨ 3100 ਮਾਡਲ ਖੇਡ ਮੈਦਾਨਾਂ ਅਤੇ ਨਿਰਮਾਣ ਅਧੀਨ 500 ਪੰਚਾਇਤ ਘਰਾਂ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆਇਸ ਦੇ ਨਾਲ ਹੀ ਉਨ੍ਹਾਂ ਨੇ ਨਿਰਮਾਣ ਅਧੀਨ 1100 ਆਂਗਣਵਾੜੀ ਕੇਂਦਰਾਂ ਦੇ ਵਿਕਾਸ ਕਾਰਜਾਂ ਦੀ ਵੀ ਸਮੀਖਿਆ ਕੀਤੀ। ਮੀਟਿੰਗ ਦੌਰਾਨ ਸ. ਸੌਂਦ ਨੇ ਚੱਲ ਰਹੇ ਕਈ ਹੋਰ ਵੱਡੇ ਅਤੇ ਛੋਟੇ ਵਿਕਾਸ ਕਾਰਜਾਂ ਦੀ ਵੀ ਸਮੀਖਿਆ ਕੀਤੀ।ਮੀਟਿੰਗ ਦੌਰਾਨ ਪੇਂਡੂ ਵਿਕਾਸ ਤੇ ਪੰਚਾਇਤ ਦੇ ਪ੍ਰਬੰਧਕੀ ਸਕੱਤਰ ਅਜੀਤ ਬਾਲਾਜੀ ਜੋਸ਼ੀ, ਜੁਆਇੰਟ ਵਿਕਾਸ ਕਮਿਸ਼ਨਰ ਸ਼ੇਨਾ ਅਗਰਵਾਲ, ਪੰਜਾਬ ਵਿਕਾਸ ਕਮਿਸ਼ਨ ਦੇ ਮੈਂਬਰ ਅਨੁਰਾਗ ਕੁੰਡੂ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਉਮਾ ਸ਼ੰਕਰ ਗੁਪਤਾ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਮੁੱਖ ਇੰਜੀਨੀਅਰ ਕਰਨਪਾਲ ਸਿੰਘ ਚਾਹਲ ਮੌਜੂਦ ਸਨ।

# ਅਥਲੀਟ ਜਸ਼ਦੀਪ ਕੌਰ ਨੇ ਕੌਮੀ ਸਕੂਲ ਖੇਡਾਂ ਦੇ 4400 ਮੀਟਰ ਰਿਲੇਅ ਦੌੜ ਵਿੱਚ ਦੂਸਰਾ ਸਥਾਨ ਹਾਸਲ ਕੀਤਾ



**ਤਰਨ ਤਾਰਨ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਜ਼ਿਲ੍ਹਾ ਖੇਡ ਅਫ਼ਸਰ ਤਰਨ ਤਾਰਨ ਸ੍ਰੀਮਤੀ ਸਤਵੰਤ ਕੌਰ ਵੱਲੋਂ ਜ਼ਿਲ੍ਹਾ ਤਰਨ ਤਾਰਨ ਦੀ ਉਭਰ ਰਹੀ ਅਥਲੀਟ ਜਸ਼ਨਦੀਪ ਕੌਰ ਨੂੰ ਅੱਜ ਆਪਣੇ ਦਫ਼ਤਰ ਵਿਖੇ ਵਿਸ਼ੇਸ਼ ਤੌਰ ▼ਤੇ ਸਨਮਾਨਿਤ ਕੀਤਾ ਗਿਆ। ਖਿਡਾਰਨ ਜਸ਼ਨਦੀਪ ਕੌਰ ਪੁੱਤਰੀ ਸਰਦਾਰ ਦਲਜੀਤ ਸਿੰਘ ਜਿਸਨੇ ਬੀਤੇ ਦਿਨੀਂ ਕੌਮੀ ਸਕੂਲ ਖੇਡਾਂ ਵਿੱਚ ਭਾਗ ਲਿਆ ਸੀ ਅਤੇ ਉਸਨੇ 4400 ਮੀਟਰ ਰਿਲੇਅ ਦੌੜ ਵਿੱਚ ਦੂਸਰਾ ਸਥਾਨ ਹਾਸਲ ਕਰਕੇ ਚਾਂਦੀ ਦਾ ਤਗਮਾ ਹਾਸਲ ਕੀਤਾ ਸੀ।

ਇਹ ਖੇਡਾਂ ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿਖੇ 13 ਦਸੰਬਰ 2025 ਤੋਂ 17 ਦਸੰਬਰ 2025 ਤੱਕ ਹੋਈਆਂ ਸਨ।

ਜ਼ਿਲ੍ਹਾ ਤਰਨ ਤਾਰਨ ਦੀ ਇਸ ਹੋਣਹਾਰ ਖਿਡਾਰਨ ਜਸਨਦੀਪ ਕੌਰ ਨੂੰ ਇਸ ਮਾਣਮੱਤੀ ਪ੍ਰਾਪਤੀ ਲਈ ਸ਼ਾਬਾਸ਼ੀ ਦਿੰਦਿਆਂ ਜ਼ਿਲ੍ਹਾ ਖੇਡ ਅਫ਼ਸਰ ਸ੍ਰੀਮਤੀ ਸਤਵੰਤ ਕੌਰ ਨੇ ਕਿਹਾ ਕਿ ਜ਼ਿਲ੍ਹਾ ਤਰਨ ਤਾਰਨ ਅਤੇ ਸੂਬਾ ਪੰਜਾਬ ਨੂੰ ਆਪਣੀ ਇਸ ਧੀ ਉੱਪਰ ਮਾਣ ਹੈ ਅਤੇ ਅਸੀਂ ਆਸ ਕਰਦੇ ਹਾਂ ਕਿ ਸਾਡੀ ਇਹ ਧੀ ਭਵਿੱਖ ਵਿੱਚ ਹੋਰ ਵੀ ਉੱਚੀਆਂ ਮੰਜ਼ਿਲਾਂ ਨੂੰ ਹਾਸਲ ਕਰਕੇ ਆਪਣੇ ਮਾਪਿਆਂ, ਜ਼ਿਲ੍ਹੇ ਅਤੇ ਸੂਬੇ ਦਾ ਨਾਮ ਦੇਸ਼ ਭਰ ਵਿੱਚ ਰੌਸ਼ਨ ਕਰੇਗੀ।

ਉਨ੍ਹਾਂ ਕਿਹਾ ਕਿ ਸਿਰਫ ਖੇਡਾਂ ਹੀ ਇੱਕ ਅਜਿਹਾ ਸਾਧਨ ਹਨ, ਜਿਨਾਂ ਨਾਲ ਜੋੜ ਕੇ ਸਾਡੇ ਨੌਜਵਾਨ ਨਸ਼ਿਆਂ ਵਰਗੀ ਭੈੜੀ ਲਾਹਨਤ ਤੋਂ ਦੂਰ ਰਹਿ ਕੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਵਿੱਚ ਅਹਿਮ ਯੋਗਦਾਨ ਪਾ ਸਕਦੇ ਹਨ।

ਉਹਨਾਂ ਕਿਹਾ ਕਿ ਮਾਪਿਆਂ ਨੂੰ ਚਾਹੀਦਾ ਹੈ, ਕਿ ਉਹ ਆਪਣੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਵਾਸਤੇ ਵੱਧ ਤੋਂ ਵੱਧ ਉਪਰਾਲੇ ਕਰਨ। ਇਸ ਮੌਕੇ ਜ਼ਿਲ੍ਹਾ ਖੇਡ ਦਫ਼ਤਰ ਦੇ ਸੀਨੀਅਰ ਸਹਾਇਕ ਸ੍ਰੀ ਬਲਜੀਤ ਸਿੰਘ, ਵਿਭਾਗ ਦੇ ਸਮੂਹ ਕੋਚ ਤੇ ਸਮੂਹ ਸਟਾਫ ਹਾਜ਼ਰ ਸੀ।

# ਨਸ਼ਿਆਂ ਤੇ ਹੋਰਨਾਂ ਅਲਾਮਤਾਂ ਖ਼ਿਲਾਫ਼ ਜਾਗਰੂਕਤਾ ਮੁਹਿੰਮ ਤੇਜ਼ੀ ਨਾਲ ਜਾਰੀ - ਨੀਰਜ ਗੋਇਲ



**ਹੁਸ਼ਿਆਰਪੁਰ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਨੌਜਵਾਨਾਂ ਨੂੰ ਨਸ਼ਿਆਂ ਅਤੇ ਹੋਰਨਾਂ ਅਲਾਮਤਾਂ ਤੋਂ ਦੂਰ ਰੱਖਣ ਲਈ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਬ-ਡਵੀਜ਼ਨਾਂ ਦੇ ਵੱਖ-ਵੱਖ ਪਿੰਡਾਂ ਵਿੱਚ ਸ਼ੁਰੂ ਕੀਤੀ ਗਈ ਜਾਗਰੂਕਤਾ ਮੁਹਿੰਮ ਤੇਜ਼ੀ ਨਾਲ ਜਾਰੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਤੋ ਦੂਰ ਰੱਖਣ ਅਤੇ ਹੋਰਨਾਂ ਸਕੀਮਾਂ ਸਬੰਧੀ ਜਾਗਰੂਕ ਕਰਨ ਲਈ ਵੱਖ-ਵੱਖ ਪਿੰਡਾਂ ਅਤੇ ਗੁਰਦੁਆਰਾ ਸਾਹਿਬਾਨ ਵਿਚ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਵਿਚ ਪਿੰਡ ਨੰਗਰ ਮਰੂਫ, ਨਸਰਾਲਾ ਕਲੋਨੀ, ਗੁਰਦੁਆਰਾ ਸਾਹਿਬ ਪਿੰਡ ਪੰਡੋਰੀ ਖਜੂਰ, ਗੁਰਦੁਆਰਾ ਸਾਹਿਬ ਪਿੰਡ ਨੌਸ਼ਹਿਰਾ ਪੱਤਣ ਸ਼ਾਮਿਲ ਸਨ।

ਇਸ ਮੌਕੇ ਪੈਨਲ ਐਡਵੋਕੇਟਾਂ ਵੱਲੋਂ @ਬਾਲ ਵਿਵਾਹ ਮੁਕਤ ਭਾਰਤ@ ਮੁਹਿੰਮ ਸਬੰਧੀ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਦਿੰਦੇ ਹੋਏ ਧਿਆਨ ਵਿੱਚ ਲਿਆਂਦਾ ਗਿਆ ਕਿ ਲੜਕੀ ਦੀ ਵਿਆਹ ਦੀ ਉਮਰ 18 ਸਾਲ ਤੋ ਘੱਟ ਨਾ ਹੋਵੇ ਅਤੇ ਲੜਕੇ ਦੀ ਉਮਰ 21 ਸਾਲ ਤੋ ਘੱਟ ਨਹੀਂ ਹੋਣੀ ਚਾਹੀਦੀ। ਇਸ ਦੇ ਨਾਲ ਹੀ @ਨਾਲਸਾ@ ਦੀ ਵਾਤਾਵਰਨ ਕਾਨੂੰਨੀ ਸਾਖ਼ਰਤਾ ਅਤੇ ਭਾਈਚਾਰਕ ਸੁਰੱਖਿਆ ਪਹਿਲਕਦਮੀ, ਜਿਸ ਦਾ ਸਿਰਲੇਖ @ਅੱਜ ਦੀ ਰੱਖਿਆ ਕਰੋ, ਕੱਲ੍ਹ ਨੂੰ ਸੁਰੱਖਿਅਤ ਕਰੋ@ ਸੀ, ਬਾਰੇ ਦੱਸਦੇ ਹੋਏ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਪਿੰਡਾਂ ਵਿੱਚ ਪਰਾਲੀ ਨੂੰ ਨਾ ਸਾੜਿਆ ਜਾਵੇ, ਨਾ ਹੀ ਪਲਾਸਟਿਕ ਨੂੰ ਅੱਗ ਲਗਾਈ ਜਾਵੇ, ਕਿਉਂਕਿ ਇਸ ਦੇ ਧੂੰਏਂ ਤੋਂ ਪ੍ਰਦੂਸ਼ਨ ਹਵਾ ਵਿੱਚ ਫ਼ੈਲਦਾ ਹੈ, ਜਿਸ ਨਾਲ ਕਈ ਬਿਮਾਰੀਆਂ ਲੱਗਦੀਆਂ ਹਨ। ਇਸ ਤੋਂ ਇਲਾਵਾ ਐਚ.ਆਈ.ਵੀ ਏਡਜ਼ ਮੁਹਿੰਮ ਬਾਰੇ ਜਾਣਕਾਰੀ ਦਿੱਤੀ ਗਈ। ਨਸ਼ਿਆਂ ਖਿਲਾਫ ਮੁਹਿੰਮ ਸਬੰਧੀ ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦਾ ਉਦੇਸ਼ ਨੌਜਵਾਨ ਪੀੜ੍ਹੀ ਨੂੰ ਭਵਿੱਖ ਵਿਚ ਨਸ਼ੇ ਨੂੰ ਤਿਆਗ ਕੇ ਚੰਗੇ ਕੰਮ ਕਰਨ ਲਈ ਪ੍ਰੇਰਿਤ ਕਰਨਾ ਹੈ, ਤਾਂ ਜੋ ਚੰਗੇ ਸਮਾਜ ਦੀ ਰਚਨਾ ਕੀਤੀ ਜਾ ਸਕੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਨਸ਼ੇ ਦੇ ਸੇਵਨ ਨਾਲ ਮਨੁੱਖੀ ਜੀਵਨ ਬਰਬਾਦ ਹੋ ਜਾਂਦਾ ਹੈ ਅਤੇ ਘਰ ਵਿੱਚ ਅਸ਼ਾਂਤੀ ਪੈਦਾ ਹੁੰਦੀ ਹੈ। ਨਾਲਸਾ (ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੈਵੀਗੇਸ਼ਨ- ਡਰੱਗ ਮੁਕਤ ਭਾਰਤ ਲਈ), ਯੋਜਨਾ 2025 ਅਤੇ ਸਿਹਤ, ਪਰਿਵਾਰਕ ਅਤੇ ਸਮਾਜਿਕ ਜੀਵਨ ਤੇ ਨਸ਼ਿਆਂ ਦਾ ਪ੍ਰਭਾਵ ਅਤੇ ਐਨ.ਡੀ.ਪੀ.ਐਸ. ਐਕਟ ਦੇ ਕਾਨੂੰਨੀ ਉਪਬੰਧਾਂ ਦਾ ਬਾਰੇ ਵੀ ਜਾਣਕਾਰੀ ਦਿੱਤੀ ਗਈ। ਅਖੀਰ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਿੱਚ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਵੱਲੋ ਪ੍ਰਚਾਰ ਸਮੱਗਰੀ ਵੰਡੀ ਗਈ।

# ਅਮਰਦੀਪ ਸਿੰਘ ਰਾਜਨ ਸਰਬਸੰਮਤੀ ਨਾਲ ਚੁਣੇ ਗਏ ਕੋਆਪਰੇਟਿਵ ਬੈਂਕ ਦੇ ਚੇਅਰਮੈਨ



**ਬਠਿੰਡਾ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਬਠਿੰਡਾ ਸੈਂਟਰਲ ਕੋਆਪਰੇਟਿਵ ਬੈਂਕ ਲਿਮਿਟੇਡ ਦੇ ਨਵੇਂ ਚੁਣੇ ਗਏ ਬੋਰਡ ਆਫ ਡਾਇਰੈਕਟਰਜ਼ ਦੀ ਅਹਿਮ ਮੀਟਿੰਗ ਅੱਜ ਮੁਕੰਮਲ ਹੋਈ। ਇਸ ਮੀਟਿੰਗ ਦੌਰਾਨ ਬੋਰਡ ਦੇ ਅਹੁਦੇਦਾਰਾਂ ਦੀ ਚੋਣ ਪ੍ਰਕਿਰਿਆ ਪੂਰੀ ਕੀਤੀ ਗਈ। ਮੀਟਿੰਗ ਵਿੱਚ ਸ੍ਰੀ ਅਮਰਦੀਪ ਸਿੰਘ ਰਾਜਨ ਨੂੰ ਸਰਬਸੰਮਤੀ ਨਾਲ ਦ ਬਠਿੰਡਾ ਸੈਂਟਰਲ ਕੋਆਪਰੇਟਿਵ ਬੈਂਕ ਦਾ ਚੇਅਰਮੈਨ ਚੁਣਿਆ ਗਿਆ, ਜਦਕਿ ਸ੍ਰੀ ਸੁਖਦੀਪ ਸਿੰਘ ਭਿੰਡਰ ਨੂੰ ਪੰਜਾਬ ਰਾਜ ਸਹਿਕਾਰੀ ਬੈਂਕ ਲਿਮਿਟੇਡ, ਚੰਡੀਗੜ੍ਹ ਲਈ ਨੁਮਾਇੰਦਾ ਮਨੋਨਿਤ ਕੀਤਾ ਗਿਆ।

ਇਸ ਮੌਕੇ ਬਠਿੰਡਾ ਦੇ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਨਵੇਂ ਚੁਣੇ ਗਏ ਚੇਅਰਮੈਨ ਸ੍ਰੀ ਅਮਰਦੀਪ ਸਿੰਘ ਰਾਜਨ ਨੂੰ ਮੂੰਹ ਮਿੱਠਾ ਕਰਵਾਕੇ ਅਤੇ ਗੁਲਦਸਤਾ ਭੇਟ ਕਰਕੇ ਵਧਾਈਆਂ ਦਿੱਤੀਆਂ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਤੇ ਪੰਜਾਬ ਇੰਚਾਰਜ ਸ੍ਰੀ ਮਨੀਸ਼ ਸਿਸੋਦੀਆ ਦੀ ਅਗਵਾਈ ਹੇਠ ਨੌਜਵਾਨ ਵਰਕਰਾਂ ਨੂੰ ਵੱਡੀਆਂ ਜ਼ਿੰਮੇਵਾਰੀਆਂ ਸੌਂਪੀਆਂ ਜਾ ਰਹੀਆਂ ਹਨ।

ਮੇਅਰ ਸ੍ਰੀ ਮਹਿਤਾ ਨੇ ਕਿਹਾ ਕਿ ਸ੍ਰੀ ਅਮਰਦੀਪ ਸਿੰਘ ਰਾਜਨ ਪਿਛਲੇ ਕਰੀਬ ਦਸ ਸਾਲਾਂ ਤੋਂ ਪਾਰਟੀ ਲਈ ਤਨਦੇਹੀ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਉਮੀਦ ਜਤਾਈ ਕਿ ਸ਼੍ਰੀ ਰਾਜਨ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਦ ਬਠਿੰਡਾ ਸੈਂਟਰਲ ਕੋਆਪਰੇਟਿਵ ਬੈਂਕ ਨੂੰ ਨਵੀਆਂ ਉੱਚਾਈਆਂ ਤੱਕ ਲੈ ਜਾਣਗੇ। ਇਸ ਦੇ ਨਾਲ ਹੀ ਉਨ੍ਹਾਂ ਨੇ ਸ੍ਰੀ ਸੁਖਦੀਪ ਸਿੰਘ ਭਿੰਡਰ ਨੂੰ ਵੀ ਨੁਮਾਇੰਦਾ ਚੁਣੇ ਜਾਣ ’ਤੇ ਵਧਾਈ ਦਿੱਤੀ।

ਚੇਅਰਮੈਨ ਚੁਣੇ ਜਾਣ ਉਪਰੰਤ ਸ੍ਰੀ ਅਮਰਦੀਪ ਸਿੰਘ ਰਾਜਨ ਨੇ ਆਪ ਦੇ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ, ਪੰਜਾਬ ਇੰਚਾਰਜ ਸ਼੍ਰੀ ਮਨੀਸ਼ ਸਿਸੋਦੀਆ, ਸ੍ਰੀ ਅਮਰਜੀਤ ਸਿੰਘ ਮਹਿਤਾ, ਸ੍ਰੀ ਪਦਮਜੀਤ ਸਿੰਘ ਮਹਿਤਾ ਸਮੇਤ ਬਠਿੰਡਾ ਜ਼ਿਲ੍ਹੇ ਦੇ ਸਮੂਹ ਵਿਧਾਇਕਾਂ ਅਤੇ ਜ਼ਿਲ੍ਹੇ ਨਾਲ ਸਬੰਧਿਤ ਵੱਖ-ਵੱਖ ਬੋਰਡਾਂ ਦੇ ਚੇਅਰਮੈਨਾਂ ਸ੍ਰੀ ਰਾਕੇਸ਼ ਪੁਰੀ, ਸ੍ਰੀ ਜਤਿੰਦਰ ਸਿੰਘ ਸ੍ਰੀ ਅਮਰਦੀਪ ਸਿੰਘ ਰਾਜਨ ਪਿਛਲੇ ਕਰੀਬ ਦਸ ਸਾਲਾਂ ਤੋਂ ਪਾਰਟੀ ਲਈ ਤਨਦੇਹੀ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਉਮੀਦ ਜਤਾਈ ਕਿ ਸ਼੍ਰੀ ਰਾਜਨ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਭੱਲਾ, ਸ੍ਰੀ ਨਵਦੀਪ ਸਿੰਘ ਜੀਦਾ, ਸ੍ਰੀ ਅਨਿਲ ਠਾਕੁਰ, ਸ੍ਰੀ ਇੰਦਰਜੀਤ ਸਿੰਘ ਮਾਨ, ਸ੍ਰੀ ਨੀਲ ਗਰਗ ਅਤੇ ਸ੍ਰੀ ਬਲਜੀਤ ਬੱਲੀ ਦਾ ਧੰਨਵਾਦ ਕੀਤਾ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਤਨਦੇਹੀ ਤੇ ਇਮਾਨਦਾਰੀ ਨਾਲ ਕੰਮ ਕਰਦੇ ਹੋਏ ਬੈਂਕ ਦੀ ਤਰੱਕੀ ਤੇ ਮੈਂਬਰਾਂ ਦੇ ਹਿਤਾਂ ਦੀ ਰੱਖਿਆ ਲਈ ਯਤਨਸ਼ੀਲ ਰਹਿਣਗੇ।

# ਸੰਯੁਕਤ ਮੁੱਖ ਚੋਣ ਅ.ਫਸਰ, ਪੰਜਾਬ, ਸ੍ਰੀ ਸਕੱਤਰ ਸਿੰਘ ਬੱਲ ਵੱਲੋਂ ਵੋਟਿੰਗ ਮਸ਼ੀਨਾਂ ਦੇ ਵੇਅਰਹਾਊਸ ਦਾ ਨਿਰੀਖਣ




**ਗੁਰਦਾਸਪੁਰ,2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਮਾਨਯੋਗ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸੰਯੁਕਤ ਮੁੱਖ ਚੋਣ ਅਫ਼ਸਰ, ਪੰਜਾਬ, ਸ੍ਰੀ ਸਕੱਤਰ ਸਿੰਘ ਬੱਲ, ਪੀ.ਸੀ.ਐਸ. ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਦੇ ਹਾਲ ਨੰ: 221 ਬਲਾਕ-ਬੀ ਵਿਖੇ ਵੋਟਿੰਗ ਮਸ਼ੀਨਾਂ ਦੇ ਵੇਅਰਹਾਊਸ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਸ੍ਰੀ ਗੁਰਸਿਮਰਨ ਸਿੰਘ ਢਿੱਲੋਂ, ਪੀ.ਸੀ.ਐਸ. ਵਧੀਕ ਜ਼ਿਲ੍ਹਾ ਚੋਣ ਅਫਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ, ਸ. ਮਨਜਿੰਦਰ ਸਿੰਘ ਬਾਜਵਾ ਚੋਣ ਤਹਿਸੀਲਦਾਰ ਤੋਂ ਇਲਾਵਾ ਹੋਰ ਅਧਿਕਾਰੀ ਅਤੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ।

ਵੋਟਿੰਗ ਮਸ਼ੀਨਾਂ ਦੇ ਵੇਅਰ ਹਾਊਸ ਦੇ ਨਿਰੀਖਣ ਦੌਰਾਨ ਸੰਯੁਕਤ ਮੁੱਖ ਚੋਣ ਅਫ਼ਸਰ ਸਕੱਤਰ ਸਿੰਘ ਬੱਲ ਨੇ ਵੇਅਰ ਹਾਊਸ ਦੀ ਲਾਗ-ਬੁੱਕ ਚੈੱਕ ਕਰਨ ਦੇ ਨਾਲ ਸਟਾਕ ਰਜਿਸਟਰ ਦੀ ਜਾਂਚ ਕੀਤੀ। ਇਸ ਮੌਕੇ ਉਨ੍ਹਾਂ ਵੇਅਰਹਾਊਸ ਵਿੱਚ ਲਗਾਏ ਅੱਗ ਬੁਝਾਊ ਯੰਤਰਾਂ ਅਤੇ ਹੋਰ ਪ੍ਰਬੰਧਾਂ ਦੀ ਜਾਂਚ ਵੀ ਕੀਤੀ।

ਉਨ੍ਹਾਂ ਕਿਹਾ ਕਿ ਵੇਅਰ ਹਾਊਸ ਵਿੱਚ ਵੋਟਿੰਗ ਮਸ਼ੀਨਾਂ ਦੇ ਰੱਖ-ਰਖਾਵ ਵਿੱਚ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਇਸ ਮੌਕੇ ਉਨ੍ਹਾਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਵੀ ਗੱਲਬਾਤ ਕੀਤੀ। ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਵੇਅਰਹਾਊਸ ਦੇ ਪ੍ਰਬੰਧਾਂ ਬਾਰੇ ਆਪਣੀ ਸੰਤੁਸ਼ਟੀ ਜ਼ਾਹਰ ਕੀਤੀ ਅਤੇ ਚੋਣ ਪ੍ਰਣਾਲੀ ਸਬੰਧੀ ਪ੍ਰਸ਼ਾਸ਼ਨ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਿਸ਼ਵਾਸ਼ ਦਿਵਾਇਆ ਗਿਆ।

# ਪੰਜਾਬ ਦੀ ਲੇਡੀ ਡਰੱਗ ਅਫਸਰ ਬਣੀ ‘ਸੁਪਰਾ ਮਿਸਿਜ਼ ਨੈਸ਼ਨਲ 2025’ ਰਨਰ-ਅੱਪ

**ਮੁਹਾਲੀ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਦੇ ਮੋਹਾਲੀ ਦੀ ਰਹਿਣ ਵਾਲੀ ਡਰੱਗ ਕੰਟਰੋਲ ਅਫਸਰ ਨਵਨੀਤ ਕੌਰ ਨੇ ਆਪਣੀ ਹਿੰਮਤ ਅਤੇ ਜਜ਼ਬੇ ਨਾਲ ਇੱਕ ਨਵੀਂ ਮਿਸਾਲ ਕਾਇਮ ਕੀਤੀ ਹੈ। ਰੀੜ੍ਹ ਦੀ ਹੱਡੀ ਦੀ ਗੰਭੀਰ ਸੱਟ ਕਾਰਨ ਛੇ ਮਹੀਨੇ ਬਿਸਤਰੇ ’ਤੇ ਰਹਿਣ ਅਤੇ ਡਾਕਟਰਾਂ ਵੱਲੋਂ ਜਵਾਬ ਮਿਲਣ ਦੇ ਬਾਵਜੂਦ, ਉਨ੍ਹਾਂ ਨੇ ਨਾ ਸਿਰਫ਼ ਵਾਪਸੀ ਕੀਤੀ, ਸਗੋਂ ਅੰਤਰਰਾਸ਼ਟਰੀ ਪੱਧਰ ’ਤੇ ’ਸੁਪਰਾ ਮਿਸਿਜ਼ ਨੈਸ਼ਨਲ 2025’ ਮੁਕਾਬਲੇ ਵਿੱਚ ਪਹਿਲੀ ਰਨਰ-ਅੱਪ ਦਾ ਖਿਤਾਬ ਜਿੱਤ ਕੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ।



ਨਵਨੀਤ ਕੌਰ ਦੀ ਜ਼ਿੰਦਗੀ ਚੁਣੌਤੀਆਂ ਨਾਲ ਭਰੀ ਰਹੀ ਹੈ। ਸਾਲ 2024 ਵਿੱਚ ਇੱਕ ਹਾਦਸੇ ਦੌਰਾਨ ਉਹ ਪੌੜੀਆਂ ਤੋਂ ਡਿੱਗ ਗਏ ਸਨ, ਜਿਸ ਕਾਰਨ ਉਨ੍ਹਾਂ ਦੀ ਰੀੜ੍ਹ ਦੀ ਹੱਡੀ ’ਤੇ ਗੰਭੀਰ ਸੱਟ ਲੱਗੀ। ਡਾਕਟਰਾਂ ਨੇ ਕਿਹਾ ਸੀ ਕਿ ਉਹ ਸ਼ਾਇਦ ਕਦੇ ਦੁਬਾਰਾ ਚੱਲ ਨਹੀਂ ਸਕਣਗੇ। ਛੇ ਮਹੀਨੇ ਬਿਸਤਰੇ ’ਤੇ ਰਹਿਣ ਦੇ ਬਾਵਜੂਦ ਨਵਨੀਤ ਨੇ ਹਾਰ ਨਹੀਂ ਮੰਨੀ। ਯੋਗਾ ਅਤੇ ਜਿੰਮ ਦੀ ਮਦਦ ਨਾਲ ਉਨ੍ਹਾਂ ਨੇ ਆਪਣੇ ਆਪ ਨੂੰ ਮੁੜ ਪੈਰਾਂ ’ਤੇ ਖੜ੍ਹਾ ਕੀਤਾ।

ਸੁਪਰਾ ਮਿਸਿਜ਼ ਨੈਸ਼ਨਲ ਮੁਕਾਬਲੇ ਵਿੱਚ ਦੁਨੀਆ ਭਰ ਦੇ 25 ਦੇਸ਼ਾਂ ਦੀਆਂ ਪ੍ਰਤੀਯੋਗੀਆਂ ਨੇ ਹਿੱਸਾ ਲਿਆ ਸੀ। ਇਸ ਮੁਕਾਬਲੇ ਵਿੱਚ ਰੂਸ ਪਹਿਲੇ ਨੰਬਰ ’ਤੇ ਰਿਹਾ, ਜਦਕਿ ਨਵਨੀਤ ਕੌਰ ਨੇ ਭਾਰਤ ਨੂੰ ਦੂਜਾ ਸਥਾਨ (First Runner-up) ਦਿਵਾਇਆ। ਉਹ ਇਹ ਮੁਕਾਮ ਹਾਸਲ ਕਰਨ ਵਾਲੀ ਪਹਿਲੀ ਭਾਰਤੀ ਔਰਤ ਬਣ ਗਈ ਹੈ। ਨਵਨੀਤ ਕੌਰ ਦਾ ਪਿਛੋਕੜ ਫੌਜੀ ਪਰਿਵਾਰ ਨਾਲ ਸਬੰਧਤ ਹੈ ਅਤੇ ਉਨ੍ਹਾਂ ਦੀ ਸ਼ਖਸੀਅਤ ਦੇ ਕਈ ਪਹਿਲੂ ਹਨ, ਮਹਿਜ਼ 6 ਸਾਲ ਦੀ ਉਮਰ ਵਿੱਚ ਉਹ ਆਲ ਇੰਡੀਆ ਰੇਡੀਓ ਦੀ ਸਭ ਤੋਂ ਛੋਟੀ ਆਰ.ਜ¶ (Radio Jockey) ਬਣੀ।

ਕਾਲਜ ਦੇ ਆਖਰੀ ਸਾਲ ਵਿੱਚ ਉਨ੍ਹਾਂ ਨੇ ਪੰਜਾਬ ਸਿਵਲ ਸਰਵਿਸਿਜ਼ ਦੀ ਪ੍ਰੀਖਿਆ ਪਾਸ ਕੀਤੀ ਅਤੇ ਸਭ ਤੋਂ ਘੱਟ ਉਮਰ ਦੇ ਡਰੱਗ ਕੰਟਰੋਲ ਅਫਸਰਾਂ ਵਿੱਚੋਂ ਇੱਕ ਬਣੇ। ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਚਾਰ ਵਾਰ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ।

# ਹੁਣ ਤਰੱਕੀ ਲਈ ਸੂਬੇ ਤੋਂ ਬਾਹਰ ਜਾਣ ਦੀ ਲੋੜ ਨਹੀਂ; ਪੰਜਾਬ ਵਿੱਚ ਪ੍ਰਤਿਭਾ ਨਿਖਾਰਨ ਅਤੇ ਰੋਜ਼ਗਾਰ ਦੇ ਮਿਲ ਰਹੇ ਹਨ ਵਿਆਪਕ ਮੌਕੇ: ਅਮਨ ਅਰੋੜਾ

**ਚੰਡੀਗੜ੍ਹ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਸੂਬੇ ਦੇ ਨੌਜਵਾਨਾਂ ਦੇ ਵਿਦੇਸ਼ਾਂ ਵੱਲ ਜਾਣ ਦੇ ਰੁਝਾਨ ਨੂੰ ਠੱਲ੍ਹ ਪਾਉਣ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਰੋਜ਼ਗਾਰ ਸਿਰਜਣ ਦੇ ਖੇਤਰ ਵਿੱਚ ਸਾਲ 2025 ਦੌਰਾਨ ਅਹਿਮ ਪ੍ਰਾਪਤੀਆਂ ਕੀਤੀਆਂ ਹਨ। ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਵਿਭਾਗ ਦੀ ਬਹੁ-ਪੱਖੀ ਰਣਨੀਤੀ ਤਹਿਤ ਰੋਜ਼ਗਾਰ ਦੇ ਹਜ਼ਾਰਾਂ ਨਵੇਂ ਮੌਕੇ ਸਿਰਜੇ ਗਏ ਹਨ, ਜਿਸ ਵਿੱਚ ਅਪ੍ਰੈਲ 2022 ਤੋਂ ਹੁਣ ਤੱਕ 59,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਹਨ, ਤਾਂ ਜੋ ਹੁਨਰਮੰਦ ਨੌਜਵਾਨਾਂ ਦੀ ਹਿਜਰਤ ਨੂੰ ਰੋਕਣ ਲਈ ਹੁਨਰ ਵਿਕਾਸ ਪਹਿਲਕਦਮੀਆਂ ਸ਼ਾਮਲ ਹਨ।

ਸੂਬੇ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਯਕੀਨੀ ਬਣਾਉਣ ਲਈ ਵਿਭਾਗ ਦੇ ਠੋਸ ਯਤਨਾਂ ਨੂੰ ਉਜਾਗਰ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਅਪ੍ਰੈਲ 2022 ਤੋਂ ਹੁਣ ਤੱਕ 59,702 ਨੌਜਵਾਨਾਂ ਨੂੰ ਵੱਖ-ਵੱਖ ਵਿਭਾਗਾਂ ਵਿੱਚ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਇਸੇ ਤਰ੍ਹਾਂ ਸਾਲ 2025 ਦੌਰਾਨ ਵਿਭਾਗ ਨੇ 959 ਪਲੇਸਮੈਂਟ ਕੈਂਪਾਂ ਰਾਹੀਂ 48,912 ਉਮੀਦਵਾਰਾਂ ਨੂੰ ਨੌਕਰੀਆਂ ਹਾਸਲ ਕਰਨ ਵਿੱਚ ਮਦਦ ਕੀਤੀ ਹੈ। ਲੋਨ ਕੈਂਪਾਂ ਰਾਹੀਂ 10,064 ਨੌਜਵਾਨਾਂ ਨੂੰ ਸਵੈ-ਰੋਜ਼ਗਾਰ ਸ਼ੁਰੂ ਕਰਨ ਦੇ ਮੌਕੇ ਮਹੁੱਈਆ ਕਰਵਾਏ ਗਏ ਹਨ।

ਰੋਜ਼ਗਾਰ ਉਤਪਤੀ ਮੰਤਰੀ ਨੇ ਦੱਸਿਆ ਕਿ ਪੰਜਾਬ ਹੁਨਰ ਵਿਕਾਸ ਮਿਸ਼ਨ (ਪੀ.ਐਸ.ਡੀ.ਐਮ) ਨੇ 19,619 ਉਮੀਦਵਾਰਾਂ ਨੂੰ ਸਿਖਲਾਈ ਦਿੱਤੀ ਹੈ।

# ਬਦਮਾਸ਼ੀ ਦੀ ਹੱਦ

ਸਵੇਰੇ ਕੋਈ ਪੰਜ ਵਜੇ ਦਾ ਵਕਤ ਸੀ। ਦੱਖਣੀ ਦਿੱਲੀ ਦੇ ਜਾਮੀਆ ਨਗਰ ਥਾਣੇ ਦੇ ਡਿਊਟੀ ਸਟਾਫ ਨੂੰ ਹੋਲੀ ਫੈਮਲੀ ਹਸਪਤਾਲ ਤੋਂ ਸੂਚਨਾ ਮਿਲੀ ਕਿ ਇਕ ਵਿਅਕਤੀ ਆਪਣੀ ਪਤਨੀ ਨੂੰ ਲੈ ਕੇ ਹਸਪਤਾਲ ਪਹੁੰਚਿਆ ਹੈ। ਜਿਸ ਵਕਤ ਉਹ ਹਸਪਤਾਲ ਪਹੁੰਚਿਆ, ਉਸਦੀ ਪਤਨੀ ਮਰ ਚੁੱਕੀ ਸੀ। ਸੂਚਨਾ ਗੰਭੀਰ ਸੀ, ਇਸ ਕਰਕੇ ਡਿਊਟੀ 'ਤੇ ਹਾਜ਼ਰ ਸਬ ਇੰਸਪੈਕਟਰ ਪ੍ਰਵੀਣ ਵਤਸ ਹੋਲੀ ਫੈਮਲੀ ਹਸਪਤਾਲ ਪਹੁੰਚੇ। ਉਹਨਾਂ ਨੇ ਔਰਤ ਦੀ ਲਾਸ਼ ਦੇਖੀ, ਉਸਦੇ ਸਿਰ ਦੇ ਪਿੱਛੇ ਖੱਬੇ ਪਾਸੇ ਕਿਸੇ ਭਾਰੀ ਵਸਤੂ ਨਾਲ ਘਾਤਕ ਸੱਟ ਲੱਗਣ ਦੇ ਨਿਸ਼ਾਨ ਸਨ। ਇਸੇ ਕਾਰਨ ਸਿਰ ਤੋਂ ਬਹੁਤ ਸਾਰੇ ਖੂਨ ਵਹਿ ਤੁਰਿਆ ਸੀ। ਸੰਭਾਵਨਾ ਉਸਦੀ ਮੌਤ ਵੀ ਜ਼ਿਆਦਾ ਖੂਨ ਦੇ ਕਾਰਨ ਹੀ ਹੋਈ ਹੋਣ ਦੀ ਸੀ। ਮ੍ਰਿਤਕਾ ਦੇ ਕੋਲ ਜੋ ਵਿਅਕਤੀ ਖੜ੍ਹਾ ਸੀ, ਉਹ ਖੁਦ ਨੂੰ ਉਸਦਾ ਪਤੀ ਦੱਸ ਰਿਹਾ ਸੀ। ਉਸਦਾ ਨਾਂ ਹਦੀਸ਼ ਸੀ।

ਲਾਸ਼ ਦਾ ਚੰਗੀ ਤਰ੍ਹਾਂ ਮੁਆਇਨਾ ਕਰਨ ਤੋਂ ਬਾਅਦ ਸਬ ਇੰਸਪੈਕਟਰ ਪ੍ਰਵੀਣ ਨੇ ਉਸ ਤੋਂ ਪੁੱਛਿਆ, ਤੁਹਾਡੀ ਪਤਨੀ ਨੂੰ ਸੱਟ ਕਿਵੇਂ ਲੱਗੀ ?

ਪਤਾ ਨਹੀਂ ਸਾਹਿਬ। ਮੈਂ ਤਾਂ ਸੁੱਤਾ ਪਿਆ ਸੀ। ਉਸਦੀ ਚੀਖਣ ਦੀ ਆਵਾਜ਼ ਕਾਰਨ ਮੇਰੀ ਨੀਂਦ ਟੁੱਟੀ ਤਾਂ ਦੇਖਿਆ ਕਿ ਇਸਦੇ ਸਿਰ ਤੋਂ ਖੂਨ ਨਿਕਲ ਰਿਹਾ ਸੀ। ਮੈਂ ਇੱਕਦਮ ਘਬਰਾ ਗਿਆ। ਫਿਰ ਮੈਂ ਇਸਨੂੰ ਲੈ ਕੇ ਹਸਪਤਾਲ ਆ ਗਿਆ ਪਰ ਸਾਹਿਬ ਹਸਪਤਾਲ ਲਿਆਉਣ ਦੌਰਾਨ ਇਹਨਾਂ ਦੀ ਮੌਤ ਹੋ ਗਈ। ਮੈਂ ਬਰਬਾਦ ਹੋ ਗਿਆ, ਮੇਰੇ ਬੱਚੇ ਅਨਾਥ ਹੋ ਗਏ। ਹਦੀਸ਼ ਰੋਂਦੇ ਹੋਏ ਬੋਲਿਆ।

ਤੁਹਾਡੀ ਪਤਨੀ ਦਾ ਨਾਂ ਕੀ ਸੀ ? ਸਬ ਇੰਸਪੈਕਟਰ ਪ੍ਰਵੀਣ ਨੇ ਪੁੱਛਿਆ।

ਰੇਹਾਨਾ ਨਾਂ ਸੀ, ਸਾਹਿਬ। ਹਦੀਸ ਬੋਲਿਆ।

ਕਿੱਥੇ ਰਹਿੰਦੇ ਹੋ ?

ਧੋਬੀਘਾਟ... ਬਾਟਲਾ ਹਾਊਸ ਸਥਿਤ ਮੁਸ਼ੱਰਫ ਦੇ ਮਕਾਨ ਵਿਚ। ਹਦੀਸ ਨੇ ਦੱਸਿਆ।

ਸਬ ਇੰਸਪੈਕਟਰ ਪ੍ਰਵੀਣ ਨੇ ਤੁਰੰਤ ਇਸ ਵਾਰਦਾਤ ਦੀ ਸੂਚਨਾ ਜਾਮੀਆ ਨਗਰ ਥਾਣਾ ਮੁਖੀ ਮੁਹੰਮਦ ਇਕਬਾਲ ਨੂੰ ਦੇ ਦਿੱਤੀ। ਉਹਨਾਂ ਦੇ ਦਿਸ਼ਾ-ਨਿਰਦੇਸ਼ 'ਤੇ ਉਹ ਰੇਹਾਨਾ ਦੀ ਲਾਸ਼ ਨੂੰ ਮੋਰਚਰੀ ਵਿਚ ਸੁਰੱਖਿਅਤ ਰਖਵਾਉਣ ਤੋਂ ਬਾਅਦ ਹਦੀਸ ਨੂੰ ਨਾਲ ਲੈ ਕੇ ਘਟਨਾ ਵਾਲੀ ਥਾਂ 'ਤੇ ਪਹੁੰਚ ਗਏ।

ਮਕਾਨ ਚਾਰ ਕਮਰਿਆਂ ਦਾ ਸੀ। ਇਹਨਾਂ ਵਿਚੋਂ ਇਕ ਕਮਰੇ ਵਿਚ ਹਦੀਸ ਆਪਣੀ ਪਤਨੀ ਰੇਹਾਨਾ ਅਤੇ ਤਿੰਨ ਬੱਚਿਆਂ ਨਾਲ ਰਹਿੰਦਾ ਸੀ। ਹਦੀਸ ਦੇ ਪਿੱਛੇ ਪਿੱਛੇ ਸਬ ਇੰਸਪੈਕਟਰ ਪ੍ਰਵੀਣ ਨੇ ਕਮਰੇ ਦੇ ਅੰਦਰ ਪ੍ਰਵੇਸ਼ ਕੀਤਾ। ਹਦੀਸ ਨੇ ਪਲੰਘ ਵੱਲ ਇਸ਼ਾਰਾ ਕੀਤਾ ਅਤੇ ਕਿਹਾ, ਸਾਹਿਬ, ਕੱਲ੍ਹ ਰਾਤ ਮੈਂ ਰੇਹਾਨਾ ਅਤੇ ਬੱਚਿਆਂ ਦੇ ਨਾਲ ਇਸੇ ਬੈਡ 'ਤੇ ਸੁੱਤੇ ਪਏ ਸੀ। ਸਵੇਰੇ ਜਦੋਂ ਉਸਦੇ ਚੀਖਣ ਦੀਆਂ ਆਵਾਜ਼ਾਂ ਕਾਰਨ ਮੇਰੀ ਅੱਖ ਖੁੱਲ੍ਹੀ ਤਾਂ ਰੇਹਾਨਾ ਨੂੰ ਲਹੂ-ਲੁਹਾਣ ਦੇਖ ਕੇ ਮੈਂ ਡਰ ਗਿਆ।

ਸਬ ਇੰਸਪੈਕਟਰ ਪ੍ਰਵੀਣ ਹਾਲੇ ਪੁੱਛਗਿੱਛ ਕਰ ਹੀ ਰਹੇ ਸਨ ਕਿ ਥਾਣਾ ਮੁਖੀ ਵੀ ਉਥੇ ਪਹੁੰਚ ਗਏ। ਉਹਨਾਂ ਨੇ ਘਟਨਾ ਵਾਲੀ ਥਾਂ ਦੀ ਬਰੀਕੀ ਨਾਲ ਜਾਂਚ ਕੀਤੀ। ਮ੍ਰਿਤਕਾ ਜਿੱਥੇ ਸੁੱਤੀ ਸੀ, ਉਥੇ ਖੂਨ ਹੀ ਖੂਨ ਸੀ। ਯਾਨਿ ਮ੍ਰਿਤਕਾ ਦੇ ਸਿਰ ਤੋਂ ਕਾਫੀ ਖੂਨ ਵਹਿ ਰਿਹਾ ਸੀ।

ਇੰਸਪੈਕਟਰ ਇਕਬਾਲ ਨੇ ਖੂਨ ਨਾਲ ਲਿੱਬੜਿਆ ਬਿਸਤਰ ਜ਼ਬਤ ਕਰ ਲਿਆ। ਰੇਹਾਨਾ ਦੇ ਕਮਰੇ ਦੇ ਸਾਹਮਣੇ ਟਾਰਜਨ ਨਾਂ ਦਾ ਲੜਕਾ ਰਹਿੰਦਾ ਸੀ ਪਰ ਉਹ ਇਸ ਵਕਤ ਕਮਰੇ ਵਿਚ ਨਹੀਂ ਸੀ। ਪੁੱਛਗਿੱਛ ਦੌਰਾਨ ਹਦੀਸ ਨੇ ਮੁਹੰਮਦ ਇਕਬਾਲ ਨੂੰ ਕੋਈ ਵੀ ਅਜਿਹੀ ਜਾਣਕਾਰੀ ਨਹੀਂ ਦਿੱਤੀ, ਜਿਸ ਤੋਂ ਤਫਤੀਸ਼ ਨੂੰ ਕੋਈ ਦਿਸ਼ਾ ਮਿਲਦੀ। ਇਹ ਗੱਲ ਜ਼ਰੂਰ ਪੁਲਿਸ ਨੂੰ ਅੱਖੜ ਰਹੀ ਸੀ ਕਿ ਕੋਈ ਬਾਹਰਲਾ ਵਿਅਕਤੀ ਆ ਕੇ ਹਦੀਸ ਦੇ ਨੇੜੇ ਸੁੱਤੀ ਉਸਦੀ ਪਤਨੀ ਦੀ ਹੱਤਿਆ ਕਰ ਗਿਆ ਅਤੇ ਉਸਨੂੰ ਭਿਣਕ ਤੱਕ ਨਾ ਲੱਗੀ। ਉਸਨੂੰ ਹੀ ਕੀ, ਬੱਚਿਆਂ ਨੂੰ ਵੀ ਕੁਝ ਪਤਾ ਨਹੀਂ ਲੱਗਿਆ ਪਰ ਹਦੀਸ 'ਤੇ ਸ਼ੱਕ ਦੀ ਗੁੰਜਾਇਸ਼ ਨਹੀਂ ਸੀ। ਇਹ ਗੱਲ ਹੋਰ ਲੋਕਾਂ ਤੋਂ ਵੀ ਸਾਬਤ ਹੋ ਗਈ ਕਿ ਹਦੀਸ ਪਤਨੀ ਰੇਹਾਨਾ ਨੂੰ ਬੇਹੱਦ ਚਾਹੁੰਦਾ ਸੀ। ਦੋਵਾਂ ਵਿਚ ਕਦੀ ਝਗੜਾ ਤੱਕ ਨਹੀਂ ਹੋਇਆ ਸੀ। ਖੈਰ ਇੰਸਪੈਕਟਰ ਇਕਬਾਲ ਘਟਨਾ ਵਾਲੀ ਥਾਂ ਤੋਂ ਹੋਲੀ ਫੈਮਲੀ ਹਸਪਤਾਲ ਪਹੁੰਚੇ ਅਤੇ ਲਾਸ਼ ਨੂੰ ਪੋਸਟ ਮਾਰਟਮ ਦੇ ਲਈ ਭੇਜ ਦਿੱਤਾ।

ਅਗਲੇ ਦਿਨ ਰੇਹਾਨਾ ਦੇ ਪੋਸਟ ਮਾਰਟਮ ਦੀ ਰਿਪੋਰਟ ਆ ਗਈ। ਰਿਪੋਰਟ ਨੂੰ ਪੜ੍ਹਦੇ ਹੀ ਸਾਰੇ ਹੈਰਾਨ ਰਹਿ ਗਏ। ਕਿਉਂਕਿ ਰੇਹਾਨਾ ਦੇ ਸਿਰ ਦੇ ਪਿਛਲੇ ਹਿੱਸਾ ਵਿਚ ਜੋ ਸੁਰਾਖ ਸੀ, ਉਥੇ ਗੋਲੀ ਲੱਗੀ ਸੀ। ਪੋਸਟ ਮਾਰਟਮ ਦੇ ਦੌਰਾਨ 315 ਬੋਰ ਦੀ ਗੋਲੀ ਰੇਹਾਨਾ ਦੇ ਸਿਰ ਵਿਚੋਂ ਮਿਲੀ। ਯਾਨਿ ਮਾਮਲਾ ਸਿਰ ਨਾਲ ਲਗਾ ਕੇ ਗੋਲੀ ਮਾਰ ਕੇ ਕੀਤੀ ਹੱਤਿਆ ਦਾ ਸੀ। ਇਸ ਤੋਂ ਇਹ ਸੰਭਾਵਨਾ ਵੀ ਜਾਂਦੀ ਰਹੀ ਕਿ ਹਦੀਸ ਨੂੰ ਖਬਰ ਕਿਉਂ ਨਾ ਲੱਗੀ। ਕਿਉਂਕਿ ਇਸ ਤੋਂ ਇੰਨੀ ਆਵਾਜ਼ ਨਹੀਂ ਆਈ ਹੋਵੇਗੀ ਕਿ ਡੂੰਘੀ ਨੀਂਦ ਵਿਚ ਰੇਹਾਨਾ ਦੇ ਨੇੜੇ ਹਦੀਸ਼ ਤੱਕ ਆਵਾਜ਼ ਪਹੁੰਚਦੀ। ਉਥੇ ਹੀ ਹਦੀਸ਼ ਨੇ ਕਿਸੇ 'ਤੇ ਸ਼ੱਕ ਵੀ ਜਾਹਿਰ ਨਹੀਂ ਕੀਤਾ ਸੀ। ਇਹ ਸਵਾਲ ਜਿਉਂ ਦਾ ਤਿਉਂ ਬਣਿਆ ਰਿਹਾ ਕਿ ਰੇਹਾਨਾ ਦੀ ਹੱਤਿਆ ਕਿਸਨੇ ਅਤੇ ਕਿਉਂ ਕੀਤੀ ?

ਖੈਰ, ਇਸ ਸਬੰਧੀ ਮਾਮਲਾ ਦਰਜ ਕਰ ਲਿਆ ਗਿਆ ਅਤੇ ਜਾਂਚ ਦੀ ਜ਼ਿੰਮੇਵਾਰੀ ਸਬ ਇੰਸਪੈਕਟਰ ਪ੍ਰਵੀਣ ਵਤਸ ਨੂੰ ਦਿੱਤੀ ਗਈ। ਉਹਨਾਂ ਨੇ ਕਈ ਲੋਕਾਂ ਤੋਂ ਰੇਹਾਨਾ ਅਤੇ ਉਸਦੇ ਪਤੀ ਹਦੀਸ਼ ਦੇ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਸ਼ੁਰੂ ਕੀਤੀ। ਉਦੋਂ ਹੀ ਜਸੌਲਾ ਵਿਚ ਰਹਿਣ ਵਾਲੀ ਮ੍ਰਿਤਕਾ ਰੇਹਾਨਾ ਦੀ ਸਹੇਲੀ ਰੇਹਾਨਾ ਨੇ ਦੱਸਿਆ ਕਿ ਮਰਨ ਵਾਲੀ ਰੇਹਾਨਾ ਉਸਦੀ ਚੰਗੀ ਸਹੇਲੀ ਸੀ। ਦੋਵੇਂ ਦੁਖ-ਸੁਖ ਵੰਡ ਲਿਆ ਕਰਦੀਆਂ ਸਨ। ਰੇਹਾਨਾ ਦੇ ਨਜਾਇਜ਼ ਸਬੰਧ ਰਹਿਮਾਨ ਨਾਲ ਸਨ। ਰਹਿਮਾਨ ਫਰਵਰੀ, 2008 ਵਿਚ ਆਪਣਾ ਘਰ ਵੇਚ ਕੇ ਪੁਸ਼ਤੈਨੀ ਪਿੰਡ ਬਿਜਨੌਰ ਚਲਿਆ ਗਿਆ ਸੀ। ਰੇਹਾਨਾ ਨੇ ਰੇਹਾਨਾ ਨੂੰ ਦੱਸਿਆ ਸੀ ਕਿ ਉਸਨੇ ਚਾਲੀ ਹਜ਼ਾਰ ਰੁਪਏ ਰਹਿਮਾਨ ਨੂੰ ਬਤੌਰ ਕਰਜ਼ਾ ਦਿੱਤੇ ਸਨ, ਜਿਸਨੂੰ ਰਹਿਮਾਨ ਨੇ ਰੇਹਾਨਾ ਨੂੰ ਵਾਪਸ ਨਹੀਂ ਕੀਤਾ ਸੀ।

ਸਬ ਇੰਸਪੈਕਟਰ ਪ੍ਰਵੀਣ ਦੇ ਲਈ ਇਹ ਜਾਣਕਾਰੀ ਕਾਫੀ ਮਹੱਤਵਪੂਰਨ ਸੀ। ਪ੍ਰਵੀਣ ਵਤਸ ਨੇ ਸਾਰੀ ਜਾਣਕਾਰੀ ਇੰਸਪੈਕਟਰ ਨੂੰ ਦੱਸੀ, ਤਾਂ ਉਹਨਾਂ ਦਾ ਧਿਆਨ ਰਹਿਮਾਨ 'ਤੇ ਕੇਂਦਰਿਤ ਹੋ ਗਿਆ।

ਤੁਰੰਤ ਹੀ ਰਹਿਮਾਨ ਦੀ ਤਲਾਸ਼ ਵਿਚ ਟੀਮ ਭੇਜੀ ਪਰ ਰਹਿਮਾਨ ਘਰ ਤੋਂ ਫਰਾਰ ਸੀ। ਰਹਿਮਾਨ ਦੇ ਫਰਾਰ ਹੋਣ ਕਾਰਨ ਪੁਲਿਸ ਨੂੰ ਉਸ 'ਤੇ ਪੂਰਾ ਸ਼ੱਕ ਹੋ ਗਿਆ। ਉਸੇ ਦਿਨ ਪੁਲਿਸ ਟੀਮ ਵਾਪਸ ਦਿੱਲੀ ਮੁੜ ਆਈ।

ਪਰ ਹੁਣ ਤੱਕ ਮੁਖਬਰਾਂ ਨੂੰ ਸਰਗਰਮ ਕਰ ਦਿੱਤਾ ਗਿਆ ਸੀ। ਇਸਦਾ ਸਾਰਥਕ ਨਤੀਜਾ ਵੀ ਨਿਕਲਿਆ। ਆਖਿਰਕਾਰ 30 ਅਪ੍ਰੈਲ ਨੂੰ ਦਿੱਲੀ ਪੁਲਿਸ ਟੀਮ ਨੇ ਰਹਿਮਾਨ ਨੂੰ ਜਸੌਲਾ ਤੋਂ ਪਕੜ ਲਿਆ। ਰਹਿਮਾਨ ਨੇ ਪੁੱਛਗਿੱਛ ਵਿਚ ਰੇਹਾਨਾ ਦੀ ਹੱਤਿਆ ਤੋਂ ਖੁਦ ਨੂੰ ਅਣਜਾਣ ਦੱਸਿਆ। ਤਿੰਨ ਦਿਨ ਲਗਾਤਾਰ ਪੁੱਛਗਿੱਛ ਕੀਤੀ ਗਈ, ਤਾਂ ਆਖਿਰਕਾਰ ਰਹਿਮਾਨ ਨੇ ਸੱਚ ਉਗਲ ਦਿੱਤਾ। ਉਸਨੇ ਦੱਸਿਆ ਕਿ ਹੱਤਿਆ ਦੇ ਲਈ ਉਸਨੇ ਬਿਜਨੌਰ ਦੇ ਅਪਰਾਧੀਆਂ ਨੂੰ ਸੁਪਾਰੀ ਦਿੱਤੀ ਸੀ। ਰਹਿਮਾਨ ਦੇ ਬਿਆਨ ਅਤੇ ਪੁਲਿਸ ਦੀ ਜਾਂਚ ਤੋਂ ਰੇਹਾਨਾ ਦੇ ਕਤਲ ਦੇ ਪਿੱਛੇ ਜੋ ਕਹਾਣੀ ਸਾਹਮਣੇ ਆਈ, ਉਹ ਇਸ ਪ੍ਰਕਾਰ ਹੈ।

ਹਦੀਸ਼ ਬਿਹਾਰ ਦੇ ਜ਼ਿਲ੍ਹਾ ਬੇਗੁਸਰਾਏ ਦੇ ਜੌਹਰੀ ਬਾਜ਼ਾਰ ਦਾ ਰਹਿਣ ਵਾਲਾ ਸੀ। ਹਦੀਸ ਦੇ ਪਿਤਾ ਨਵਾਬ ਦੀ ਮਾਲੀ ਹੈਸੀਅਤ ਚੰਗੀ ਨਹੀਂ ਸੀ। ਨਵਾਬ ਨੇ 14 ਸਾਲ ਪਹਿਲਾਂ ਹਦੀਸ ਦਾ ਨਿਕਾਹ ਬੇਗੁਸਰਾਏ ਤਹਿਤ ਪਿੰਡ ਮੁਢਾਲਾ ਨਿਵਾਸੀ ਰੇਹਾਨਾ ਨਾਲ ਕਰਵਾ ਦਿੱਤਾ। ਹਦੀਸ਼ ਸਧਾਰਨ ਸ਼ਕਲ-ਸੂਰਤ ਵਾਲਾ ਨੌਜਵਾਨ ਸੀ ਪਰ ਰੇਹਾਨਾ ਕਾਫੀ ਸੁੰਦਰ ਸੀ। ਸਿਹਤ ਦੇ ਮਾਮਲੇ ਵਿਚ ਵੀ ਉਹ ਹਦੀਸ਼ ਤੋਂ ਤਕੜੀ ਸੀ। ਰੇਹਾਨਾ ਆਪਣੀ ਖੂਬਸੂਰਤੀ ਦਾ ਖੂਬ ਖਿਆਲ ਰੱਖਦੀ ਸੀ। ਹਦੀਸ਼ ਰੇਹਾਨਾ ਦੀ ਖੂਬਸੂਰਤੀ 'ਤੇ ਲੱਟੂ ਸੀ। ਦੋਵੇਂ ਪਤੀ-ਪਤਨੀ ਪਿੰਡ ਵਿਚ ਰਹਿ ਕੇ ਵਧੀਆ ਜੀਵਨ ਲੰਘਾ ਰਹੇ ਸਨ।



ਹਦੀਸ਼ ਪਿੰਡ ਵਿਚ ਹੀ ਮਿਹਨਤ-ਮਜ਼ਦੂਰੀ ਕਰਦਾ ਸੀ। ਉਹ ਆਪਣੀ ਥੋੜ੍ਹੀ ਜਿਹੀ ਕਮਾਈ ਨਾਲ ਵੀ ਪਤਨੀ ਦੇ ਨਾਲ ਸੰਤੁਸ਼ਟ ਸੀ। ਪਰ ਜਦੋਂ ਘਰ ਵਿਚ ਤਿੰਨ ਬੱਚੇ- ਬੇਟਾ ਸ਼ਕੀਲ, ਬੇਟੀ ਅਫਸਾਨਾ ਅਤੇ ਬੇਟਾ ਤਕੀਲ ਆ ਗਏ ਤਾਂ ਖਰਚਾ ਵੀ ਵਧਣ ਲੱਗਿਆ। ਹੁਣ ਹਦੀਸ਼ ਪ੍ਰੇਸ਼ਾਨ ਹੋ ਗਿਆ। ਹਦੀਸ਼ ਦੀ ਪ੍ਰੇਸ਼ਾਨੀ ਦੇਖ ਕੇ ਰੇਹਾਨਾ ਨੇ ਪਿੰਡ ਛੱਡ ਕੇ ਦਿੱਲੀ ਜਾ ਕੇ ਕੰਮ-ਧੰਦਾ ਕਰਨ ਦੀ ਸਲਾਹ ਪਤੀ ਨੂੰ ਦਿੱਤੀ, ਤਾਂ ਹਦੀਸ਼ ਤਿਆਰ ਹੋ ਗਿਆ। ਪਰ ਫਿਰ ਵੀ ਇਕ ਸਮੱਸਿਆ ਸੀ। ਆਪਣੀ ਸੁੰਦਰ ਬੇਗਮ ਨੂੰ ਛੱਡ ਕੇ ਉਹ ਦਿੱਲੀ ਨਹੀਂ ਜਾਣਾ ਚਾਹੁੰਦਾ ਸੀ ਅਤੇ ਘਰ ਵਾਲਿਆਂ ਦੀ ਇੱਛਾ ਤੋਂ ਬਿਨਾਂ ਉਹ ਰੇਹਾਨਾ ਨੂੰ ਦਿੱਲੀ ਲਿਜਾ ਨਹੀਂ ਸਕਦਾ ਸੀ।

ਆਖਿਰ ਘਰ ਵਾਲਿਆਂ ਨੇ ਹਦੀਸ਼ ਨੂੰ ਰੇਹਾਨਾ ਦੇ ਨਾਲ ਦਿੱਲੀ ਜਾਣ ਦੀ ਆਗਿਆ ਦੇ ਦਿੱਤੀ। ਕੋਈ 6-7 ਸਾਲ ਪਹਿਲਾਂ ਹਦੀਸ਼ ਰੇਹਾਨਾ ਨੂੰ ਨਾਲ ਲੈ ਕੇ ਦਿੱਲੀ ਆ ਗਿਆ। ਇੱਥੇ ਉਸਨੇ ਜਾਮੀਆ ਨਗਰ ਵਿਚ ਇਕ ਛੋਟਾ ਜਿਹਾ ਕਮਰਾ ਕਿਰਾਏ 'ਤੇ ਲੈ ਲਿਆ। ਹਦੀਸ਼ ਨੇ ਨੌਕਰੀ ਦੀ ਭਾਲ ਕੀਤੀ ਪਰ ਨੌਕਰੀ ਨਾ ਮਿਲੀ। ਤਾਂ ਉਸਨੇ ਰਿਕਸ਼ਾ ਚਲਾਉਣਾ ਸ਼ੁਰੂ ਕਰ ਦਿੱਤਾ। ਸਾਰਾ ਦਿਨ ਰਿਕਸ਼ਾ ਚਲਾ ਕੇ ਉਸਨੂੰ ਬਿਹਾਰ ਦੇ ਮੁਕਾਬਲੇ ਕਾਫੀ ਜ਼ਿਆਦਾ ਕਮਾਈ ਹੋ ਜਾਂਦੀ ਸੀ। ਰੇਹਾਨਾ ਪਤੀ ਦੀ ਇਸ ਆਮਦਨ ਵਿਚ ਗੁਜ਼ਾਰਾ ਚਲਾ ਰਹੀ ਸੀ, ਪਰ ਉਸਦਾ ਚੰਚਲ ਮਨ ਉਸਦੇ ਕਾਬੂ ਵਿਚ ਨਾ ਰਿਹਾ। ਉਹ ਬਣ-ਸੰਵਰ ਕੇ ਰਹਿਣਾ ਚਾਹੁੰਦੀ ਸੀ। ਮਹਿੰਗੇ ਕੱਪੜੇ ਖਰੀਦਣਾ ਚਾਹੁੰਦੀ ਸੀ ਅਤੇ ਹਰ ਕਿਸਮ ਦੇ ਐਸ਼ੋ-ਆਰਾਮ ਦੀ ਇੱਛਾ ਰੱਖਦੀ ਸੀ। ਪਰ ਪੈਸਿਆਂ ਦੀ ਘਾਟ ਕਾਰਨ ਉਹ ਮਨ ਮਸੋਸ ਕੇ ਰਹਿ ਜਾਂਦੀ ਸੀ। ਹਦੀਸ਼ ਦੀ ਰਿਕਸ਼ੇ ਦੀ ਕਮਾਈ ਕਾਰਨ ਤਾਂ ਕਮਰੇ ਦਾ ਕਿਰਾਇਆ ਹੋਰ ਮੁਸ਼ਕਿਲ ਨਾਲ ਦੋ ਜੂਨ ਦੀ ਰੋਟੀ ਨਸੀਬ ਹੁੰਦੀ।

ਹਦੀਸ਼ ਦੇ ਕਮਰੇ ਦੇ ਨੇੜੇ ਹੀ ਰਹਿਮਾਨ ਦੀ ਫੈਕਟਰੀ ਸੀ। ਰਹਿਮਾਨ ਨੇ ਆਪਣੇ ਕੋਲ ਪੰਜ-ਛੇ ਸਿਲਾਈ ਮਸ਼ੀਨਾਂ ਲਗਾ ਰੱਖੀਆਂ ਸਨ, ਜਿਹਨਾਂ ਤੇ ਕਾਰੀਗਰ ਕੰਮ ਕਰਦੇ ਸਨ। ਇੱਥੇ ਲੈਦਰ ਦਾ ਕੰਮ ਹੁੰਦਾ ਸੀ। ਫੈਕਟਰੀ ਦੇ ਉਪਰ ਉਹ ਖੁਦ ਰਹਿੰਦਾ ਸੀ। ਹਦੀਸ਼ ਸਵੇਰੇ ਹੀ ਰਿਕਸ਼ਾ ਲੈ ਕੇ ਨਿਕਰ ਜਾਂਦਾ, ਦਿਨ ਭਰ ਸਵਾਰੀਆਂ ਢੋਣ ਤੋਂ ਬਾਅਦ ਉਹ ਦੇਰ ਰਾਤ ਥੱਕ ਕੇ ਵਾਪਸ ਮੁੜਦਾ ਸੀ।

ਇੱਧਰ, ਰੇਹਾਨਾ ਦੇ ਲਈ ਖਾਲੀ ਵਕਤ ਗੁਜ਼ਾਰਨਾ ਮੁਸ਼ਕਿਲ ਹੋ ਜਾਂਦਾ। ਜਦੋਂ ਘਰ ਦੇ ਅੰਦਰ ਉਸਦਾ ਮਨ ਨਾ ਲੱਗਦਾ ਤਾਂ ਉਹ ਦਰਵਾਜ਼ੇ 'ਤੇ ਖੜ੍ਹੀ ਹੋ ਕੇ ਆਉਂਦੇ-ਜਾਂਦੇ ਲੋਕਾਂ ਨੂੰ ਦੇਖਣ ਲੱਗਦੀ। ਰਹਿਮਾਨ ਦੀ ਨਜ਼ਰ ਹੁਣ ਰੇਹਾਨਾ ਦੇ ਸੁੰਦਰ ਚਿਹਰੇ 'ਤੇ ਪੈਂਦੀ ਤਾਂ ਮਨ ਰੇਹਾਨਾ ਨੂੰ ਪ੍ਰਾਪਤ ਕਰਨ ਲਈ ਮਚਲ ਜਾਂਦਾ।

ਰਹਿਮਾਨ ਵੈਸੇ ਤਾਂ ਬਾਲ-ਬੱਚੇਦਾਰ ਸੀ ਪਰ ਇੱਥੇ ਉਹ ਇਕੱਲਾ ਹੀ ਰਹਿੰਦਾ ਸੀ। ਉਸਦੀ ਪਤਨੀ ਮੁੰਨੀ ਬੱਚਿਆਂ ਨਾਲ ਬਿਜਨੌਰ ਵਿਚ ਰਹਿੰਦੀ ਸੀ। ਇਸ ਕਰਕੇ ਉਹ ਘਰ ਛੱਡ ਕੇ ਦਿੱਲੀ ਆ ਗਿਆ ਸੀ। ਰਹਿਮਾਨ ਅੱਠ ਬੱਚਿਆਂ ਦਾ ਬਾਪ ਸੀ- ਪੰਜ ਬੇਟੀਆਂ ਅਤੇ ਤਿੰਨ ਬੇਟੇ।

ਇੱਥੇ ਰਹਿਮਾਨ ਪਰਿਵਾਰਕ ਉਲਝਣਾਂ ਤੋਂ ਬੇਫਿਕਰ ਕਿਸੇ ਕੁਆਰੇ ਲੜਕੇ ਵਾਂਗ ਰਹਿੰਦਾ ਸੀ। ਔਰਤ ਦੀ ਕਮੀ ਮਹਿਸੂਸ ਹੋਣ ਤੇ ਉਹ ਅਯਾਸ਼ੀ ਦੇ ਲਈ ਬਾਜ਼ਰੂ ਔਰਤਾਂ ਕੋਲ ਚਲਾ ਜਾਂਦਾ ਜਾਂ ਉਹਨਾਂ ਨੂੰ ਬੁਲਾ ਲੈਂਦਾ। ਪਰ ਜਦੋਂ ਤੋਂ ਉਸਨੇ ਰੇਹਾਨਾ ਨੂੰ ਦੇਖਿਆ ਸੀ, ਸਭ ਕੁਝ ਭੁੱਲ ਗਿਆ ਸੀ।

ਰਹਿਮਾਨ ਜਾਣਦਾ ਸੀ ਕਿ ਰੇਹਾਨਾ ਦਾ ਪਤੀ ਉਸਨੂੰ ਕੋਈ ਸੁਖ ਨਹੀਂ ਦੇ ਪਾਉਂਦਾ, ਇਸ ਕਰਕੇ ਉਹ ਉਸਦੇ ਜਾਲ ਵਿਚ ਫਸ ਸਕਦੀ ਹੈ। ਇਸੇ ਆਸ ਵਿਚ ਉਹ ਇਕ ਦਿਨ ਆਪਦੇ ਦਰਵਾਜ਼ੇ 'ਤੇ ਖੜ੍ਹੀ ਰੇਹਾਨਾ ਨੂੰ ਦੇਖ ਕੇ ਮੁਸਕਰਾਇਆ ਤਾਂ ਜਵਾਬ ਵਿਚ ਰੇਹਾਨਾ ਵੀ ਮੁਸਕਰਾਈ।

ਰੇਹਾਨਾ ਦੇ ਇਸ ਇਸ਼ਾਰੇ ਨਾਲ ਰਹਿਮਾਨ ਖਿੜ ਗਿਆ। ਸ਼ਿਕਾਰ ਜਾਲ ਵਿਚ ਫਸਣ ਲਈ ਖੁਦ ਹੀ ਤਿਆਰ ਹੈ। ਇਸੇ ਵਕਤ ਰਹਿਮਾਨ ਨੇ ਫੈਸਲਾ ਕੀਤਾ ਕਿ ਉਹ ਰੇਹਾਨਾ ਨੂੰ ਆਪਣੀ ਬਣਾ ਕੇ ਰਹੇਗਾ। ਰਹਿਮਾਨ ਨੇ ਜਲਦੀ ਹੀ ਮੇਲ-ਮਿਲਾਪ ਵਧਾ ਕ ਹਦੀਸ਼ ਨਾਲ ਦੋਸਤੀ ਕਰ ਲਈ। ਫਿਰ ਰਹਿਮਾਨ ਨੇ ਉਸਦੇ ਘਰ ਵਿਚ ਆਉਣਾ-ਜਾਣਾ ਸ਼ੁਰੂ ਕਰ ਦਿੱਤਾ। ਹਦੀਸ਼ ਦੇ ਰਿਕਸ਼ਾ ਲੈ ਕੇ ਘਰ ਤੋਂ ਨਿਕਲਣ ਦੇ ਬਾਅਦ ਰਹਿਮਾਨ ਦਾ ਜ਼ਿਆਦਾਤਰ ਸਮਾਂ ਰੇਹਾਨਾ ਦੇ ਕਮਰੇ ਵਿਚ ਲੰਘਦਾ। ਰਹਿਮਾਨ ਹੁਣ ਖਜਾਣਾ ਵੀ ਰੇਹਾਨਾ ਦੇ ਘਰ ਹੀ ਖਾ ਲੈਂਦਾ। ਬਦਲੇ ਵਿਚ ਰੇਹਾਨਾ ਨੂੰ ਉਹ ਜ਼ਰੂਰਤ ਤੋਂ ਜ਼ਿਆਦ ਪੈਸੇ ਦਿੰਦਾ ਸੀ। ਇਸ ਤੋਂ ਇਲਾਵਾ ਉਹ ਰੇਹਾਨਾ ਦੀਆਂ ਜ਼ਰੂਰਤਾਂ ਦਾ ਖਿਆਲ ਰੱਖਣ ਲੱਗਿਆ। ਰਹਿਮਾਨ ਨਾਲ ਯਾਰੀ ਹੋਣ ਤੋਂ ਬਾਅਦ ਰੇਹਾਨਾ ਦੀਆਂ ਸਾਰੀਆਂ ਜ਼ਰੂਰਤਾਂ ਖੁਦ ਹੀ ਪੂਰੀਆਂ ਹੋ ਜਾਂਦੀਆਂ। ਇਸ ਨਾਲ ਉਹ ਵੀ ਖੁਸ਼ ਰਹਿੰਦੀ ਸੀ।

ਇਕ ਦਿਨ ਜਦੋਂ ਰੇਹਾਨਾ ਦੇ ਕਮਰੇ ਵਿਚ ਰਹਿਮਾਨ ਪਹੁੰਚਿਆ ਤਾਂ ਉਹ ਨਹਾ ਕੇ ਆਈ ਹੀ ਸੀ। ਉਸੇ ਵਕਤ ਰਹਿਮਾਨ ਨੇ ਉਸ ਵੱਲ ਦੇਖਿਆ। ਰੇਹਾਨਾ ਵੀ ਸਮਝ ਗਈ ਕਿ ਰਹਿਮਾਨ ਕੀ ਚਾਹੁੰਦਾ ਹੈ। ਕਿਉਂਕਿ ਕੋਈ ਵੀ ਗੈਰ ਮਰਦ ਔਰਤ 'ਤੇ ਇਸ ਤਰ੍ਹਾਂ ਬਿਨਾਂ ਮਤਲਬ ਪੈਸੇ ਨਹੀਂ ਲੁਟਾਉਂਦਾ।

ਰੇਹਾਨਾ ਨੇ ਉਸ ਨੂੰ ਪੂਰਾ ਰਸਪੌਂਸ ਦਿੱਤਾ। ਦਰਅਸਲ ਰੇਹਾਨਾ ਪਹਿਲਾਂ ਹੀ ਜਾਣਦੀ ਸੀ ਕਿ ਰਹਿਮਾਨ ਉਸ ਤੋਂ ਕੀ ਚਾਹੁੰਦਾ ਹੈ। ਕਿਉਂਕਿ ਹੁਣ ਉਸ ਦਾ ਪਤੀ ਹਦੀਸ਼ ਉਸਦੀਆਂ ਜ਼ਰੂਰਤਾਂ ਦਾ ਧਿਆਨ ਘੱਟ ਹੀ ਰੱਖਦਾ ਸੀ। ਉਹ ਤਾਂ ਦੋ ਡੰਗ ਦੀ ਰੋਟੀ ਦੇ ਜੁਗਾੜ ਵਿਚ ਹੀ ਉਲਝਿਆ ਰਹਿੰਦਾ ਸੀ।

ਰਹਿਮਾਨ ਨੇ ਇਕ ਕਦਮ ਵਧਾਇਆ, ਤਾਂ ਰੇਹਾਨਾ ਖੁਦ ਹੀ ਅੱਗੇ ਆ ਗਈ। ਰੇਹਾਨਾ ਵੀ ਉਸ ਦਾ ਬੋਝ ਉਤਾਰਨਾ ਚਾਹੁੰਦੀ ਸੀ।

ਉਸ ਦਿਨ ਤੋਂ ਬਾਅਦ ਤਾਂ ਇਹ ਰੋਜ਼ ਦੀ ਹੀ ਗੱਲ ਹੋ ਗਈ। ਇੱਧਰ ਹਦੀਸ਼ ਘਰ ਤੋਂ ਨਿਕਲਦਾ, ਦੂਜੇ ਪਾਸੇ ਰਹਿਮਾਨ ਅੰਦਰ ਆਉਂਦਾ ਅਤੇ ਰੇਹਾਨਾ ਦੇ ਦੇਹ ਸੁਖ ਵਿਚ ਗੁਆਚ ਜਾਂਦਾ। ਰੇਹਾਨਾ ਵੀ ਆਪਣੀ ਹੋਸ਼ ਗੁਆ ਬੈਠੀ ਸੀ।

ਰਹਿਮਾਨ ਅਤੇ ਰੇਹਾਨਾ ਨੇ ਛੇ ਸਾਲ ਤੱਕ ਇਕ-ਦੂਜੇ ਦੀਆਂ ਜ਼ਰੂਰਤਾਂ ਨੂੰ ਇਸ ਤਰ੍ਹਾਂ ਪੂਰਾ ਕੀਤਾ ਕਿ ਰੇਹਾਨਾ ਪਤੀ ਹਦੀਸ਼ ਦੀ ਅਣਦੇਖੀ ਕਰਨ ਲੱਗੀ, ਤਾਂ ਰਹਿਮਾਨ ਬਿਜਨੌਰ ਵਿਚ ਰਹਿ ਰਹੇ ਆਪਦੇ ਪਰਿਵਾਰ ਨੂੰ ਭੁੱਲ ਗਿਆ। ਸਭ ਕੁਝ ਮਜ਼ੇ ਨਾਲ ਚੱਲ ਰਿਹਾ ਸੀ। ਹਾਲਾਂਕਿ ਇਸ ਦੌਰਾਨ ਹਦੀਸ਼ ਨੂੰ ਉਸਦੇ ਪੜੋਸੀਆਂ ਨੇ ਰੇਹਾਨਾ ਅਤੇ ਰਹਿਮਾਨ ਵਿਚਕਾਰ ਚੱਲਣ ਵਾਲੀਆਂ ਰੰਗ-ਰਲੀਆਂ ਬਾਰੇ ਜਾਣਕਾਰੀ ਦੇ ਦਿੱਤੀ ਸੀ ਪਰ ਜਦੋਂ ਹਦੀਸ਼ ਰੇਹਾਨਾ ਨਾਲ ਇਸ ਬਾਰੇ ਚਰਚਾ ਕਰਦਾ ਤਾਂ ਉਹ ਹਦੀਸ਼ 'ਤੇ ਬੁਰੀ ਤਰ੍ਹਾਂ ਟੁੱਟ ਪੈਂਦੀ। ਉਹ ਫਿਰ ਚੁੱਪ ਹੋ ਜਾਂਦਾ। ਵੈਸੇ ਵੀ ਰੇਹਾਨਾ ਦੇ ਸਾਹਮਣੇ ਹਦੀਸ਼ ਡਰ ਕੇ ਰਹਿੰਦਾ ਸੀ। ਘਰ ਵਿਚ ਰੇਹਾਨਾ ਦੀ ਹੀ ਚਲਦੀ ਸੀ। ਹਦੀਸ਼ ਰੇਹਾਨਾ ਦੀ ਬਦਚਲਣੀ 'ਤੇ ਲਗਾਮ ਕਸਣ ਵਿਚ ਅਸਫਲ ਰਿਹਾ।

ਦੂਜੇ ਪਾਸੇ ਜਦੋਂ ਰਹਿਮਾਨ ਦੀ ਪਤਨੀ ਮੁੰਨੀ ਨੂੰ ਰਹਿਮਾਨ ਅਤੇ ਰੇਹਾਨਾ ਦੇ ਸਬੰਧਾਂ ਦੀ ਜਾਣਕਾਰੀ ਮਿਲੀ ਤਾਂ ਉਸਨੇ ਆਪਣਾ ਸਿਰ ਪਿੱਟ ਲਿਆ। ਰਹਿਮਾਨ ਹੁਣ ਉਸਦਾ ਅਤੇ ਬੱਚਿਆਂ ਦਾ ਜ਼ਰਾ ਵੀ ਖਿਆਲ ਨਹੀਂ ਰੱਖਦਾ ਸੀ। ਇਸੇ ਕਾਰਨ ਫਰਵਰੀ 2009 ਵਿਚ ਮੁੰਨੀ ਬਿਜਨੌਰ ਤੋਂ ਦਿੱਲੀ ਪਹੁੰਚੀ। ਪਤੀ ਨੂੰ ਜਵਾਨ ਲੜਕੀ ਦਾ ਵਾਸਤਾ ਦੇ ਕੇ ਉਸਨੂੰ ਸੁਧਾਰ ਜਾਣ ਦੀ ਬੇਨਤੀ ਕੀਤੀ। ਤਾਂ ਰਹਿਮਾਨ ਨੇ ਦਿਖਾਵੇ ਵਜੋਂ ਤੌਬਾ ਕਰ ਲਈ। ਪਤੀ ਤੋਂ ਭਰੋਸਾ ਲੈ ਕੇ ਮੁੰਨੀ ਰੇਹਾਨਾ ਦੇ ਘਰ ਪਹੁੰਚੀ।

ਮੁੰਨੀ ਨੇ ਬੱਚਿਆਂ ਦੀ ਕਸਮ ਦੇ ਕੇ ਰੇਹਾਨਾ ਨੂੰ ਆਪਣੇ ਪਤੀ ਦੀ ਜ਼ਿੰਦਗੀ ਤੋਂ ਦੂਰ ਚਲੇ ਜਾਣ ਲਈ ਕਿਹਾ। ਉਹ ਵੀ ਕਹਿਣ ਨੂੰ ਤਾਂ ਮੰਨ ਹੀ ਗਈ, ਪਰ ਮੁੰਨੀ ਨੂੰ ਨਹੀਂ ਲੱਗਦਾ ਸੀ ਕਿ ਦੋਵੇਂ ਸੁਧਰ ਜਾਣਗੇ। ਤਾਂ ਉਸਨੇ ਦਬਾਅ ਬਣਾਇਆ ਤਾਂ ਰਹਿਮਾਨ ਨੂੰ ਬਾਟਲਾ ਹਾਊਸ, ਜਾਮੀਆ ਨਗਰ ਸਥਿਤ ਆਪਣਾ ਮਕਾਨ ਵੇਚ ਕੇ ਬਿਜਨੌਰ ਮੁੜ ਜਾਣਾ ਪਿਆ।

ਦਿੱਲੀ ਛੱਡਣ ਤੋਂ ਪਹਿਲਾਂ ਰਹਿਮਾਨ ਨੇ ਰੇਹਾਨਾ ਨੂੰ ਬਿਜਨੌਰ ਸਥਿਤ ਘਰ ਦਾ ਪਤਾ ਅਤੇ ਫੋਨ ਨੰਬਰ ਨਹੀਂ ਦਿੱਤਾ। ਇੰਨਾ ਹੀ ਨਹੀਂ, ਬਿਜਨੌਰ ਪਹੁੰਚਣ ਤੋਂ ਬਾਅਦ ਰਹਿਮਾਨ ਨੇ ਦਿੱਲੀ ਵਾਲਾ ਨੰਬਰ ਵੀ ਬੰਦ ਕਰ ਦਿੱਤਾ। ਰਹਿਮਾਨ ਦੇ ਬਿਜਨੌਰ ਚਲੇ ਜਾਣ ਤੋਂ ਬਾਅਦ ਰੇਹਾਨਾ ਨੇ ਰਹਿਮਾਨ ਦੇ ਨਾਲ ਸੰਪਰਕ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਰਹਿਮਾਨ ਦਾ ਨਵਾਂ ਫੋਨ ਨੰਬਰ ਨਾ ਹੋਣ ਦੇ ਕਾਰਨ ਰੇਹਾਨਾ ਰਹਿਮਾਨ ਨਾਲ ਗੱਲ ਨਹੀਂ ਕਰ ਸਕੀ।

ਦਿੱਲੀ ਛੱਡਣ ਦੇ ਦਸ ਦਿਨ ਬਾਅਦ ਰਹਿਮਾਨ ਨੇ ਰੇਹਾਨਾ ਦੇ ਮੋਬਾਇਲ 'ਤੇ ਫੋਨ ਕੀਤਾ ਤਾਂ ਗਿਲਾ-ਸ਼ਿਕਵਾ ਕਰਨ ਤੋਂ ਬਾਅਦ ਰੇਹਾਨਾ ਨੇ ਕਿਹਾ, ਮੈਂ ਪਿੰਡ ਜਾਣਾ ਚਾਹੁੰਦੀ ਹਾਂ, ਇਸ ਕਰਕੇ ਮੈਨੂੰ ਕੁਝ ਪੈਸਿਆਂ ਦੀ ਲੋੜ ਹੈ।

ਤੂੰ ਸਈਦਾ ਕੋਲ ਜਾ ਕੇ ਦੋ ਹਜ਼ਾਰ ਲੈ ਆ। ਰਹਿਮਾਨ ਨੇ ਰੇਹਾਨਾ ਨੂੰ ਕਿਹਾ।

ਰਹਿਮਾਨ ਦੀ ਰਿਸ਼ਤੇ ਦੀ ਭੈਣ ਸਈਦਾ ਜਸੌਲਾ ਪਿੰਡ ਵਿਚ ਰਹਿੰਦੀ ਸੀ। ਰਹਿਮਾਨ ਦੇ ਭਰੋਸੇ ਤੋਂ ਬਾਅਦ ਰੇਹਾਨਾ ਨੇ ਮੋਬਾਇਲ ਦਾ ਸਵਿੱਚ ਔਫ ਕਰ ਦਿੱਤਾ। ਇਸ ਗੱਲਬਾਤ ਦੇ ਦਸ ਦਿਨ ਬਾਅਦ ਰਹਿਮਾਨ ਨੇ ਬਿਜਨੌਰ ਤੋਂ ਰੇਹਾਨਾ ਨੂੰ ਮੁੜ ਫੋਨ ਕੀਤਾ ਅਤੇ ਪੁੱਛਿਆ, 'ਰੇਹਾਨਾ ਤੂੰ ਪੈਸੇ ਲੈ ਕੇ ਪਿੰਡ ਗਈ ਕਿ ਨਹੀਂ ?' ਨਹੀਂ, ਹਾਲੇ ਮੈਂ ਦਿੱਲੀ ਵਿਚ ਹੀ ਹਾਂ। ਤੂੰ ਮੇਰੇ ਚਾਲੀ ਹਜ਼ਾਰ ਰੁਪਏ ਫੌਰਨ ਵਾਪਸ ਕਰ ਦੇ। ਵਰਨਾ ਮੈਂ ਬਿਜਨੌਰ ਵਿਚ ਹੀ ਤੇਰਾ ਕੰਮ ਤਮਾਮ ਕਰਵਾ ਦਿਆਂਗੀ। ਆਪਣਾ ਭਲਾ ਚਾਹੁੰਦਾ ਹੈ ਤਾਂ ਤੂੰ ਫੌਰਨ ਦਿੱਲੀ ਆ ਕੇ ਮੇਰੇ ਪੈਸੇ ਦੇ ਜਾਹ। ਰੇਹਾਨਾ ਨੇ ਧਮਕੀ ਦਿੱਤੀ।

ਰਹਿਮਾਨ ਨੇ ਰੇਹਾਨਾ ਦੇ ਤੇਵਰ ਦੇਖ ਕੇ ਫੋਨ ਕੱਟ ਦਿੱਤਾ। ਦਰਅਸਲ ਰੇਹਾਨਾ ਨੇ ਕੁਝ ਪਤੀ ਦੀ ਕਮਾਈ ਤੋਂ, ਤਾਂ ਕੁਝ ਰਹਿਮਾਨ ਦੇ ਦਿੱਤੇ ਪੈਸਿਆਂ ਵਿਚੋਂ ਪੈਸੇ ਇਕੱਠੇ ਕਰ ਲਏ ਸਨ। ਇਕ ਵਾਰ ਜ਼ਰੂਰਤ ਪੈਣ 'ਤੇ ਉਸਨੇ ਚਾਲੀ ਹਜ਼ਾਰ ਰੁਪਏ ਰਹਿਮਾਨ ਨੂੰ ਦੇ ਦਿੱਤੇ ਤਾਂ ਉਸਨੇ ਉਹਨਾਂ ਨੂੰ ਜਲਦੀ ਵਾਪਸ ਕਰਨ ਲਈ ਕਿਹਾ, ਪਰ ਉਹ ਅਜਿਹਾ ਨਹੀਂ ਕਰ ਸਕਿਆ। ਹੁਣ ਰਹਿਮਾਨ ਰੇਹਾਨਾ ਦੀ ਧਮਕੀ ਸੁਣ ਕੇ ਬੁਰੀ ਤਰ੍ਹਾਂ ਡਰ ਗਿਆ ਸੀ। ਰਹਿਮਾਨ ਰੇਹਾਨਾ ਨੂੰ ਭਲੀ-ਭਾਂਤ ਜਾਣਦਾ ਸੀ। ਜੇਕਰ ਉਹ ਆਪਣੀ ਜ਼ਿੱਦ 'ਤੇ ਆ ਜਾਵੇ ਤਾਂ ਉਹ ਕੁਝ ਵੀ ਕਰਵਾ ਸਕਦੀ ਸੀ। ਰਹਿਮਾਨ ਦੀਆਂ ਦੋ ਬੇਟੀਆਂ ਨਿਕਾਹ ਦੇ ਲਾਇਕ ਹੋ ਗਈਆਂ ਸਨ। ਰਹਿਮਾਨ ਅਜਿਹੇ ਵਕਤ 'ਤੇ ਰੇਹਾਨਾ ਨੂੰ ਚਾਲੀ ਹਜ਼ਾਰ ਰੁਪਏ ਨਹੀਂ ਦੇਣਾ ਚਾਹੁੰਦਾ ਸੀ ਪਰ ਦੂਜੇ ਪਾਸੇ ਰਹਿਮਾਨ ਦੇ ਉਪਰ ਰੇਹਾਨਾ ਦੇ ਚਾਲੀ ਹਜ਼ਾਰ ਰੁਪਏ ਦੇਣ ਦਾ ਵੀ ਦਬਾਅ ਸੀ।

ਆਖਿਰ ਰੇਹਾਨਾ ਦੀ ਪੈਸਿਆਂ ਦੀ ਮੰਗ ਤੋਂ ਘਬਰਾ ਕੇ ਰਹਿਮਾਨ ਨੇ ਸਲਫਾਸ ਦੀਆਂ ਗੋਲੀਆਂ ਖਾਸ ਕੇ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ, ਪਰ ਪਰਿਵਾਰ ਵਾਲਿਆਂ ਦੀ ਚੌਕਸੀ ਕਾਰਨ ਰਹਿਮਾਨ ਮਰਨ ਤੋਂ ਬਚ ਗਿਆ। ਰਹਿਮਾਨ ਦੇ ਠੀਕ ਹੋਣ ਤੋਂ ਬਾਅਦ ਉਸਦੇ ਸਾਲੇ ਅਲਾਉਦੀਨ ਨੇ ਉਸਨੂੰ ਸਲਫਾਸ ਖਾਣ ਦਾ ਕਾਰਨ ਪੁੱਛਿਆ ਤਾਂ ਰਹਿਮਾਨ ਨੇ ਸਭ ਕੁਝ ਦੱਸਦੇ ਹੋਏ ਰੇਹਾਨਾ ਦੀ ਹੱਤਿਆ ਦੇ ਲਈ ਕਿਰਾਏ ਦੇ ਬਦਮਾਸ਼ਾਂ ਨਾਲ ਗੱਲ ਕਰਨ ਲਈ ਕਿਹਾ। ਭਣੋਈਏ ਦੀ ਪ੍ਰੇਸ਼ਾਨੀ ਤੋਂ ਪ੍ਰੇਸ਼ਾਨ ਅਲਾਉਦੀਨ ਨੇ ਆਪਣੇ ਪਿੰਡ ਦੇ ਦੋ ਬਦਮਾਸ਼ਾਂ ਨਈਮ ਅਤੇ ਜੁਲਫੀਕਾਰ ਨੂੰ ਰੇਹਾਨਾ ਦੀ ਹੱਤਿਆ ਕਰਨ ਦੇ ਲਈ ਰਾਜ਼ੀ ਕਰ ਲਿਆ।

# ਰਸੋਈ ਦਾ ਜ਼ਾਇਕਾ

## ਕੁਰਮੇਰੇ ਦੀ ਸਬਜ਼ੀ



**ਸਮੱਗਰੀ** : 2 ਕੱਪ ਭਿੱਜਿਆ ਹੋਇਆ ਕੁਰਮੁਰਾ, ਪਿਆਜ ਬਾਰੀਕ ਕੱਟਿਆ ਹੋਇਆ, 2 ਆਲੂ ਦੇ ਟੁਕੜੇ, 1 ਟੀ-ਸਪੂਨ ਅੱਧੀ ਕੁੱਟੀ ਹਰੀ ਮਿਰਚ, ਜ਼ਰੂਰਤ ਮੁਤਾਬਿਕ ਸ਼ੱਕਰ ਅਤੇ ਨਿੰਬੂ ਦਾ ਰਸ, 2 ਟੇਬਲ ਸਪੂਨ ਰਾਈ ਅਤੇ ਨਮਕ ਸੁਆਦ ਮੁਤਾਬਿਕ।

**ਟਾਪਿੰਗ ਲਈ** : ਨਮਕੀਨ ਸੇਂਵੀਆਂ ਹਰਾ ਧਨੀਆਂ ਅਤੇ ਕੱਦੂਕਸ ਕਤੀ ਹੋਇਆ ਨਾਰੀਅਲ

**ਵਿਧੀ** : ਤੇਲ ਗਰਮ ਕਰਕੇ ਉਸ 'ਚ ਰਾਈ ਪਾ ਦਿਓ। ਹੁਣ ਉਸ 'ਚ ਆਲੂ ਪਾ ਕੇ ਪਕਾਓ। ਪਿਆਜ ਪਾ ਕੇ ਭੁੰਨ ਲਓ। ਹਰੀ ਮਿਰਚ, ਨਮਕ, ਸ਼ੱਕਰ ਅਤੇ ਨਿੰਬੂ ਦਾ ਰਸ ਮਿਲਾਓ। ਕੁਰਮੁਰਾ ਪਾ ਕੇ ਚੰਗੀ ਤਰ੍ਹਾਂ ਮਿਲਾਓ। ਸਰਵ ਕਰਦੇ ਸਮੇਂ ਇੱਛਾ ਮੁਤਾਬਿਕ ਟਾਪਿੰਗ ਕਰੋ। (ਜੇ ਤੁਸੀਂ ਚਾਹੋ ਤਾਂ ਭੁੱਜੀ ਹੋਈ ਮੂੰਗਫਲੀ ਵੀ ਪਾ ਸਕਦੇ ਹੋ।

## ਮਸ਼ਰੂਮ ਪੈਨ ਕੇਕ



**ਸਮੱਗਰੀ** : ਭਰਨ ਲਈ 200 ਗ੍ਰਾਮ ਬਟਨ ਮਸ਼ਰੂਮ, ਪਿਆਜ਼ ਬਾਰੀਕ ਕੱਟਿਆ ਹੋਇਆ, 2 ਲੱਸਣ ਦੀਆਂ ਕਲੀਆਂ ਬਾਰੀਕ ਕੱਟੀਆਂ ਹੋਈਆਂ, 1 ਟਮਾਟਰ ਬਾਰੀਕ ਕੱਟਿਆ ਹੋਇਆ, 1 ਟੇਬਲ ਸਪੂਨ ਧਨੀਆ ਬਾਰੀਕ ਕੱਟਿਆ ਹੋਇਆ, 2 ਟੇਬਲ ਸਪੂਨ ਤੇਲ ਅਤੇ ਨਮਕ ਸੁਆਦ ਅਨੁਸਾਰ

**ਪੈਨਕੇਕ ਲਈ** : 1 ਕੱਪ ਮੈਦਾ, 1 ਆਂਡਾ, ਅੱਧਾ ਕੱਪ ਦੁੱਧ, ਨਮਕ ਸੁਆ ਅਨੁਸਾਰ, ਤਲਣ ਲਈ ਤੇਲ

**ਵਿਧੀ** : ਭਰਨ ਲਈ ਇਕ ਪੈਨ ਵਿਚ ਤੇਲ ਗਰਮ ਕਰੋ। ਪਿਆਜ਼ ਪਾ ਕੇ ਸੁਨਹਿਰਾ ਹੋਣ ਤੱਕ ਭੁੰਨੋ। ਲਸਣ, ਟਮਾਟਰ ਅਤੇ ਮਸ਼ਰੂਮ ਪਾ ਲਓ। ਨਮਕ ਪਾ ਕੇ 5 ਮਿੰਟ ਤੱਕ ਪਕਾਓ।

ਪੈਨ ਕੇਕ : ਮੈਦੇ ਵਿਚ ਨਮਕ, ਅੱਧਾ ਕੱਪ ਪਾਣੀ ਅਤੇ ਆਂਡਾ ਪਾ ਕੇ ਘੋਲ ਤਿਆਰ ਕਰੋ। ਤਵਾ ਗਰਮ ਕਰੋ। ਇਕ ਟੇਬਲ ਸਪੂਨ ਘੋਲ ਤਵੇ 'ਤੇ ਪਾ ਕੇ ਗੋਲਾਈ ਵਿਚ ਫੈਲਾਓ। ਕੰਡਿਆਂ 'ਤੇ ਥੋੜ੍ਹਾ ਥੋੜ੍ਹਾ ਤੇਲ ਪਾ ਕੇ 1 ਮਿੰਟ ਤੱਕ ਸੇਕੋ। ਇਸੇ ਤਰ੍ਹਾਂ ਦੂਜੇ ਪਾਸੇ ਵੀ ਸੇਕ ਲਓ। ਤਿਆਰ ਕੀਤੀ ਗਈ ਫਿਲਿੰਗ ਨੂੰ ਪੈਨਕੇਕ ਵਿਚ ਲੰਬਾਈ ਵਿਚ ਪਾਓ ਅਤੇ ਫਿਰ ਪੈਨਕੇਕ ਨੂੰ ਫੋਲਡ ਕਰੋ। ਗਰਮ ਗਰਮ ਪਰੋਸੋ

## ਮੈਦੇ ਦੇ ਕਰੇਲੇ

**ਸਮੱਗਰੀ** : ਮੈਦਾ 20 ਗ੍ਰਾਮ, ਰਿਫਾਈਂਡ ਤੇਲ 2 ਵੱਡੇ ਚਮਚ, ਅਜਵਾਇਣ 1 ਛੋਟਾ ਚਮਚ, ਨਮਕ ਸਵਾਦ ਅਨੁਸਾਰ, ਰਿਫਾਂਈਂਡ ਤਲਣ ਲਈ। **ਤਰੀਕਾ** : ✡ ਮੈਦੇ ਵਿਚ ਗਰਮ ਤੇਲ ਪਾ ਕੇ ਗੁੱਨ੍ਹੋ ਅਤੇ ਨਮਕ ਅਤੇ ਅਜਵਾਇਣ ਵੀ ਮੈਦੇ ਵਿਚ ਹੀ ਮਿਲਾ ਲਵੋ। ਪਾਣੀ ਮਿਲਾ ਕੇ ਥੋੜ੍ਹਾ ਸਖਤ ਆਟਾ ਗੁੰਨ੍ਹ ਲਵੋ। ਛੋਟੀਆਂ ਛੋਟੀਆਂ ਗੋਲੀਆਂ ਬਣਾ ਲਵੋ ਅਤੇ ਉਨ੍ਹਾਂ ਨੂੰ ਪੂੜੀ ਦੇ ਆਕਾਰ ਵਿਚ ਵੇਲੋ। ਚਾਕੂ ਦੀ ਸਹਾਇਤਾ ਨਾਲ ਪੂੜੀ ਨੂੰ ਲੰਬਾਈ ਵਿਚ ਥੋੜ੍ਹੀ ਥੋੜ੍ਹੀ ਦੂਰੀ 'ਤੇ ਕੱਟੋ ਪਰ ਸਾਈਡ ਤੋਂ ਜੁੜੀ ਰਹਿਣ ਦਿਓ। ਫਿਰ ਸਾਈਡ ਤੋਂ ਹੌਲੀ ਹੌਲੀ ਹੋਲੀ ਘੁਮਾ ਕੇ ਕਰੇਲ ਦਾ ਆਕਾਰ ਦੇ ਦਿਓ ਤੇ ਰਿਫਾਂਈਡ ਤੇਲ 'ਚ ਤਲ ਲਵੋ।

## ਰਸੋਈ ਟਿਪਸ



✡ ਜਦੋਂ ਸਬਜ਼ੀ ਕੱਟਦੇ ਸਮੇਂ ਹੱਥ ਮੈਲੇ ਹੋ ਜਾਣ ਤਾਂ ਥੋੜ੍ਹਾ ਜਿਹਾ ਸਿਰਕਾ ਅਤੇ ਨਮਕ ਮਿਲਾ ਕੇ ਹੱਥਾਂ ਤੇ ਮਲਣ ਨਾਲ ਹੱਕ ਸਾਫ ਹੋ ਜਾਣਗੇ।

✡ ਆਈਸਕ੍ਰੀਮ ਬਣਾਉਂਦੇ ਸਮੇਂ ਥੋੜ੍ਹਾ ਜਿਹਾ ਮਿਲਕ ਪਾਊਡਰ ਵੀ ਪਾ ਦਿੱਤਾ ਜਾਵੇ ਤਾਂ ਆਈਕ੍ਰੀਮ ਸੰਘਣੀ ਅਤੇ ਸਵਾਦਿਸ਼ਟ ਬਣਦੀ ਹੈ।

✡ ਜਦੋਂ ਘਿਉਂ ਬਾਉਂਦੇ ਸਮੇਂ ਕੜਾਹੀ ਸੜ ਜਾਵੇ ਤਾਂ ਉਸ ਵਿਚ ਨਮਕ ਪਾ ਕੇ ਪਾਣੀ ਉਬਾਲੋ, ਕੜਾਹੀ ਅਸਾਨੀ ਨਾਲ ਸਾਫ ਹੋ ਜਾਵੇਗੀ।

✡ ਪਾਲਕ ਪਨੀਰ ਬਣਾਉਂਦੇ ਸਮੇਂ ਉਸ ਵਿਚ ਇਕ ਵੱਡਾ ਚਮਚ ਫੈਂਟੀ ਹੋਈ ਕਰੀਮ ਪਾ ਦਿਉ ਤਾਂ ਇਸ ਨਾਲ ਪਾਲਕ ਪਨੀਰ ਵਧੇਰੇ ਸਵਾਦਿਸ਼ਟ ਬਣਦਾ ਹੈ।

✡ ਬਾਸੀ ਨਿੰਬੂ ਨੂੰ ਕੁਝ ਦੇਰ ਪਾਣੀ ਵਿਚ ਰੱਖ ਕੇ ਫਿਰ ਇਸਤੇਮਾਲ ਕਰਨ ਨਾਲ ਉਸ ਵਿਚੋਂ ਰਸ ਜ਼ਿਆਦਾ ਮਾਤਰਾ ਵਿਚ ਨਿਕਲੇਗਾ।

✡ ਦਾਲ ਬਣਾਉਂਦੇ ਸਮੇਂ ਪਾਣੀ ਵਿਚ ਅੱਧਾ ਚਮਚ ਹਲਦੀ ਪਾਉਣ ਲਾਲ ਦਾਲ ਜਲਦੀ ਗਲਦੀ ਹੈ।

**-ਸੁਨੀਤਾ ਮਲਹੋਤਰਾ**

## ਬਿਊਟੀ ਟਿਪਸ

✡ ਚਿਹਰਾ ਸਾਫ ਕਰਨ ਲਈ ਗੁਲਾਬ ਜਲ ਦਾ ਇਸਤੇਮਾਲ ਕਰੋ। ਗੁਲਾਬ ਜਲ ਚਿਹਰੇ ਨੂੰ ਸਾਫ ਹੀ ਨਹੀਂ ਕਰਦਾ ਸਗੋਂ ਚਿਹਰੇ ਦੀ ਸਾਰੀ ਮੈਲ ਵੀ ਸਾਫ ਕਰ ਦਿੰਦਾ ਹੈ।

✡ ਰਾਤ ਨੂੰ ਸੌਣ ਤੋਂ ਪਹਿਲਾਂ ਆਪਣੇ ਵਾਲਾਂ ਨੂੰ ਇਕ ਵਾਰ ਕੰਘੀ ਜ਼ਰੂਰ ਕਰੋ ਤੇ ਰਾਤ ਨੂੰ ਵਾਲਾਂ ਨੂੰ ਬੰਨ੍ਹ ਕੇ ਨਾ ਸੌਵੋ।

✡ ਚਿੱਟੇ ਸਿਰਕੇ ਦਾ ਇਕ ਚਮਚ ਪਾਣੀ ਵਿਚ ਪਾ ਕੇ ਵਾਲ ਧੋਣ ਨਾਲ ਵਾਲਾਂ ਵਿਚ ਚਮਕ ਆਉਂਦੀ ਹੈ।

✡ ਮਿੱਠੇ ਸੋਡੇ ਵਿਚ ਥੋੜ੍ਹਾ ਜਿਹਾ ਨਮਕ ਮਿਲਾ ਕੇ ਦੰਦਾਂ 'ਤੇ ਮਲਣ ਨਾਲ ਦੰਦ ਦੁੱਧ ਦੀ ਤਰ੍ਹਾਂ ਚਿੱਟੇ ਹੋ ਜਾਂਦੇ ਹਨ।

# ਬੁਲੰਦ ਆਵਾਜ਼ ਦੀ ਮਲਿਕਾ ਨਰਿੰਦਰ ਬੀਬਾ

*-ਪੰਮੀ ਬਾਈ*



ਅਣਵੰਡੇ ਪੰਜਾਬ ਦੀ ਧਰਤੀ ਦੇ ਚੱਕ 120 ਜਲੂਬੀ ਜ਼ਿਲ੍ਹਾ ਸਰਗੋਧਾ ਵਿਖੇ 13 ਅਪਰੈਲ 1941 ਨੂੰ ਇੱਕ ਬਾਲੜੀ ਨੇ ਮਾਤਾ ਮਹਿੰਦਰ ਕੌਰ ਅਤੇ ਪਿਤਾ ਫਤਿਹ ਸਿੰਘ ਦੇ ਘਰ ਜਨਮ ਲਿਆ। ਉਸ ਨੂੰ ਛੇ ਸਾਲ ਦੀ ਉਮਰ ਵਿੱਚ ਹੀ ਆਪਣੀ ਜਨਮ-ਭੋਇੰ ਤੋਂ ਵੱਖ ਹੋਣਾ ਪਿਆ। ਮਾਪਿਆਂ ਦੀ ਨਿੰਦੋ ਦਾ ਪੂਰਾ ਨਾਂ ਨਰਿੰਦਰ ਕੌਰ ਸੀ। ਉਹ ਆਪਣੇ ਜ਼ਮਾਨੇ ਦੀਆਂ ਬਹੁਤੀਆਂ ਗਾਇਕਾਵਾਂ ਨਾਲੋਂ ਵੱਧ ਪੜ੍ਹੀ ਲਿਖੀ ਸੀ ਕਿਉਂਕਿ ਉਸ ਵਕਤ ਬਹੁਤ ਘੱਟ ਕੁੜੀਆਂ ਬੀ.ਏ. ਕਰਦੀਆਂ ਸਨ। ਸੰਨ 1958 ਵਿੱਚ ਕਾਲਜ ਪੜ੍ਹਦੇ ਸਮੇਂ ਉਨ੍ਹਾਂ ਨੇ ਰੇਡਿਓ 'ਤੇ ਇੱਕ ਗੀਤ 'ਇਹ ਧਰਤੀ ਮੇਰੇ ਪੰਜਾਬ ਦੀ' ਗਾਇਆ ਸੀ। ਉਸ ਵਕਤ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਬੜੀ ਚੜ੍ਹਤ ਸੀ ਜੋ ਲੁਧਿਆਣਾ ਕੈਂਪ ਵਿੱਚ ਰਹਿੰਦੇ ਸੀ। ਨਰਿੰਦਰ ਕੌਰ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਸ ਨੂੰ ਆਪਣੀ ਸ਼ਾਗਿਰਦ ਬਣਾ ਲੈਣ। ਉਸ ਸਮੇਂ ਕੁੜੀਆਂ ਇਸ ਖੇਤਰ ਵਿੱਚ ਬਹੁਤ ਘੱਟ ਸਨ। ਦਿੱਲੀ ਵਿਖੇ ਪ੍ਰਕਾਸ਼ ਕੌਰ, ਸੁਰਿੰਦਰ ਕੌਰ ਦਾ ਸਿੱਕਾ ਚਲਦਾ ਸੀ। ਯਮਲਾ ਜੱਟ ਨੇ ਇਨ੍ਹਾਂ ਨੂੰ ਆਪਣੀ ਸ਼ਾਗਿਰਦ ਬਣਾ ਕੇ ਬੀਬਾ ਦਾ ਨਾਂ ਦਿੱਤਾ। ਫਿਰ ਨਰਿੰਦਰ ਬੀਬਾ ਬਣ ਕੇ ਪਹਿਲਾ ਰਿਕਾਰਡ ਹਰਚਰਨ ਗਰੇਵਾਲ ਨਾਲ ਸੰਨ 1962 ਵਿੱਚ ਰਿਕਾਰਡ ਕਰਵਾਇਆ "?ਅ ?ਸ ਹ ਕ ਖ ਵੇ . ਉਨ੍ਹਾਂ ਨੇ ਕਲਾਸੀਕਲ ਦੀ ਤਾਲੀਮ ਮਾਸਟਰ ਹਰੀਦੇਵ ਤੋਂ ਲਈ।

ਮੈਂ ਛੋਟਾ ਹੁੰਦਾ ਬੀਬਾ ਦਾ ਬਹੁਤ ਵੱਡਾ ਫੈਨ ਸੀ। ਉਨ੍ਹਾਂ ਨਾਲ ਵੱਜਦੇ ਲੋਕ ਸਾਜ਼ ਅਲਗੋਜ਼ੇ ਅਤੇ ਉਨ੍ਹਾਂ ਦੀ ਬੁਲੰਦ ਆਵਾਜ਼ ਮੇਰੇ ਅੰਦਰ ਘਰ ਕਰ ਗਈ। ਉਨ੍ਹਾਂ ਦਾ ਗੀਤ ਹੀਰ ਰਾਂਝਾ, ਜਿਸ ਵਿੱਚ ਫਕੀਰ ਚੰਦ ਫਕੀਰ ਨੇ ਵੀ ਆਵਾਜ਼ ਦਿੱਤੀ ਸੀ, ਜਦ ਵੀ ਪਿੰਡ ਵਿੱਚ ਕਿਸੇ ਦੇ ਲਾਊਡ ਸਪੀਕਰ 'ਤੇ ਵੱਜਦਾ ਤਾਂ ਮੈਂ ਸਾਰੇ ਕੰਮ ਛੱਡ ਕੇ ਉਸ ਗਾਣੇ ਨੂੰ ਰੀਝ ਨਾਲ ਸੁਣਦਾ। ਮੈਂ ਪਹਿਲੀ ਵਾਰ ਨਰਿੰਦਰ ਬੀਬਾ ਦਾ ਅਖਾੜਾ ਸੰਨ 1971 ਵਿੱਚ ਆਪਣੇ ਸ਼ਹੀਦ ਊਧਮ ਸਿੰਘ ਕਾਲਜ ਸੁਨਾਮ ਵਿਖੇ ਵੇਖਿਆ। ਉਥੇ ਸੁਰਿੰਦਰ ਕੌਰ, ਆਸ਼ਾ ਸਿੰਘ ਮਸਤਾਨਾ, ਮੁਹੰਮਦ ਸਦੀਕ, ਰਣਜੀਤ ਕੌਰ ਅਤੇ ਨਰਿੰਦਰ ਬੀਬਾ ਜੀ ਆਏ ਸਨ। ਉਨ੍ਹਾਂ ਨੇ ਆਪਣੇ ਪ੍ਰੋਗਰਾਮ ਦਾ ਆਗਾਜ਼ ਬੇਲੀ ਰਾਮ ਦੇ ਅਲਗੋਜ਼ਿਆਂ ਉੱਪਰ "ਜਦ ਗਗਨ ਦਮਾਮਾ ਬੱਜਿਆ ਉੱਠੋ ਸਿੰਘੋ ਸਰਦਾਰੋ . ਸਾਕਾ ਸਰਹਿੰਦ ਵਿੱਚ ਪੇਸ਼ ਕਰ ਕੇ ਸਾਰੇ ਪੰਡਾਲ ਵਿੱਚ ਇੱਕ ਨਵੀਂ ਕਿਸਮ ਦਾ ਜੋਸ਼ ਪੈਦਾ ਕਰ ਦਿੱਤਾ। ਮੈਂ ਹੁਣ ਤੱਕ ਉਸ ਸੀਨ ਨੂੰ ਨਹੀਂ ਭੁੱਲ ਸਕਿਆ। ਬੀਬਾ ਨੇ ਉਸ ਵਕਤ ਸਭ ਤੋਂ ਵੱਧ ਮਰਦ ਕਲਾਕਾਰਾਂ ਨਾਲ ਗਾਉਣ ਦਾ ਰਿਕਾਰਡ ਕਾਇਮ ਕੀਤਾ। ਉਨ੍ਹਾਂ ਨੇ ਪੰਜਾਬੀ ਫਿਲਮ ਵਿੱਚ ਵੀ ਪਹਿਲੀ ਵਾਰ ਸੁਰਾਂ ਦੇ ਬੇਤਾਜ ਬਾਦਸ਼ਾਹ ਮੁਹੰਮਦ ਰਫ਼ੀ ਸਾਹਿਬ ਨਾਲ ਗਾਉਣ ਦਾ ਮਾਣ ਵੀ ਪ੍ਰਾਪਤ ਕੀਤਾ। ਜਿਸਦੇ ਗੀਤਕਾਰ ਇੰਦਰਜੀਤ ਹਸਨਪੁਰੀ ਸਨ ਅਤੇ ਸੰਗੀਤ ਐੱਸ. ਮਹਿੰਦਰ ਨੇ ਦਿੱਤਾ ਸੀ।

ਬੀਬਾ ਨਾਲ ਮੇਰੀ ਨੇੜਤਾ ਸੰਨ 1986 ਵਿੱਚ ਹੋਈ ਜਦੋਂ ਮੈਂ ਉੱਤਰ ਖੇਤਰੀ ਸੱਭਿਆਚਾਰਕ ਕੇਂਦਰ ਵਿੱਚ ਕੰਮ ਕਰਦਾ ਸੀ। ਮੈਂ ਉਨ੍ਹਾਂ ਨੂੰ ਮਿਲਣ ਗਿਆ ਅਤੇ ਉਨ੍ਹਾਂ ਦਾ ਬਹੁਤ ਵੱਡਾ ਪ੍ਰਸ਼ੰਸਕ ਹੋਣ ਅਤੇ ਆਪਣੇ ਮਾੜਾ ਮੋਟਾ ਗਾਉਣ ਅਤੇ ਨੱਚਣ ਦੇ ਸ਼ੌਕ ਬਾਰੇ ਦੱਸਿਆ ਤਾਂ ਉਨ੍ਹਾਂ ਝੱਟ ਹਰਮੋਨੀਅਮ ਫੜ ਲਿਆ। ਮੈਨੂੰ ਕੁਝ ਸੁਣਾਉਣ ਲਈ ਕਹਿ ਕੇ ਆਪ ਸੁਰ ਦੇਣ ਲੱਗ ਪਏ। ਯਮਲਾ ਜੱਟ ਦੇ ਬੇਟੇ ਢੋਲਕ ਮਾਸਟਰ ਕਰਤਾਰ ਨੇ ਢੋਲਕ ਵਜਾਉਣੀ ਸ਼ੁਰੂ ਕਰ ਦਿੱਤੀ। ਬੱਸ ਉੱਥੇ ਹੀ ਮਹਿਫ਼ਿਲ ਜਮ ਗਈ। ਇਸ ਤਰ੍ਹਾਂ ਬੀਬਾ ਨਾਲ ਮੇਰੀ ਸਾਂਝ ਹੋਰ ਗੂੜ੍ਹੀ ਹੋ ਗਈ। ਮੈਨੂੰ ਯਾਦ ਹੈ ਕਿ ਜਦੋਂ ਗੁਰਭਜਨ ਗਿੱਲ ਨੇ ਸੰਨ 1986 ਵਿੱਚ ਪ੍ਰੋਫ਼ੈਸਰ ਮੋਹਨ ਸਿੰਘ ਮੇਲੇ 'ਤੇ ਪੰਜਾਬੀ ਭਵਨ ਵਿਖੇ ਬੀਬਾ ਨੂੰ ਗਾਉਣ ਲਈ ਸ਼ਾਮ ਨੂੰ ਵਕਤ ਦਿੱਤਾ ਤਾਂ ਬੋਲੀਆਂ ਪਾਉਣ ਲਈ ਬੀਬਾ ਨੇ ਮੈਨੂੰ ਆਵਾਜ਼ ਮਾਰ ਦਿੱਤੀ। ਉਹ ਦਿਨ ਮੇਰੇ ਲਈ ਬਹੁਤ ਅਹਿਮ ਅਤੇ ਯਾਦਗਾਰੀ ਸੀ ਕਿਉਂਕਿ ਪੰਜਾਬ ਦੀ ਉਸ ਮਸ਼ਹੂਰ ਫਨਕਾਰਾ ਨਾਲ ਹਜ਼ਾਰਾਂ ਲੋਕਾਂ ਦੀ ਹਾਜ਼ਰੀ ਵਿੱਚ ਬੇਲੀ ਰਾਮ ਦੇ ਅਲਗੋਜ਼ਿਆਂ ਉੱਪਰ ਅਤੇ ਔਰਤਾਂ ਦਾ ਸਕੇਲ ਰੱਖ ਕੇ ਗਾਉਣਾ ਪਰਖ ਦੀ ਘੜੀ ਸੀ। ਉਸ ਵਕਤ ਮੈਂ ਸੋਚਿਆ ਵੀ ਨਹੀਂ ਸੀ ਕਿ ਪ੍ਰੋਫੈਸ਼ਨਲ ਗਾਇਕ ਬਣਾਂਗਾ। ਮੈਂ ਭੈਣ ਨਰਿੰਦਰ ਬੀਬਾ ਦਾ ਹਮੇਸ਼ਾ ਰਿਣੀ ਹਾਂ ਕਿ ਉਨ੍ਹਾਂ ਮੇਰੀ ਉਂਗਲ ਫੜਕੇ ਮੈਨੂੰ ਸਟੇਜ ਉੱਪਰ ਬਤੌਰ ਗਾਇਕ ਲੋਕਾਂ ਸਾਹਮਣੇ ਪੇਸ਼ ਕੀਤਾ।

ਭਾਰਤ ਸਰਕਾਰ ਦੇ ਕਲਚਰਲ ਵਿਭਾਗ ਵੱਲੋਂ ਸੰਨ 1986 ਵਿੱਚ ਸ਼ਿਲਾਂਗ ਵਿਖੇਨਾਰਥ ਈਸਟ ਸਟੇਟ ਫੈਸਟੀਵਲ ਕਰਨ ਦਾ ਨਿਰਣਾ ਕੀਤਾ ਗਿਆ, ਜਿਸਦਾ ਉਦਘਾਟਨ ਉਸ ਸਮੇਂ ਦੇ ਪ੍ਰਧਾਨ ਮਰਹੂਮ ਰਾਜੀਵ ਗਾਂਧੀ ਨੇ ਕਰਨਾ ਸੀ। ਉਸ ਵਿੱਚ ਉੱਤਰ ਖੇਤਰੀ ਸੱਭਿਆਚਾਰਕ ਕੇਂਦਰ ਵੱਲੋਂ ਕਲਾਕਾਰਾਂ ਦਾ ਟੋਲਾ ਲੈ ਕੇ ਜਾਣ ਦੀ ਜ਼ਿੰਮੇਵਾਰੀ ਮੇਰੀ ਲੱਗੀ। ਇਸ ਵਿੱਚ ਭੰਗੜਾ, ਗਿੱਧਾ, ਹਿਮਾਚਲ ਅਤੇ ਹਰਿਆਣਾ ਦੇ ਕਲਾਕਾਰਾਂ ਦੇ ਨਾਲ ਨਰਿੰਦਰ ਬੀਬਾ ਦਾ ਟਰੁੱਪ ਸ਼ਾਮਲ ਸੀ। ਦੋ ਦਿਨ ਦਾ ਜੋ ਸਫ਼ਰ ਅਸੀਂ ਸਾਰੇ ਕਲਾਕਾਰਾਂ ਨੇ ਅੰਬਾਲੇ ਤੋਂ ਲੈ ਕੇ ਗੁਹਾਟੀ ਤੱਕ ਗੱਡੀ ਦੀ ਸਪੈਸ਼ਲ ਬੋਗੀ ਬੁੱਕ ਕਰਕੇ ਕੀਤਾ ਉਹ ਨਾ ਭੁੱਲਣ ਵਾਲਾ ਸਮਾਂ ਹੈ। ਉਨ੍ਹਾਂ ਵਿੱਚੋਂ ਬਹੁਤ ਸਾਰੇ ਪੰਜਾਬੀ ਕਲਾਕਾਰ ਅੱਜ ਸਾਡੇ ਦਰਮਿਆਨ ਨਹੀਂ ਹਨ।

ਮੈਨੂੰ ਉੱਥੇ ਵੀ ਸਟੇਜ 'ਤੇ ਬੀਬਾ ਨਾਲ ਗਾਉਣ ਦਾ ਸੁਭਾਗ ਪ੍ਰਾਪਤ ਹੋਇਆ। ਦਿੱਲੀ ਵਿਖੇ "ਆਪਣਾ ਉਤਸਵ ਪ੍ਰੋਗਰਾਮ ਵਿੱਚ ਵੀ ਮੈਨੂੰ ਅਫ਼ਸਰੀ ਤੋਂ ਪਰਾਂ ਕਰਕੇ ਬਤੌਰ ਗਾਇਕ ਸਟੇਜ 'ਤੇ ਪੇਸ਼ ਕੀਤਾ। ਇਸ ਨਾਲ ਮੇਰਾ ਹੌਸਲਾ ਵੱਧਦਾ ਗਿਆ। ਆਖੀਰ ਸੰਨ 1987 ਵਿੱਚ ਬੀਬਾ ਨਾਲ ਸ਼ੌਕੀਆ ਤੌਰ 'ਤੇ ਕੈਸਟ ਰਿਕਾਰਡ ਕੀਤੀ। ਬੀਬਾ ਨੇ ਸੰਨ 1992 ਵਿੱਚ ਆਪਣੇ ਮਰਹੂਮ ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਟਰੱਸਟ ਬਣਾਇਆ ਜਿਸਦੇ ਉਹ ਆਪ ਪ੍ਰਧਾਨ ਸਨ ਅਤੇ ਚੇਅਰਮੈਨ ਗੁਰਜਤਿੰਦਰ ਰੰਧਾਵਾ ਸੀ। ਬੀਬਾ ਦਿਲ ਦੇ ਬਹੁਤ ਕੋਮਲ ਸਨ

। ਉਨ੍ਹਾਂ ਨੂੰ ਇੱਕ ਵਿਦੇਸ਼ੀ ਠੱਗ ਨੇ ਝਾਂਸਾ ਦੇ ਕੇ ਉਨ੍ਹਾਂ ਤੋਂ ਕਾਫੀ ਪੈਸੇ ਵਸੂਲ ਲਏ। ਇਸ ਲਈ ਉਹ ਬੜੇ ਚਿੰਤਤ ਸਨ ਅਤੇ ਉਸੇ ਚਿੰਤਾ ਕਾਰਨ ਉਹ ਜੂਨ, 1997 ਸਾਨੂੰ ਅਲਵਿਦਾ ਕਹਿ ਗਏ ਪਰ ਉਨ੍ਹਾਂ ਦੀ ਆਵਾਜ਼ ਹਮੇਸ਼ਾਂ ਫਿਜ਼ਾ ਵਿੱਚ ਗੂੰਜਦੀ ਰਹੇਗੀ।

# ਨੌਰਵੇ ਵਿੱਚ ਸਾਈਕਲ ਦੀ ਸ਼ਾਨ

ਨੌਰਵੇ ਦੁਨੀਆਂ ਦਾ ਇੱਕ ਖ਼ੂਬਸੂਰਤ ਤੇ ਠੰਢਾ ਮੁਲਕ ਹੈ। ਇਸ ਨੂੰ ਅੱਧੀ ਰਾਤ ਦੇ ਸੂਰਜ ਵਾਲਾ ਦੇਸ਼ ਵੀ ਕਿਹਾ ਜਾਂਦਾ ਹੈ। ਇਸ ਦਾ ਖੇਤਰਫਲ 3,85,185 ਵਰਗ ਕਿਲੋਮੀਟਰ ਹੈ ਤੇ ਇਹ ਦੁਨੀਆਂ ਭਰ ਵਿੱਚ 67ਵੇਂ ਨੰਬਰ 'ਤੇ ਹੈ। ਅੱਜ ਕੱਲ੍ਹ ਇੱਥੇ ਦੀ ਆਬਾਦੀ ਤਕਰੀਬਨ 50,38,842 ਹੈ ਜਿਸ ਵਿੱਚ 10,830 ਦੇ ਕਰੀਬ ਭਾਰਤੀ ਮੂਲ ਦੇ ਲੋਕ ਹਨ। ਇਹ ਦੁਨੀਆਂ ਦੇ ਅਮੀਰ ਦੇਸ਼ਾਂ 'ਚੋਂ ਇੱਕ ਹੈ। ਇਸ ਅਮੀਰ ਦੇਸ਼ ਦੇ ਅਮੀਰ ਲੋਕਾਂ ਦੀ ਇੱਕ ਗੱਲ ਬਹੁਤ ਹੀ ਚੰਗੀ ਹੈ ਕਿ ਇਹ ਵਧੀਆ ਕਾਰਾਂ ਦੇ ਨਾਲ-ਨਾਲ ਆਪਣੇ ਘਰਾਂ ਵਿੱਚ ਸਾਈਕਲ ਵੀ ਰੱਖਦੇ ਹਨ। ਕੰਮਾਂ-ਕਾਰਾਂ 'ਤੇ ਵੀ ਸਾਈਕਲ ਉੱਤੇ



ਜਾਂਦੇ ਹਨ। ਦੇਖਣ ਵਿੱਚ ਆਉਂਦਾ ਹੈ ਕਿ ਕਈ ਥਾਵਾਂ 'ਤੇ ਸੜਕ ਦੇ ਨੇੜੇ ਸਾਈਕਲ ਸਟੈਂਡ ਹਨ। ਸ਼ਹਿਰ ਦੇ ਅੰਦਰ ਬਣੇ ਇਨ੍ਹਾਂ ਸਾਈਕਲ ਸਟੈਂਡ ਵਾਲੇ ਸਾਈਕਲਾਂ ਨੂੰ 'ਸਿਟੀ ਸਾਈਕਲ' ਕਿਹਾ ਜਾਂਦਾ ਹੈ। ਸਿਟੀ ਸਾਈਕਲ, ਯੂਰਪ ਵਿੱਚ ਸਭ ਤੋਂ ਪਹਿਲਾਂ ਡੈਨਮਾਰਕ ਦੀ ਰਾਜਧਾਨੀ ਕੋਪਨਹੇਗਨ ਵਿੱਚ ਸ਼ੁਰੂ ਹੋਇਆ। ਨੌਰਵੇ ਦੇ ਪੰਜ ਵੱਡੇ ਸ਼ਹਿਰਾਂ 'ਚ ਸਿਟੀ ਸਾਈਕਲ ਦੀ ਸਹੂਲਤ ਹੈ। ਇਨ੍ਹਾਂ ਵਿੱਚ ਨੌਰਵੇ ਦੀ ਰਾਜਧਾਨੀ ਓਸਲੋ (+ਤ;ਰ), ਸੰਦਨਿਸ (ਛ ਥਰੋਣਹਾਇਮ ("ਗਰਅਵਿਕਸਨ), ਬੈਨਸਬਰਗ ("ਰਅਤਲਕਗਪ) ਤੇ ਦਰਮਨ (4ਗਠਨਕਅ) ਦੇ ਨਾਂ ਸ਼ਾਮਲ ਹਨ। ਇਹ ਸਾਈਕਲ ਲੋਕਾਂ ਨੂੰ ਨਹੀਂ ਸਗੋਂ ਲੋਕਾਂ ਲਈ ਇਨ੍ਹਾਂ ਸਟੈਂਡਾਂ 'ਤੇ ਖੜ੍ਹਾਏ ਜਾਂਦੇ ਹਨ। ਇਹ ਸਾਈਕਲ ਸਟੈਂਡ ਬਹੁਤੀ ਵਸੋਂ ਵਾਲੀਆਂ ਥਾਵਾਂ 'ਤੇ ਲੋਕਾਂ ਦੀ ਜ਼ਰੂਰਤ ਨੂੰ ਮੁੱਖ ਰੱਖ ਕੇ ਬਣਾਏ ਜਾਂਦੇ ਹਨ। ਇਹ ਸਾਈਕਲ ਸਟੈਂਡ ਪ੍ਰਾਈਵੇਟ ਕੰਪਨੀਆਂ ਦੇ ਹੁੰਦੇ ਹਨ। ਸਾਈਕਲਾਂ ਦੇ ਮਡਗਾਰਡਾਂ 'ਤੇ ਵੱਖ-ਵੱਖ ਇਸ਼ਤਿਹਾਰਾਂ (ਐਡਵਰਟਾਈਜ਼ਮੈਂਟ) ਵਾਲੇ ਸਟਿੱਕਰ ਲਗਾਏ ਹੁੰਦੇ ਹਨ। ਇਨ੍ਹਾਂ ਇਸ਼ਤਿਹਾਰਾਂ ਤੋਂ ਕਮਾਏ ਪੈਸਿਆਂ ਨਾਲ ਇਹ ਲੋਕ ਆਪਣਾ ਇਹ ਸਿਟੀ ਸਾਈਕਲ ਦਾ ਕਾਰੋਬਾਰ ਚਲਾਉਂਦੇ ਹਨ।

ਕਿਸੇ ਸਟੈਂਡ ਤੋਂ ਸਿਟੀ ਸਾਈਕਲ ਲੈਣ ਲਈ ਇੱਕ ਕਾਰਡ ਬਣਵਾਉਣਾ ਭਾਵ ਰਜਿਸਟਰਡ ਕਰਵਾਉਣਾ ਪੈਂਦਾ ਹੈ। ਇਹ ਕਾਰਡ 18 ਸਾਲਾਂ ਦੀ ਉਮਰ ਤੋਂ ਘੱਟ ਵਾਲੇ ਦਾ ਨਹੀਂ ਬਣਦਾ। ਸਿਟੀ ਸਾਈਕਲ ਲੈਣ ਲਈ ਇੱਕ 'ਸੀਜ਼ਨ' ਦੇ 90 ਕਰੋਨੇ ਯਾਨੀ ਕਿ ਭਾਰਤੀ 800 ਰੁਪਏ ਦੇ ਕਰੀਬ ਰਕਮ ਜਮ੍ਹਾਂ ਕਰਾਉਣੀ ਪੈਂਦੀ ਹੈ। ਇਸ ਕਾਰਡ ਨਾਲ ਉੱਥੇ ਲੱਗੀ ਮਸ਼ੀਨ ਦੇ ਸਕਰੀਨ 'ਤੇ ਸਾਈਕਲ ਦਾ ਨੰਬਰ ਆ ਜਾਂਦਾ ਹੈ ਤੇ ਲੋੜਵੰਦ ਵਿਅਕਤੀ ਉਹ ਸਾਈਕਲ ਲੈ ਲੈਂਦਾ ਹੈ। ਜੇ ਸਟੈਂਡ 'ਤੇ ਕੋਈ ਸਾਈਕਲ ਨਾ ਹੋਵੇ ਤਾਂ ਇਹੋ ਮਸ਼ੀਨ ਦੱਸਦੀ ਹੈ ਕਿ ਕਿਸ ਨੇੜਲੇ ਸਟੈਂਡ 'ਤੇ ਤੁਹਾਨੂੰ ਸਾਈਕਲ ਮਿਲੇਗਾ। ਇਸੇ ਕਾਰਡ ਨਾਲ ਸਾਈਕਲ ਦਾ ਲੌਕ ਖੁੱਲ੍ਹਦਾ ਹੈ। ਇਹ ਸਿਟੀ ਸਾਈਕਲ ਇੱਕ ਵਾਰ ਲੈ ਕੇ ਤਿੰਨ ਘੰਟੇ ਲਈ ਵਰਤਣ ਦੀ ਆਗਿਆ ਹੁੰਦੀ ਹੈ ਤੇ ਤਿੰਨ ਘੰਟੇ ਬਾਅਦ ਕਿਸੇ ਵੀ ਸਟੈਂਡ 'ਤੇ ਛੱਡ ਕੇ ਉੱਥੋਂ ਹੋਰ ਸਾਈਕਲ ਲਿਆ ਜਾ ਸਕਦਾ ਹੈ। ਜੇ ਸਾਈਕਲ ਟੁੱਟ-ਭੱਜ ਜਾਵੇ ਤਾਂ ਉਸ ਨੂੰ ਸਟੈਂਡ 'ਤੇ ਰੱਖ ਦਿੱਤਾ ਜਾਂਦਾ ਹੈ। ਇਸ ਟੁੱਟ-ਭੱਜ ਦਾ ਕੋਈ ਹਰਜਾਨਾ-ਜੁਰਮਾਨਾ ਸਬੰਧਿਤ ਵਿਅਕਤੀ ਨੂੰ ਨਹੀਂ



ਭਰਨਾ ਪੈਂਦਾ ਪਰ ਜੇ ਕੋਈ ਸਾਈਕਲ ਗੁੰਮ ਹੋ ਜਾਵੇ ਤਾਂ ਸਾਈਕਲ ਦੀ ਕੀਮਤ ਕੰਪਨੀ ਵਾਲੇ ਵਸੂਲ ਕਰਦੇ ਹਨ ਜੋ ਅੰਦਾਜ਼ਨ 3500 ਕਰੋਨੇ ਭਾਵ ਭਾਰਤੀ 30000 ਰੁਪਏ ਦੇ ਕਰੀਬ ਹੁੰਦੀ ਹੈ।

ਵਰਣਨਯੋਗ ਹੈ ਕਿ ਇੱਥੇ ਸਾਈਕਲ ਦੀ ਕੀਮਤ ਦਸ ਹਜ਼ਾਰ ਰੁਪਏ ਤੋਂ ਲੈ ਕੇ 4-5 ਲੱਖ ਰੁਪਏ ਤਕ ਹੈ। ਸਾਈਕਲ ਦਾ ਬੀਮਾ ਵੀ ਕਰਵਾਇਆ ਜਾਂਦਾ ਹੈ। ਇਨ੍ਹਾਂ ਸਾਈਕਲਾਂ ਨੂੰ ਲੱਗੀਆਂ ਲਾਈਟਾਂ ਬੈਟਰੀ ਨਾਲ ਚੱਲਦੀਆਂ ਹਨ। ਬਿਨਾਂ ਲਾਈਟ ਤੋਂ ਹਨੇਰੇ ਵਿੱਚ ਸਾਈਕਲ ਚਲਾਉਣ ਵਾਲੇ ਨੂੰ ਜੁਰਮਾਨਾ ਕੀਤਾ ਜਾਂਦਾ ਹੈ। ਸ਼ਹਿਰ ਵਿੱਚ ਫੁੱਟਪਾਥ ਵਰਗੀ ਹੀ ਵੱਖਰੀ ਸੜਕ ਹੁੰਦੀ ਹੈ ਜਿਸ 'ਤੇ ਬਾਕਾਇਦਾ ਸਾਈਨ ਬੋਰਡ 'ਤੇ ਸਾਈਕਲ ਬਣਿਆ ਹੁੰਦਾ ਹੈ। ਇੱਥੇ ਸਾਈਕਲ ਨੂੰ ਕਾਰਾਂ ਵਾਂਗ ਹੀ ਅਹਿਮੀਅਤ ਦਿੱਤੀ ਜਾਂਦੀ ਹੈ। ਇਹ ਸਾਈਕਲ ਗੇਅਰਾਂ ਵਾਲੇ ਹੁੰਦੇ ਹਨ। ਇਹ ਬੜੀ ਤੇਜ਼ ਰਫ਼ਤਾਰ ਨਾਲ ਚੱਲਦੇ ਹਨ। ਸਿਰਫ਼ ਹਾਈਵੇ 'ਤੇ ਸਾਈਕਲ ਚਲਾਉਣਾ ਮਨ੍ਹਾ ਹੈ ਕਿਉਂਕਿ ਉੱਥੇ ਵਾਹਨ ਬਹੁਤ ਤੇਜ਼ ਗਤੀ 'ਚ ਚੱਲਦੇ ਹਨ। ਇਨ੍ਹਾਂ ਦੇਸ਼ਾਂ ਵਿੱਚ ਟਰੈਫਿਕ ਨਿਯਮਾਂ ਦੀ ਪਾਲਣਾ ਬਹੁਤ ਸੰਜੀਦਗੀ ਨਾਲ ਕੀਤੀ ਜਾਂਦੀ ਹੈ ਤੇ ਪਾਲਣਾ ਨਾ ਕਰਨ ਵਾਲੇ ਨੂੰ ਭਾਰੀ ਜੁਰਮਾਨਾ ਕੀਤਾ ਜਾਂਦਾ ਹੈ। ਇਹੋ ਕਾਰਨ ਹੈ ਕਿ ਇੱਥੇ ਬਹੁਤ ਘੱਟ ਸੜਕ ਹਾਦਸੇ ਹੁੰਦੇ ਹਨ।

ਮਈ ਤੋਂ ਸਤੰਬਰ ਤਕ ਇੱਥੇ ਸਾਈਕਲ ਦੀ ਵਰਤੋਂ ਬਹੁਤ ਕੀਤੀ ਜਾਂਦੀ ਹੈ। ਸਰਦੀ ਦੇ ਬਰਫ਼ਬਾਰੀ ਤੋਂ ਪਹਿਲਾਂ-ਪਹਿਲਾਂ ਕੰਪਨੀ ਵਾਲੇ ਆਪਣੇ ਸਿਟੀ ਸਾਈਕਲ ਚੁੱਕ ਕੇ ਲੈ ਜਾਂਦੇ ਹਨ। ਆਮ ਦੇਖਣ ਵਿੱਚ ਆਉਂਦਾ ਹੈ ਕਿ ਮਰਦ-ਔਰਤਾਂ ਸਾਈਕਲ 'ਤੇ ਆਉਂਦੇ-ਜਾਂਦੇ ਹਨ। ਦੂਜੇ ਪਾਸੇ ਸਾਡੇ ਦੇਸ਼ ਵਿੱਚ ਸਾਈਕਲ ਵਾਲੇ ਨੂੰ ਗ਼ਰੀਬ ਤੇ ਪੱਛੜਿਆ ਹੋਇਆ ਸਮਝਿਆ ਜਾਂਦਾ ਹੈ।

ਨੌਰਵੇ ਵਿੱਚ ਆਮ ਕਰਮਚਾਰੀ ਤੋਂ ਲੈ ਕੇ ਵੱਡੇ-ਵੱਡੇ ਅਫ਼ਸਰ ਵੀ ਸਾਈਕਲਾਂ 'ਤੇ ਆਉਂਦੇ-ਜਾਂਦੇ ਹਨ। ਇਹ ਇੱਕ ਹੈਰਾਨੀ ਭਰਿਆ ਸੱਚ ਹੈ ਕਿ ਬੀਤੇ ਸਾਲ 22 ਜੁਲਾਈ ਨੂੰ ਨੌਰਵੇ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਪਹਿਲਾਂ ਇੱਥੋਂ ਦਾ ਪ੍ਰਧਾਨ ਮੰਤਰੀ ਜੈਨਸ ਸਤੋਲਤਨਬਰਗ ਵੀ ਸਾਈਕਲ ਉੱਤੇ ਪਾਰਲੀਮੈਂਟ ਆਉਂਦਾ-ਜਾਂਦਾ ਸੀ। ਕਰਮਚਾਰੀ ਜਾਂ ਉੱਚ ਅਧਿਕਾਰੀ ਵੀ ਪੂਰੀ ਸ਼ਾਨ ਨਾਲ ਆਪਣੇ ਸਾਈਕਲ 'ਤੇ ਦਫ਼ਤਰਾਂ ਨੂੰ ਜਾਂਦੇ ਹਨ। ਭਾਰਤ ਜਾਂ ਪੰਜਾਬ ਵਾਂਗ ਸਾਈਕਲ ਵਾਲੇ ਨੂੰ ਨੀਵਾਂ ਨਹੀਂ ਸਮਝਿਆ ਜਾਂਦਾ। ਨਾ ਹੀ ਨੌਰਵੀਅਨ ਲੋਕ ਸਾਈਕਲ 'ਤੇ ਆਉਣ-ਜਾਣ ਵਿੱਚ ਕੋਈ ਹੇਠੀ ਸਮਝਦੇ ਹਨ। ਬੇਸ਼ੱਕ ਇਨ੍ਹਾਂ ਲੋਕਾਂ ਨੇ ਲੋੜ ਲਈ ਵਧੀਆ ਮਹਿੰਗੀਆਂ ਕਾਰਾਂ ਰੱਖੀਆਂ ਹੋਈਆਂ ਹਨ, ਫਿਰ ਵੀ ਇਹ ਸਾਈਕਲਾਂ 'ਤੇ ਘੁੰਮਦੇ ਹਨ। ਇੱਥੇ ਸਰਕਾਰ ਤੇ ਪ੍ਰਾਈਵੇਟ ਕੰਪਨੀਆਂ ਵੱਲੋਂ ਸਾਈਕਲ ਮੁਹਿੰਮ ਵੀ ਚਲਾਈ ਜਾਂਦੀ ਹੈ ਤੇ ਲੋਕਾਂ ਨੂੰ ਸਾਈਕਲ ਚਲਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਹ ਲੋਕ ਆਪਣੀ ਸਿਹਤ ਪ੍ਰਤੀ ਬਹੁਤ ਜਾਗਰੂਕ ਹਨ।

80-90 ਸਾਲਾਂ ਦੇ ਮਰਦ-ਔਰਤਾਂ ਸੜਕਾਂ ਜਾਂ ਸ਼ਾਪਿੰਗ ਸੈਂਟਰਾਂ ਵਿੱਚ ਚੁਸਤ-ਦਰੁਸਤ ਤੁਰੇ ਫਿਰਦੇ ਹਨ। ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਸਾਈਕਲ ਚਲਾਉਣ ਨਾਲ ਸਾਡੀ ਸਰੀਰਕ ਕਸਰਤ ਤਾਂ ਹੁੰਦੀ ਹੀ ਹੈ, ਨਾਲ-ਨਾਲ ਵਾਹਨਾਂ ਦੇ ਧੂੰਏਂ ਤੋਂ ਪੈਦਾ ਹੋਣ ਵਾਲਾ ਪ੍ਰਦੂਸ਼ਣ ਵੀ ਘਟਦਾ ਹੈ। ਸੋਚਣ ਵਾਲੀ ਗੱਲ ਤਾਂ ਇਹ ਹੈ ਜਿਸ ਦੇਸ਼ ਦਾ ਪ੍ਰਧਾਨ ਮੰਤਰੀ ਖ਼ੁਦ ਸਾਈਕਲ ਦੀ ਸਵਾਰੀ ਕਰਦਾ ਹੈ, ਉੱਥੇ ਦੀ ਪਰਜਾ ਲਈ ਸਾਈਕਲ ਚਲਾਉਣਾ ਆਮ ਗੱਲ ਹੈ ਜਦੋਂਕਿ ਸਾਡੇ ਮੁਲਕ ਵਿੱਚ ਤਾਂ ਲੀਡਰ ਜਾਂ ਮੰਤਰੀ-ਸੰਤਰੀ ਸਿਰਫ਼ ਚੋਣਾਂ ਦੇ ਦਿਨਾਂ ਵਿੱਚ ਹੀ ਪੈਦਲ ਮਾਰਚ ਜਾਂ ਸਾਈਕਲਾਂ ਨੂੰ ਝੰਡੀਆਂ ਬੰਨ੍ਹ ਕੇ ਤੁਰੇ-ਫਿਰਦੇ ਹਨ ਜਾਂ ਫਿਰ ਪੈਟਰੋਲ ਜਾਂ ਡੀਜ਼ਲ ਦੀਆਂ ਵਧੀਆਂ ਕੀਮਤਾਂ ਖ਼ਿਲਾਫ਼ ਰੋਸ ਮੁਜ਼ਾਹਰੇ ਕਰਦੇ ਸਾਈਕਲਾਂ ਜਾਂ ਰਿਕਸ਼ਿਆਂ 'ਤੇ ਚੜ੍ਹੇ ਫਿਰਦੇ ਹਨ। ਤੇਲ ਦੀਆਂ ਕੀਮਤਾਂ ਵਧਣ ਦੇ ਬਾਵਜੂਦ ਸੜਕਾਂ 'ਤੇ ਦੋਪਹੀਆ-ਚੌਪਹੀਆ ਵਾਹਨਾਂ ਦੀ ਉਹੋ ਹੀ ਭੀੜ ਹੈ। ਇਨ੍ਹਾਂ ਸਾਈਕਲਾਂ 'ਤੇ ਫਿਰਦੇ ਨੌਰਵੇ ਦੇ ਲੋਕਾਂ ਨੂੰ ਦੇਖ ਕੇ ਜਾਪਦਾ ਹੈ ਕਿ ਇਹ ਲੋਕ ਪੈਸੇ ਨਾਲ ਹੀ ਨਹੀਂ ਸੋਚ ਪੱਖੋਂ ਵੀ ਅਮੀਰ ਹਨ। ਕਾਸ਼! ਅਸੀਂ ਲੋਕ ਵੀ ਅਜਿਹੀ ਅਮੀਰ ਸੋਚ ਅਪਣਾ ਸਕੀਏ।

# ਕਹਾਣੀ/ ਮਾਮੀ ਜੀ/ - ਸੁਰਿੰਦਰ ਸਿੰਘ ਰਾਏ

ਮਾਮੀ ਜੀ, ਕਿਤੇ ਚੰਡੀਗੜ੍ਹ ਸਾਡੇ ਕੋਲ ਵੀ ਗੇੜਾ ਮਾਰ ਜਾਇਆ ਕਰੋ। ਤੁਹਾਡਾ ਤਾਂ ਸਾਨੂੰ ਮਿਲਣ ਨੂੰ ਚਿੱਤ ਈ ਨਹੀਂ ਕਰਦਾ। ਵੇਖੋ ਤਾਂ, ਅਸੀਂ ਫਿਰ ਵੀ ਟਾਈਮ ਕੱਢ ਕੇ ਤੁਹਾਨੂੰ ਮਿਲਣ ਲਈ ਆ ਜਾਈਦੈ। ਰਾਜਬੰਤ ਨੇ ਆਪਣੀ ਮਾਮੀ ਦੇ ਘਰ ਵੜਦਿਆਂ ਹੀ ਹਾਸਾ ਬਿਖੇਰਦਿਆਂ ਉੱਚੀ ਦੇਣੀ ਆਖਿਆ। ਆਪਣੇ-ਆਪ ਨੂੰ ਮਾਮੀ ਜੀ ਆਖਿਆ ਸੁਣ ਕੇ ਬਚਿੰਤ ਕੌਰ ਬਾਹਲੀ ਹੀ ਖ਼ੁਸ਼ ਹੋ ਗਈ ਸੀ। ਉਸ ਨੂੰ ਰਾਜਬੰਤ ਬਹੁਤ ਹੀ ਪਿਆਰੀ ਤੇ ਸੁੱਘੜ-ਸਿਆਣੀ ਬਹੂ ਲੱਗ ਰਹੀ ਸੀ। ਉਹ ਚਾਹੁੰਦੀ ਸੀ ਕਿ ਅੱਜ ਉਹ ਰਾਜਬੰਤ ਨਾਲ ਦਿਲ ਭਰ ਕੇ ਗੱਲਾਂ ਕਰ ਲਵੇ। ਰਾਜਬੰਤ ਦੇ ਗੱਲਾਂ ਕਰਨ ਦੇ ਸਲੀਕੇ ਅਤੇ ਦਰਸਾਈ ਅਪਣੱਤ ਨੇ ਬਚਿੰਤ ਕੌਰ ਨੂੰ ਕੀਲ ਕੇ ਰੱਖ ਦਿੱਤਾ ਸੀ। ਆਪਣੀ ਮਾਮੀ ਨੂੰ ਸੁੱਖ-ਸਾਂਦ ਪੁੱਛਣ ਤੋਂ ਬਾਅਦ ਗੁਰਪ੍ਰੀਤ ਲਾਗੇ ਹੀ ਕੁਰਸੀ 'ਤੇ ਬੈਠ ਗਿਆ ਸੀ। ਉਹ ਚੁੱਪਚਾਪ ਬੈਠਾ ਉਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ ਅਤੇ ਨਿੰਮਾ-ਨਿੰਮਾ ਹੱਸੀ ਜਾ ਰਿਹਾ ਸੀ।

ਬਹੁਟੀਏ! ਕੀ ਦੱਸਾਂ ਤੈਨੂੰ। ਘਰ ਦੇ ਕੱਖ-ਕੰਡੇ ਦਾ ਕੰਮ ਈ ਨੀਂ ਮੁੱਕਦਾ। ਦੋ-ਤਿੰਨ ਡੰਗਰ ਰੱਖਿਓ ਆਂ। ਬਸ ਇਹੀ ਨੀਂ ਕਿਸੇ ਪਾਸੇ ਨਿਕਲਣ ਦਿੰਦੇ। ਥੋਨੂੰ ਮਿਲਣ ਨੂੰ ਤਾਂ ਮੇਰਾ ਵੀ ਬਹੁਤ ਜੀਅ ਕਰਦਾ ਰਹਿੰਦੈ, ਪਰ ਪੇਸ਼ ਈ ਨਹੀਂ ਜਾਂਦੀ।

ਮਾਮੀ ਜੀ, ਇਹ ਤਾਂ ਬਹਾਨੇ ਨੇ। ਜੇ ਤੁਹਾਡਾ ਮਿਲਣ ਨੂੰ ਦਿਲ ਕਰਦਾ ਹੋਵੇ ਤਾਂ ਬੰਦਾ ਟਾਈਮ ਕੱਢ ਈ ਲੈਂਦੈ। ਰਾਜਬੰਤ ਹੱਸਦੀ ਹੋਈ ਬੋਲੀ।

ਬਹੁਟੀਏ। ਮੈਂ ਝੂਠ ਨੀਂ ਆਂਹਦੀ। ਮੇਰਾ ਤਾਂ ਸਚਮੁੱਚ ਈ ਟੈਮ ਨੀ ਲਗਦਾ। ਸੁਲੱਖਣ ਤਾਂ ਮੈਂ ਕੀ ਵਿਆਹਿਆ, ਉਹ ਵੀ ਆਪਣੀ ਬਹੁਟੀ ਦਾ ਹੀ ਹੋ ਗਿਆ। ਉਨ੍ਹਾਂ ਦੋਹਾਂ ਦੇ ਤਾਂ ਸ਼ਹਿਰ ਦੇ ਗੇੜੇ ਈ ਨਹੀਂ ਮੁੱਕਦੇ। ਘਰ ਦੇ ਕੰਮ ਨੂੰ ਤਾਂ ਹੱਥ ਈ ਨੀ ਲਾਉਂਦੇ।

ਮਾਮੀ ਜੀ! ਅੱਜ-ਕੱਲ੍ਹ ਦੇ ਮੁੰਡੇ-ਕੁੜੀਆਂ ਇਵੇਂ ਈ ਕਰਦੇ ਨੇ। ਇਨ੍ਹਾਂ ਦੇ ਸ਼ੌਕ ਵੀ ਅਵੱਲੇ ਈ ਨੇ। ਜਿਵੇਂ ਉਹ ਕਰਦੇ ਨੇ, ਕਰ ਲੈਣ ਦਿਓ। ਬਾਹਲੀ ਸਿਰਦਰਦੀ ਨਹੀਂ ਲਈਦੀ। ਜਿਵੇਂ ਦਾ ਜ਼ਮਾਨਾ ਹੋਵੇ ਉਵੇਂ ਦੇ ਬਣ ਜਾਈਦੈ। ਜਦੋਂ ਸਿਰ 'ਤੇ ਜੁਆਕਾਂ ਦੀ ਜ਼ਿੰਮੇਵਾਰੀ ਪੈਣੀ ਆਂ ਫਿਰ ਉਨ੍ਹਾਂ ਆਪੇ ਸਮਝ ਜਾਣੈ। ਤੁਸੀਂ ਆਪਣਾ ਖ਼ੂਨ ਕਿਉਂ ਸਾੜਦੇ ਓ।

ਰਾਜਬੰਤ। ਐਦਾਂ ਈ ਸੋਚ ਕੇ ਟੈਮ ਪਾਸ ਹੁੰਦੈ। ਹੁਣ ਹੋਰ ਕਰਨਾ ਵੀ ਕੀ ਆ। ਸੜ-ਭੁੱਜ ਕੇ ਕਿਹੜਾ ਕੁਝ ਸੰਵਰ ਜਾਣਾ। ਉਨ੍ਹਾਂ ਨੇ ਕਰਨੀ ਤਾਂ ਆਪਣੀ ਮਰਜ਼ੀ ਈ ਆ। ਸਾਨੂੰ ਅਨਪੜ੍ਹਾਂ ਨੂੰ ਤਾਂ ਅੱਜ-ਕੱਲ੍ਹ ਦੀ ਮੁੰਡੀਹਰ ਮੂਰਖ ਈ ਸਮਝਦੀ ਆ।

ਮਾਮੀ ਜੀ! ਤੁਸੀਂ ਇਨ੍ਹਾਂ ਗੱਲਾਂ ਨੂੰ ਛੱਡੋ। ਆਪਣੀ ਸਿਹਤ ਦਾ ਖ਼ਿਆਲ ਰੱਖਿਆ ਕਰੋ। ਸਭ ਕੁਝ ਸਿਹਤ ਨਾਲ ਈ ਆ। ਚਿੰਤਾ ਕਰਕੇ ਕੁਝ ਨੀ ਸੌਰਦਾ। ਬੁੱਢੀ ਉਮਰੇ ਐਵੇਂ ਕੋਈ ਰੋਗ ਲੁਆ ਬੈਠੋਗੇ। ਰਾਜਬੰਤ ਨੇ ਬਚਿੰਤ ਕੌਰ ਦੀ ਸਿਹਤ ਦਾ ਇਵੇਂ ਵਾਸਤਾ ਪਾਇਆ ਜਿਵੇਂ ਉਸ ਨੂੰ ਆਪਣੀ ਮਾਮੀ ਦੀ ਸਿਹਤ ਦੀ ਬਾਹਲੀ ਹੀ ਚਿੰਤਾ ਹੋਵੇ।

ਬਚਿੰਤ ਕੌਰ, ਰਾਜਬੰਤ ਦੇ ਮੂੰਹੋਂ ਆਪਣੀ ਸਿਹਤ ਦੀ ਚਿੰਤਾ ਬਾਰੇ ਸੁਣ ਕੇ ਕਮਲੀ ਹੋਈ ਪਈ ਸੀ। ਰਾਜਬੰਤ ਦੀਆਂ ਮਿੱਠੀਆਂ-ਮਿੱਠੀਆਂ ਅਪਣੱਤ ਭਰੀਆਂ ਗੱਲਾਂ ਨੇ ਬਚਿੰਤ ਕੌਰ ਨੂੰ ਮੋਹ ਸੁੱਟਿਆ ਸੀ। ਉਹ ਆਪਣੇ ਭਾਣਜੇ ਅਤੇ ਭਾਣਜ-ਨੂੰਹ ਦੀ ਟਹਿਲ ਸੇਵਾ ਕਰਨ ਵਿੱਚ ਕੋਈ ਕਸਰ ਨਹੀਂ ਸੀ ਛੱਡ ਰਹੀ। ਗਰਮ-ਗਰਮ ਦੁੱਧ ਦੇ ਨਾਲ ਉਹ ਦੁਕਾਨ ਤੋਂ ਮਹਿੰਗੇ ਬਿਸਕੁਟਾਂ ਦਾ ਇੱਕ ਪੈਕਟ ਵੀ ਝੱਟ ਹੀ ਖਰੀਦ ਲਿਆਈ ਸੀ। ਉਹ ਚਾਅ-ਚਾਅ ਵਿੱਚ ਨੱਸੀ-ਨੱਸੀ ਗੱਲਾਂ ਵੀ ਕਰੀ ਜਾ ਰਹੀ ਸੀ ਤੇ ਉਨ੍ਹਾਂ ਦੀ ਖਿਦਮਤ ਵੀ। ਬਚਿੰਤ ਕੌਰ ਦਾ ਪੱਬ ਧਰਤ 'ਤੇ ਨਹੀਂ ਸੀ ਲੱਗ ਰਿਹਾ। ਅੱਜ ਉਸ ਨੂੰ ਇਉਂ ਜਾਪ ਰਿਹਾ ਸੀ ਜਿਵੇਂ ਇਸ ਧਰਤੀ 'ਤੇ ਉਸ ਦੀ ਭਾਣਜ-ਨੂੰਹ ਵਰਗੀ ਕੋਈ ਹੋਰ ਨੂੰਹ ਨਾ ਹੋਵੇ। ਉਹ ਰਾਜਬੰਤ ਨਾਲ ਆਪਣਾ ਦਿਲ ਫੋਲ-ਫੋਲ ਗੱਲਾਂ ਕਰ ਰਹੀ ਸੀ।

ਗੁਰਪ੍ਰੀਤ ਆਪਣੀ ਪਤਨੀ ਰਾਜਬੰਤ ਨੂੰ ਨਾਲ ਲੈ ਕੇ ਅੱਜ ਕਾਫ਼ੀ ਸਮੇਂ ਬਾਅਦ ਆਪਣੇ ਨਾਨਕੇ ਪਿੰਡ ਆਇਆ ਸੀ। ਗੁਰਪ੍ਰੀਤ ਚੰਡੀਗੜ੍ਹ ਦੇ ਇੱਕ ਕਾਲਜ ਵਿੱਚ ਪ੍ਰੋਫ਼ੈਸਰ ਲੱਗਿਆ ਹੋਇਆ ਸੀ ਤੇ ਉਸ ਦੀ ਪਤਨੀ ਰਾਜਬੰਤ ਸਰਕਾਰੀ ਸਕੂਲ ਵਿੱਚ ਟੀਚਰ ਸੀ। ਗੁਰਪ੍ਰੀਤ ਆਪਣੇ ਪਰਿਵਾਰ ਸਮੇਤ ਕਈ ਸਾਲਾਂ ਤੋਂ ਚੰਡੀਗੜ੍ਹ ਹੀ ਸੈੱਟ ਹੋ ਗਿਆ ਸੀ। ਦੋਵੇਂ ਪਤੀ-ਪਤਨੀ ਸਾਲ ਵਿੱਚ ਇੱਕ ਅੱਧੀ ਵਾਰ ਆਪਣੇ ਪਿੰਡ ਗੇੜਾ ਲਾ ਜਾਂਦੇ ਸਨ। ਪਿੰਡ ਆਇਆਂ ਉਹ ਕਦੇ-ਕਦਾਈਂ ਕਿਸੇ ਰਿਸ਼ਤੇਦਾਰ ਦੇ ਵੀ ਜਾ ਆਉਂਦੇ ਸਨ। ਆਪਣੇ ਨਾਨਕੇ ਪਿੰਡ ਗਿਆਂ, ਗੁਰਪ੍ਰੀਤ ਨੂੰ ਦੋ-ਤਿੰਨ ਸਾਲ ਹੋ ਗਏ ਸਨ। ਉਸ ਦਾ ਆਪਣੇ ਮਾਮੇ ਦੇ ਲੜਕੇ ਸੁਲੱਖਣ ਦੇ ਵਿਆਹ ਤੋਂ ਬਾਅਦ ਨਾਨਕੇ ਪਿੰਡ ਦਾ ਚੱਕਰ ਨਹੀਂ ਸੀ ਲੱਗਿਆ। ਇਸ ਵਾਰ ਪਿੰਡ ਆਇਆਂ ਉਨ੍ਹਾਂ ਨੇ ਆਪਣੇ ਨਾਨਕੇ ਪਿੰਡ ਮਿਲਣ ਜਾਣ ਦਾ ਪ੍ਰੋਗਰਾਮ ਬਣਾ ਲਿਆ ਸੀ।

ਬਚਿੰਤ ਕੌਰ ਨੇ ਚਾਹ ਪੀਂਦੇ ਹੋਏ ਆਪਣੇ ਭਾਣਜੇ ਤੇ ਭਾਣਜ-ਨੂੰਹ ਨਾਲ ਖ਼ੂਬ ਗੱਲਾਂ ਕੀਤੀਆਂ। ਗੱਲਾਂ ਕਰ-ਕਰ ਉਸ ਦਾ ਜੀਅ ਨਹੀਂ ਸੀ ਭਰ ਰਿਹਾ। ਘੰਟਾ ਕੁ ਭਰ ਬੈਠਣ ਤੋਂ ਬਾਅਦ ਉਨ੍ਹਾਂ ਨੇ ਆਪਣੀ ਮਾਮੀ ਤੋਂ ਰੁਖ਼ਸਤ ਹੋਣ ਦੀ ਇਜਾਜ਼ਤ ਲਈ। ਉਨ੍ਹਾਂ ਨੂੰ ਵਿਦਾ ਕਰਨ ਲੱਗੀ ਮਾਮੀ ਇਉਂ ਤੜਫ਼ੀ ਪਈ ਸੀ ਜਿਵੇਂ ਪਾਣੀ ਨੂੰ ਮਛਲੀ ਤਾਂਘ ਰਹੀ ਹੋਵੇ। ਤੁਰਨ ਲੱਗਿਆਂ ਰਾਜਬੰਤ ਨੇ ਆਪਣੀ ਮਾਮੀ ਨੂੰ ਚੰਡੀਗੜ੍ਹ ਆਉਣ ਲਈ ਸਰਸਰੀ ਜਿਹਾ ਫਿਰ ਆਖ ਦਿੱਤਾ ਸੀ। ਬਚਿੰਤ ਕੌਰ ਆਪਣੀ ਭਾਣਜ-ਨੂੰਹ 'ਤੇ ਬਲਿਹਾਰ ਬਲਿਹਾਰ ਹੋਈ ਜਾ ਰਹੀ ਸੀ। ਬਚਿੰਤ ਕੌਰੇ, ਅੱਜ ਕਾਰ ਵਾਲੇ ਥੋਡੇ ਘਰ ਕੌਣ ਪ੍ਰਾਹੁਣੇ ਆਏ ਸੀ? ਮੇਰੀ ਤਾਂ ਪਛਾਣ ਵਿੱਚ ਨਹੀਂ ਆਏ। ਊਂ ਕੋਈ ਸ਼ਹਿਰੀਏ ਲੱਗਦੇ ਸੀ। ਗੁਆਂਢਣ ਕੁਸ਼ੱਲਿਆ ਨੇ ਬਚਿੰਤ ਕੌਰ ਨੂੰ ਪੁੱਛਿਆ।

ਭੈਣੇ, ਇਹ ਤਾਂ ਮੇਰਾ ਭਾਣਜਾ ਅਤੇ ਭਾਣਜ-ਨੂੰਹ ਸੀ। ਇਹ ਚੰਡੀਗੜ੍ਹ ਈ ਰਹਿੰਦੇ ਆ। ਭਾਣਜਾ ਮੇਰਾ ਕਾਲਜ ਵਿੱਚ ਪ੍ਰੋਫ਼ੈਸਰ ਲੱਗਾ ਹੋਇਆ ਤੇ ਨੂੰਹ ਸਕੂਲ ਵਿੱਚ ਪੜ੍ਹਾਉਂਦੀ ਆ। ਬਚਿੰਤ ਕੌਰ ਖ਼ੂਬ ਦੱਸ ਰਹੀ ਸੀ।

ਮੈਂ ਵੀ ਕਹਾਂ ਕਿ ਇਹ ਤਾਂ ਕੋਈ ਪੜ੍ਹੇ-ਲਿਖੇ ਬੰਦੇ ਜਾਪਦੇ ਆ। ਸ਼ਹਿਰੀਆਂ ਦਾ ਤਾਂ ਬੋਲ-ਚਾਲ ਦਾ ਸਲੀਕਾ ਈ ਹੋਰ ਹੁੰਦੈ। ਸਾਡੇ ਵਰਗੇ ਦੇਸੀ ਬੰਦਿਆਂ 'ਚ ਤਾਂ ਇਹ ਦੂਰੋਂ ਈ ਪਛਾਣੇ ਜਾਂਦੇ ਆ। ਕੁਸ਼ੱਲਿਆ ਵੀ ਆਪਣਾ ਲਾਇਆ ਅਨੁਮਾਨ ਦਰੁਸਤ ਦੱਸ ਰਹੀ ਸੀ।

ਮੇਰੀ ਭਾਣਜ-ਨੂੰਹ ਦੀਆਂ ਕਿਆ ਰੀਸਾਂ। ਮਾਮੀ ਜੀ, ਮਾਮੀ ਜੀ ਕਰਦੀ ਦੇ ਬੁੱਲ੍ਹ ਸੁੱਕਦੇ ਆ। ਜਦੋਂ ਗੱਲ ਕਰਦੀ ਆਂ ਤਾਂ ਜਾਣੋਂ ਇਉਂ ਜਾਪਦੀ ਆ ਜਿਵੇਂ ਮੂੰਹ 'ਚੋਂ ਫੁੱਲ ਕਿਰਦੇ ਹੋਣ। ਕਿੰਨਾ ਮੋਹ ਕਰਦੀ ਆ ਮੈਨੂੰ। ਆਂਹਦੀ ਸੀ ਕਿ ਮਾਮੀ ਜੀ ਕਦੇ ਚੰਡੀਗੜ੍ਹ ਸਾਡੇ ਕੋਲ ਵੀ ਗੇੜਾ ਮਾਰ ਜਾਇਓ। ਇੱਦਾਂ ਕੌਣ ਕਹਿੰਦਾ ਅੱਜ-ਕੱਲ੍ਹ। ਅੱਜ-ਕੱਲ੍ਹ ਦੀਆਂ ਪੜ੍ਹੀਆਂ-ਲਿਖੀਆਂ ਬਹੂਆਂ ਤਾਂ ਸਾਡੇ ਅਰਗੇ ਅਨਪੜ੍ਹਾਂ ਨਾਲ ਗੱਲ ਕਰਕੇ ਰਾਜ਼ੀ ਨਹੀਂ। ਸਾਡੇ ਮੁਹੱਲੇ ਦੀਆਂ ਪੜ੍ਹੀਆਂ-ਲਿਖੀਆਂ ਬਹੂਆਂ ਵੀ ਹੈਗੀਆਂ ਈ। ਹੈ ਕੋਈ ਐਨੀ ਸਮਝਦਾਰ। ਪਹਿਲਾਂ ਤੂੰ ਮੇਰੀ ਨੂੰਹ ਈ ਵੇਖ ਲੈ। ਆਖਣ ਨੂੰ ਪੜ੍ਹੀ-ਲਿਖੀ ਆ, ਸਿੱਧੇ ਮੂੰਹ ਗੱਲ ਈ ਨੀ ਕਰਦੀ। 'ਬੁੱਢੀਏ' ਕਹਿ ਕੇ ਬੁਲਾਉਂਦੀ ਆ। ਜੇ ਕੋਈ ਮੱਤ ਦੀ ਗੱਲ ਵੀ ਦੱਸੋ ਤਾਂ ਝੱਟ ਆਖਦੀ ਆ, 'ਬੁੱਢੀਏ, ਤੈਨੂੰ ਕੀ ਪਤਾ ਅੱਜ-ਕੱਲ੍ਹ ਦੇ ਜ਼ਮਾਨੇ ਦਾ। ਥੋਡਾ ਜ਼ਮਾਨਾ ਹੋਰ ਸੀ, ਸਾਡਾ ਜ਼ਮਾਨਾ ਹੋਰ ਆ।' ਮੂੰਹ ਖੋਲ੍ਹਣ ਈ ਨੀ ਦਿੰਦੀ। ਭੈਣੇ, ਕੀ ਦੱਸੀਏ, ਦਿਨ ਤਾਂ ਕੱਟਣੇ ਈ ਆਂ। ਮੁੰਡੇ ਨੂੰ ਨਾਲ ਲੈ ਕੇ ਸਵੇਰ ਦੀ ਸ਼ਹਿਰ ਗਈਓ ਆ। ਅਜੇ ਤੱਕ ਮੁੜ ਕੇ ਨਹੀਂ ਆਏ। ਪ੍ਰਾਹੁਣੇ ਵੀ ਘਰੋਂ ਆ ਕੇ ਮੁੜ ਗਏ ਆ। ਘਰ ਦਾ ਤਾਂ ਭੋਰਾ ਵੀ ਫਿਕਰ ਨੀਂ। ਪਤਾ ਨੀਂ ਸਵੇਰ ਦੇ ਸ਼ਹਿਰ ਕੀ



ਕਰੀ ਜਾਂਦੇ ਆ। ਬਚਿੰਤ ਕੌਰ ਘਰ ਦੇ ਰੋਣੇ-ਧੋਣੇ ਵੀ ਦੱਸੀ ਜਾ ਰਹੀ ਸੀ ਅਤੇ ਆਪਣੀ ਭਾਣਜ-ਨੂੰਹ ਦੀਆਂ ਸਿਫ਼ਤਾਂ ਦੇ ਪੁਲ ਵੀ ਬੰਨ੍ਹੀ ਜਾ ਰਹੀ ਸੀ।

ਬਸ ਕਰ ਭੈਣੇ, ਸਾਰੇ ਘਰੀਂ ਇਹੋ ਹਾਲ ਆ। ਮੇਰੀ ਵੀ ਗੱਲ ਸੁਣ ਲੈ। ਪਹਿਲਾਂ ਤਾਂ ਸਵੇਰ ਨੂੰ ਉੱਠਦੀ ਈ ਦਸ ਵਜੇ ਆ। ਜੇ ਆਖੋ ਤਾਂ ਅੱਗਿਓਂ ਸੌ-ਸੌ ਗੱਲਾਂ ਬਣਾਉਂਦੀ ਆ। ਸਵੇਰੇ ਦੀ ਚਾਹ ਵੀ ਮੈਂ ਈ ਬਣਾ ਕੇ ਪਿਲਾਉਂਦੀ ਆਂ। ਸਾਡੀ ਸੇਵਾ ਤਾਂ ਉਹਨੇ ਕੀ ਕਰਨੀ ਆਂ, ਉਲਟ ਸਾਤੋਂ ਈ ਸੇਵਾ ਕਰਾਉਂਦੀ ਆ। ਕੁਸ਼ੱਲਿਆ ਨੇ ਆਪਣੀ ਕਹਾਣੀ ਸੁਣਾਈ। ਬਚਿੰਤ ਕੌਰ ਤੇ ਕੁਸ਼ੱਲਿਆ ਗੱਲਾਂ-ਗੱਲਾਂ ਵਿੱਚ ਆਪੋ-ਆਪਣੇ ਦੁੱਖ-ਸੁੱਖ ਸਾਂਝੇ ਕਰ ਰਹੀਆਂ ਸਨ। ਬਚਿੰਤ ਕੌਰ ਤਾਂ ਘੁਮਾ-ਫਿਰਾ ਕੇ ਰਾਜਬੰਤ ਦੀ ਗੱਲ ਹੀ ਸ਼ੁਰੂ ਕਰ ਲੈਂਦੀ ਸੀ। ਰਾਜਬੰਤ ਉੱਤੇ ਉਹ ਲੱਟੂ ਹੋਈ ਪਈ ਸੀ। ਉਹਦੀ ਗੱਲ ਕਰਦਿਆਂ ਬਚਿੰਤ ਕੌਰ ਦਾ ਚਿਹਰਾ ਲਾਲ ਹੋ ਜਾਂਦਾ ਸੀ।

ਅੱਜ ਉਸ ਨੂੰ ਮੁਹੱਲੇ ਦੀ ਜਿਹੜੀ ਵੀ ਜ਼ਨਾਨੀ ਮਿਲਦੀ, ਉਸ ਕੋਲ ਆਪਣੀ ਭਾਣਜ-ਨੂੰਹ ਦੀਆਂ ਗੱਲਾਂ ਹੀ ਛੇੜਦੀ ਸੀ। ਉਹ ਆਪ ਨੂੰ ਚੰਡੀਗੜ੍ਹ ਸੱਦਣ ਵਾਲੀ ਗੱਲ ਤਾਂ ਹਰ ਇੱਕ ਨੂੰ ਦੱਸਦੀ ਸੀ। ਸਾਰੀ ਦਿਹਾੜੀ ਉਹ ਦੀ ਜ਼ੁਬਾਨ 'ਤੇ ਰਾਜਬੰਤ ਦਾ ਨਾਂ ਹੀ ਚੜ੍ਹਿਆ ਰਿਹਾ ਸੀ। ਉਸ ਦੀਆਂ ਗੱਲਾਂ ਕਰ-ਕਰ ਉਹ ਝੱਲੀ ਹੋਈ ਜਾ ਰਹੀ ਸੀ। ਆਪਣੇ ਘਰ ਜਾ ਕੇ ਵੀ ਸੁਲੱਖਣ ਤੇ ਆਪਣੀ ਬਹੂ ਸਾਹਮਣੇ ਰਾਜਬੰਤ ਦਾ ਨਾਂ ਹੀ ਜਪੀ ਜਾ ਰਹੀ ਸੀ।

ਬੁੱਢੀ ਦੇ ਦਿਮਾਗ਼ ਨੂੰ ਪਤਾ ਨੀ ਕੀ ਹੋ ਗਿਆ? ਅੱਜ ਤਾਂ ਰਾਜਬੰਤ-ਰਾਜਬੰਤ ਈ ਕਰੀ ਜਾਂਦੀ ਆ। ਉਹ ਦੀਆਂ ਗੱਲਾਂ ਕਰ-ਕਰ ਜਾਣਬੁੱਝ ਕੇ ਮੈਨੂੰ ਸਾੜਦੀ ਆ। ਮੇਰਾ ਨਾਂ ਲੈਂਦੀ ਨੂੰ ਤਾਂ ਇਹ ਨੂੰ ਸੱਪ ਸੁੰਘ ਜਾਂਦੈ। ਇਹ ਨੂੰ ਕੋਈ ਪੁੱਛੇ, ਮੈਂ ਨੀ ਤੇਰੀ ਨੂੰਹ? ਅਸਲੀ ਨੂੰਹ ਤਾਂ ਮੈਂ ਹੀ ਆਂ। ਬਾਕੀ ਤਾਂ ਸਭ ਰਵਾਇਤੀ ਜਿਹੇ ਰਿਸ਼ਤੇ ਹੁੰਦੇ ਆ। ਰਾਜਬੰਤ ਦੀਆਂ ਸਿਫ਼ਤਾਂ ਸੁਣ-ਸੁਣ ਕੇ ਅੱਕੀ ਹੋਈ ਬਚਿੰਤ ਕੌਰ ਦੀ ਨੂੰਹ ਅਮਨਦੀਪ ਨੇ ਆਪਣੇ ਘਰਵਾਲੇ ਨੂੰ ਆਖਿਆ। ਬਜ਼ੁਰਗਾਂ ਦੀਆਂ ਗੱਲਾਂ ਦਾ ਬਾਹਲਾ ਰੰਜ ਨੀ ਕਰੀਦਾ। ਇਨ੍ਹਾਂ ਨੂੰ ਥੋੜ੍ਹਾ ਜਿਹਾ ਖ਼ੁਸ਼ ਹੋ ਕੇ ਬੁਲਾ ਲਓ, ਓਨੇ 'ਚ ਹੀ ਫੁੱਲ ਜਾਂਦੇ ਨੇ। ਸ਼ਹਿਰੀਆਂ ਵਿੱਚ ਇਹੋ ਗੁਣ ਹੁੰਦੈ। ਗੁਰਪ੍ਰੀਤ ਨੂੰ ਤਾਂ ਮੈਂ ਚੰਗੀ ਤਰ੍ਹਾਂ ਜਾਣਦਾ। ਬੀ.ਏ. ਉਹ ਨੇ ਸਾਡੇ ਪਿੰਡ ਰਹਿ ਕੇ ਹੀ ਕੀਤੀ ਸੀ। ਹੁਣ ਸ਼ਹਿਰ ਵਿੱਚ ਰਹਿਣ ਕਰਕੇ ਥੋੜ੍ਹਾ ਜਿਹਾ ਮੀਸਣਾ ਬਣ ਗਿਐ। ਤੂੰ ਵੀ ਇਵੇਂ ਦੇ ਟੈਕਟ ਵਰਤ ਲਿਆ ਕਰ। ਮੰਮੀ ਜੀ ਆਖਣ ਨਾਲ ਤੇਰਾ ਕੀ ਘਟ ਜਾਣੈ। ਚੰਗੀ ਤਰ੍ਹਾਂ ਬੋਲਣਾ ਵੀ ਇੱਕ ਕਲਾ ਈ ਹੁੰਦੀ ਆ। ਕਈ ਵਾਰ ਤਾਂ ਸ਼ਬਦ ਵੀ ਜਾਦੂ ਵਾਂਗ ਈ ਕੰਮ ਕਰਦੇ ਆ। ਸੁਲੱਖਣ ਆਪਣੀ ਘਰਵਾਲੀ ਅਮਨਦੀਪ ਨੂੰ ਸਮਝਾ ਰਿਹਾ ਸੀ।

ਸੁਲੱਖਣ! ਆਈਂ ਜ਼ਰਾ ਗੱਲ ਸੁਣੀ। ਨਾਲ ਦੇ ਕਮਰੇ ਵਿੱਚ ਬੈਠੀ ਬਚਿੰਤ ਕੌਰ ਨੇ ਆਪਣੇ ਪੁੱਤ ਨੂੰ ਉੱਚੀ ਆਵਾਜ਼ ਮਾਰ ਕੇ ਆਪਣੇ ਕੋਲ ਬੁਲਾ ਲਿਆ। ਉਹ ਸੁਲੱਖਣ ਨੂੰ ਚੰਡੀਗੜ੍ਹ ਜਾਣ ਬਾਰੇ ਪੁੱਛਣ ਲਈ ਬੜੀ ਉਤਾਵਲੀ ਹੋਈ ਪਈ ਸੀ।

ਕਾਕਾ ਅੱਜ ਚੰਡੀਗੜ੍ਹ ਤੋਂ ਗੁਰਪ੍ਰੀਤ ਤੇ ਰਾਜਬੰਤ ਆਏ ਸੀ। ਥੋਨੂੰ ਮਿਲਣ ਨੂੰ ਉਡੀਕਦੇ ਰਹੇ, ਪਰ ਤੁਸੀਂ ਸ਼ਹਿਰ ਈ ਨੇਰ੍ਹਾ ਕਰ ਲਿਆ। ਰਾਜਬੰਤ ਮੈਨੂੰ ਚੰਡੀਗੜ੍ਹ ਆਉਣ ਲਈ ਕਈ ਵਾਰ ਆਖ ਕੇ ਗਈ ਆ। ਜਦੋਂ ਅਗਲਾ ਐਨਾ ਮੋਹ ਕਰਦਾ ਹੋਵੇ ਤਾਂ ਮਾਣ-ਤਾਣ ਤੇ ਰੱਖਣਾ ਈ ਚਾਹੀਦਾ। ਹੋਰ ਜੱਗ ਵਿੱਚ ਹੈ ਵੀ ਕੀ? ਜੇ ਮੈਂ ਪੰਜ-ਸੱਤ ਦਿਨ ਚੰਡੀਗੜ੍ਹ ਰਹਿ ਵੀ ਆਵਾਂ ਤਾਂ ਇਹਦੇ ਵਿੱਚ ਹਰਜ਼ ਵੀ ਕੀ ਆ। ਬਚਿੰਤ ਕੌਰ ਆਪਣੇ ਪੁੱਤ ਨੂੰ ਚਾਈਂ-ਚਾਈਂ ਦੱਸ ਰਹੀ ਸੀ।

ਮਾਤਾ ਜੀ, ਮੈਂ ਤੁਹਾਨੂੰ ਕਦੋਂ ਰੋਕਦੈਂ। ਜਦੋਂ ਤੁਹਾਡਾ ਚਿੱਤ ਕਰੇ ਜਾ ਆਇਓ। ਸੁਲੱਖਣ ਨੇ ਵੀ ਆਪਣੀ ਮਾਤਾ ਜੀ ਦੀ ਆਖੀ ਗੱਲ ਦੀ ਝੱਟ ਹਾਮੀ ਭਰ ਦਿੱਤੀ। ਪੁੱਤ! ਖਾਲੀ ਹੱਥ ਥੋੜ੍ਹੇ ਜਾ ਹੋਣਾ। ਨਿਆਣੇ ਆਖਣਗੇ 'ਮਾਮੀ ਜੀ ਖਾਲੀ ਹੱਥ ਈ ਆ ਗਏ।' ਮੈਂ ਸੋਚਦੀ ਆਂ ਕਿ ਉਨ੍ਹਾਂ ਲਈ ਪਿੰਨੀਆਂ ਬਣਾ ਕੇ ਲੈ ਜਾਵਾਂ। ਤੂੰ ਐਦਾ ਕਰੀਂ, ਕੱਲ੍ਹ ਨੂੰ ਸ਼ਹਿਰ ਤੋਂ ਤਿਲ ਤੇ ਸੀਹਲ ਲਿਆ ਦੇਵੀਂ। ਸ਼ਹਿਰੀਏ ਪਿੰਨੀਆਂ ਬੜੇ ਖ਼ੁਸ਼ ਹੋ ਕੇ ਖਾਂਦੇ ਆ। ਨਿਆਣਿਆਂ ਦੇ ਖਾਣ ਲਈ ਕੋਈ ਚੱਜ ਦੀ ਚੀਜ਼ ਈ ਚਾਹੀਦੀ ਆ। ਮਾਤਾ ਜੀ, ਜਿਵੇਂ ਤੁਸੀਂ ਆਖਦੇ ਓ, ਮੈਂ ਕਰ ਦੇਵਾਂਗਾ। ਪੁੱਤ ਦੇਸੀ ਘਿਓ ਤੇ ਗੁੜ ਤਾਂ ਘਰ ਈ ਹੈਗੇ ਆ। ਬਦਾਮ, ਕਾਜੂ, ਸੌਂਗੀ ਥੋੜ੍ਹੀ-ਥੋੜ੍ਹੀ ਸ਼ਹਿਰੋਂ ਲੈ ਆਵੀਂ। ਨਿੱਕ-ਸੁੱਕ ਜਿਹਾ ਪਾ ਕੇ ਚੀਜ਼ ਸੁਆਦ ਬਣ ਜਾਂਦੀ ਆ। ਹੋਰ ਨਾ ਉਹ ਆਖਣ ਕਿ ਮਾਮੀ ਜੀ ਨੇ ਪਿੰਨੀਆਂ ਬਣਾ ਕੇ ਜਾਬਤਾ ਜਿਹਾ ਈ ਪੂਰਾ ਕੀਤਾ ਆ। ਬਚਿੰਤ ਕੌਰ ਖ਼ੁਸ਼ੀ ਵਿੱਚ ਰਮਤੀ ਹੋਈ ਆਪਣੇ ਪੁੱਤ ਨੂੰ ਸਾਮਾਨ ਲਿਆਉਣ ਬਾਰੇ ਸਮਝਾ ਰਹੀ ਸੀ। ਸੁਲੱਖਣ ਦੂਜੇ ਦਿਨ ਹੀ ਆਪਣੀ ਮਾਂ ਦਾ ਆਖਿਆ ਸਾਰਾ ਸਾਮਾਨ ਸ਼ਹਿਰੋਂ ਲੈ ਆਇਆ ਸੀ। ਬਚਿੰਤ ਕੌਰ ਨੇ ਰਾਤ ਨੂੰ ਪਿੰਨੀਆਂ ਬਣਾ ਕੇ ਦੋ ਅੱਡ-ਅੱਡ ਡੱਬੇ ਭਰ ਲਏ। ਇੱਕ ਡੱਬੇ ਵਿੱਚ ਉਸ ਨੇ ਤਿਲਾਂ ਦੀਆਂ ਪਿੰਨੀਆਂ ਪਾ ਲਈਆਂ ਤੇ ਦੂਸਰੇ ਵਿੱਚ ਸੀਹਲ ਦੀਆਂ। ਅਗਲੇ ਦਿਨ ਸਵੱਖਤੇ ਹੀ ਸੁਲੱਖਣ ਆਪਣੀ ਮਾਤਾ ਨੂੰ ਸਕੂਟਰ ਉੱਤੇ ਨੇੜੇ ਦੇ ਬੱਸ ਅੱਡੇ ਤੋਂ ਚੰਡੀਗੜ੍ਹ ਜਾਣ ਵਾਲੀ ਬੱਸ ਚੜ੍ਹਾ ਆਇਆ। ਤਿੰਨ ਕੁ ਘੰਟੇ ਬਾਅਦ ਹੀ ਬਚਿੰਤ ਕੌਰ ਚੰਡੀਗੜ੍ਹ ਪਹੁੰਚ ਗਈ ਸੀ। ਸੁਲੱਖਣ ਨੇ ਇੱਕ ਕਾਗਜ਼ ਉੱਤੇ ਗੁਰਪ੍ਰੀਤ ਦੀ ਕੋਠੀ ਦਾ ਅਡਰੈਸ ਲਿਖ ਕੇ ਉਸ ਨੂੰ ਪਹਿਲੋਂ ਹੀ ਫੜਾ ਦਿੱਤਾ ਸੀ। ਚੰਡੀਗੜ੍ਹ ਪਹੁੰਚ ਕੇ ਬਚਿੰਤ ਕੌਰ ਨੇ ਰਿਕਸ਼ਾ ਕਰ ਲਿਆ ਤੇ ਉਹ ਅਡਰੈਸ ਵਾਲਾ ਕਾਗਜ਼ ਰਿਕਸ਼ੇ ਵਾਲੇ ਭਈਏ ਨੂੰ ਵਿਖਾ ਕੇ ਸਵੇਰੇ ਦਸ ਕੁ ਵਜੇ ਹੀ ਆਪਣੇ ਭਾਣਜੇ ਦੀ ਕੋਠੀ ਜਾ ਅੱਪੜੀ ਸੀ।

ਮਾਮੀ ਜੀ, ਪੈਰੀਂ ਪੈਨੀ ਆਂ। ਰਿਕਸ਼ੇ ਤੋਂ ਉੱਤਰ ਕੇ ਕੋਠੀ ਦੇ ਬਾਹਰ ਡੋਰ-ਭੋਰ ਹੋਈ ਖੜ੍ਹੀ ਬਚਿੰਤ ਕੌਰ ਇਹ ਅਚਨਚੇਤ ਆਈ ਆਵਾਜ਼ ਸੁਣ ਕੇ ਖ਼ੁਸ਼ ਹੋ ਗਈ। ਬਚਿੰਤ ਕੌਰ ਨੂੰ ਕਿਚਨ ਦੀ ਖਿੜਕੀ ਵਿੱਚੋਂ ਵੇਖ ਕੇ ਰਾਜਬੰਤ ਨੇ ਹੱਸਦਿਆਂ ਉੱਚੀ ਦੇਣੀ ਆਖਿਆ ਸੀ। ਜਿਉਂਦੇ ਰਹੋ, ਪੁੱਤ ਜਿਉਂਦੇ ਰਹੋ। ਬਚਿੰਤ ਕੌਰ ਨੇ ਵੀ ਜਤਾਏ ਇਸ ਇੱਜ਼ਤ-ਮਾਣ ਦਾ ਜੁਆਬ ਅਸੀਸ ਦੇ ਕੇ ਹੀ ਦਿੱਤਾ। ਬਚਿੰਤ ਕੌਰ ਆਪਣੀ ਭਾਣਜ-ਨੂੰਹ 'ਤੇ ਸਦਕੇ-ਸਦਕੇ ਜਾ ਰਹੀ ਸੀ। ਵਾਹ-ਬਈ-ਵਾਹ। ਆਹ ਤੇ ਮਾਮੀ ਜੀ ਖਾਸਾ ਕੁਝ ਚੁੱਕੀ ਲਿਆਏ ਆ। ਮਾਮੀ ਜੀ! ਭਲਾ ਤੁਹਾਨੂੰ ਐਨਾ ਭਾਰ ਚੁੱਕਣ ਦੀ ਕੀ ਲੋੜ ਪਈ ਸੀ। ਰਾਜਬੰਤ ਨੇ ਨਾਲ ਲੱਗਦਿਆਂ ਹੀ ਉਸ ਦੇ ਹੱਥਾਂ ਵਿੱਚ ਫੜੇ ਦੋ ਡੱਬੇ ਵੇਖਦਿਆਂ ਆਖਿਆ।

ਪੁੱਤ! ਇਹਦਾ ਕਾਹਦਾ ਭਾਰ ਆ। ਇਹ ਤਾਂ ਮੈਂ ਥੋਡੇ ਲਈ ਪਿੰਨੀਆਂ ਬਣਾ ਕੇ ਲਿਆਈ ਆਂ। ਇੱਕ ਡੱਬੇ ਵਿੱਚ ਤਿਲਾਂ ਦੀਆਂ ਪਿੰਨੀਆਂ ਤੇ ਦੂਜੇ ਵਿੱਚ ਸੀਹਲ ਦੀਆਂ। ਮੈਂ ਆਪਣੇ ਨਿਆਣਿਆਂ ਦੇ ਘਰ ਖਾਲੀ ਹੱਥ ਥੋੜ੍ਹੇ ਆਉਣਾ ਸੀ। ਪੁੱਤ! ਇਹ ਦੇਸੀ ਘਿਓ ਦੀਆਂ ਪਿੰਨੀਆਂ ਐ, ਐਦਾਂ ਨਾ ਸੋਚਿਓ ਕਿ ਮਾਮੀ ਜੀ ਡਾਲਡੇ ਘਿਓ ਦੀਆਂ ਪਿੰਨੀਆਂ ਬਣਾ ਕੇ ਚੁੱਕ ਲਿਆਏ ਆ। ਬਚਿੰਤ ਕੌਰ ਗੱਲ ਕਰਦਿਆਂ ਆਪ ਹੀ ਆਪਣੀ ਸਫ਼ਾਈ ਪੇਸ਼ ਕਰੀ ਜਾ ਰਹੀ ਸੀ।

ਮਾਮੀ ਜੀ! ਮੈਂ ਤਾਂ ਹੈਰਾਨ ਆਂ। ਤੁਸੀਂ ਸਾਡਾ ਘਰ ਲੱਭ ਕਿਵੇਂ ਲਿਐ। ਚੰਡੀਗੜ੍ਹ ਆ ਕੇ ਤਾਂ ਪੜ੍ਹੇ-ਲਿਖੇ ਬੰਦਿਆਂ ਦੀ ਮੱਤ ਮਾਰੀ ਜਾਂਦੀ ਆ, ਪਰ ਤੁਸੀਂ ਤਾਂ ਕਮਾਲ ਈ ਕਰ ਦਿੱਤੀ। ਆਪਣੀ ਮਾਮੀ ਨੂੰ ਗੇਟ ਵਿੱਚ ਖੜ੍ਹੀ ਵੇਖ ਕੇ ਘਰ ਤੋਂ ਬਾਹਰ ਨਿਕਲਿਆ ਗੁਰਪ੍ਰੀਤ ਵੀ ਹੈਰਾਨੀ ਵਿੱਚ ਬੋਲਿਆ।

ਭਾਣਜਿਆ, ਸਲੱਖਣ ਨੇ ਥੋਡੀ ਕੋਠੀ ਦਾ ਪਤਾ ਮੈਨੂੰ ਇੱਕ ਕਾਗਜ਼ 'ਤੇ ਲਿਖ ਕੇ ਦੇ ਦਿੱਤਾ ਸੀ। ਓਹੀ ਮੈਂ ਰਿਕਸ਼ੇ ਵਾਲੇ ਨੂੰ ਫੜਾ ਦਿੱਤਾ। ਉਹ ਸਿੱਧਾ ਹੀ ਥੋਡੀ ਕੋਠੀ ਲੈ ਕੇ ਆ ਗਿਆ।

ਮਾਮੀ ਜੀ! ਫਿਰ ਵੀ ਪੇਂਡੂ ਬੰਦੇ ਤਾਂ ਇੱਥੇ ਆ ਕੇ ਉਵੇਂ ਈ ਔਂਟਲ ਜਾਂਦੇ ਆ। ਪਰ ਤੁਹਾਨੂੰ ਤਾਂ ਭੋਰਾ ਵੀ ਫਰਕ ਨਹੀਂ। ਤੁਹਾਡਾ ਚਿਹਰਾ ਤਾਂ ਖ਼ੁਸ਼ੀ ਵਿੱਚ ਲਾਲ ਹੋਇਆ ਪਿਐ। ਗੁਰਪ੍ਰੀਤ ਆਪਣੀ ਮਾਮੀ ਨੂੰ ਖ਼ੁਸ਼ ਵੇਖ ਕੇ ਬੋਲਿਆ।

ਭਾਣਜਿਆ, ਜਿੱਦਣ ਤੁਸੀਂ ਸਾਡੇ ਪਿੰਡ ਗਏ ਸੀ, ਮੈਨੂੰ ਤਾਂ ਓਦਣ ਦੀ ਈ ਬੜੀ ਖ਼ੁਸ਼ੀ ਚੜ੍ਹੀ ਪਈ ਆ। ਮੇਰਾ ਮਨ ਤਾਂ ਉਦੋਂ ਦਾ ਈ ਚੰਡੀਗੜ੍ਹ ਆਉਣ ਨੂੰ ਕਾਹਲਾ ਪਿਆ ਹੋਇਆ ਸੀ। ਮੈਂ ਤਾਂ ਸਾਰੇ ਆਂਢ-ਗੁਆਂਢ ਵੀ ਚੰਡੀਗੜ੍ਹ ਜਾਣ ਬਾਰੇ ਦੱਸ ਕੇ ਆਈ ਆਂ। ਮੈਂ ਸੋਚਿਆ ਕਿ ਜੇ ਮੈਂ ਨਾ ਗਈ ਤਾਂ ਕਿਤੇ ਮੇਰੀ ਭਾਣਜ-ਨੂੰਹ ਮੂੰਹ ਮੋਟਾ ਈ ਨਾ ਕਰ ਲਵੇ। ਅਗਲੀ ਨੇ ਮੈਨੂੰ ਐਨੇ ਚਾਅ ਨਾਲ ਸੱਦਿਆ। ਬਚਿੰਤ ਕੌਰ ਦੀ ਅੰਦਰਲੀ ਖ਼ੁਸ਼ੀ ਬਦੋ-ਬਦੀ ਬਾਹਰ ਉੱਛਲ ਰਹੀ ਸੀ। ਆਹ ਵੇਖੋ ਜੀ, ਮਾਮੀ ਜੀ, ਕਿੰਨੀਆਂ ਸੁਆਦ ਪਿੰਨੀਆਂ ਬਣਾ ਕੇ ਲਿਆਏ ਨੇ। ਡੱਬੇ ਵਿੱਚੋਂ ਇੱਕ ਪਿੰਨੀ ਦਾ ਸੁਆਦ ਚਖਦੀ ਹੋਈ ਰਾਜਬੰਤ ਬੋਲੀ। ਵਾਹ! ਇਹ ਤੇ ਪਿੰਨੀਆਂ ਵੀ ਗੁੜ ਦੀਆਂ ਨੇ। ਕਾਜੂ ਤੇ ਬਦਾਮਾਂ ਵਾਲੀਆਂ। ਵਾਹ ਮਾਮੀ ਜੀ, ਕੀ ਕਹਿਣੇ ਤੁਹਾਡੇ। ਗੁਰਪ੍ਰੀਤ ਵੀ ਇੱਕ ਪਿੰਨੀ ਦਾ ਸੁਆਦ ਵੇਖਦਾ ਹੋਇਆ ਬੋਲਿਆ।

ਮਾਮੀ ਜੀ! ਸੱਚ ਦੱਸਿਓ। ਇਹ ਤੁਸੀਂ ਆਪ ਬਣਾਈਆਂ ਨੇ ਜਾਂ ਸ਼ਹਿਰ ਤੋਂ ਖਰੀਦੀਆਂ ਨੇ। ਰਾਜਬੰਤ ਖਸਿਆਨਾ ਜਿਹਾ ਹੱਸਦੀ ਹੋਈ ਆਪਣੀ ਮਾਮੀ ਦੀ ਵਡਿਆਈ ਤੇ ਵਡਿਆਈ ਕਰੀ ਜਾ ਰਹੀ ਸੀ। ਬਹੁਟੀਏ! ਮੈਨੂੰ ਤੇਰੀ ਸਹੁੰ ਲੱਗੇ। ਇਹ ਤਾਂ ਕੱਲ੍ਹ ਰਾਤ ਮੈਂ ਆਪ ਈ ਬਣਾਈਆਂ ਐਂ। ਇੱਦਾਂ ਦੀਆਂ ਪਿੰਨੀਆਂ ਦੁਕਾਨਾਂ 'ਤੇ ਮਿਲਦੀਆਂ ਐ ਭਲਾ। ਨਾਲੇ ਤੈਥੋਂ ਕਾਹਦਾ ਓਹਲਾ। ਬਚਿੰਤ ਕੌਰ ਗੱਲਾਂ ਕਰਦੀ ਫੁੱਲੀ ਨਹੀਂ ਸਮਾ ਰਹੀ ਸੀ। ਜਿਉਂ-ਜਿਉਂ ਬਚਿੰਤ ਕੌਰ ਖ਼ੁਸ਼ ਹੋਈ ਜਾ ਰਹੀ ਸੀ, ਰਾਜਬੰਤ ਪਿੰਨੀਆਂ ਦੇ ਹੋਰ ਗੁਣ ਗਾਈ ਜਾ ਰਹੀ ਸੀ।

ਮਾਮੀ ਜੀ! ਇਵੇਂ ਦੀਆਂ ਪਿੰਨੀਆਂ ਬਣਾਉਣ ਦਾ ਫਾਰਮੂਲਾ ਸਾਨੂੰ ਵੀ ਸਮਝਾ ਦਿਓ। ਰਾਜਬੰਤ ਨੇ ਆਪਣੇ ਹਾਸੇ ਨੂੰ ਜ਼ਿਹਨ 'ਚੋਂ ਸਮੇਟਦਿਆਂ ਗੰਭੀਰ ਲਹਿਜ਼ੇ ਵਿੱਚ ਆਖਿਆ।

ਰਾਜਬੰਤ! ਫਾਰਮੂਲਾ ਕਾਹਦਾ। ਇਹ ਤਾਂ ਬੰਦੇ ਦੇ ਹੱਥ ਜਸ ਹੁੰਦੈ। ਜੇ ਤੈਨੂੰ ਮੇਰੀਆਂ ਬਣਾਈਆਂ ਪਿੰਨੀਆਂ ਐਨੀਆਂ ਈ ਸੁਆਦ ਲਗਦੀਆਂ ਐਂ, ਤਾਂ ਮੈਂ ਹਰ ਸਾਲ ਚੰਡੀਗੜ੍ਹ ਆ ਕੇ ਥੋਡੇ ਲਈ ਪਿੰਨੀਆਂ ਬਣਾ ਦਿਆਂ ਕਰੂੰਗੀ। ਮੈਂ ਆਪਣੀ ਭਾਣਜ-ਨੂੰਹ ਲਈ। ਐਨਾ ਕੰਮ ਵੀ ਨਹੀਂ ਕਰ ਸਕਦੀ। ਨਾਲੇ ਬਹਾਨੇ ਨਾਲ ਥੋਨੂੰ ਮਿਲ ਜਾਇਆ ਕਰੂੰਗੀ। ਬਚਿੰਤ ਕੌਰ ਹੁੱਬ ਕੇ ਬੋਲੀ।

ਮਾਮੀ ਜੀ! ਤਹਾਨੂੰ ਐਨੀ ਤਕਲੀਫ਼ ਥੋੜ੍ਹੇ ਦੇਣੀ ਆਂ। ਸਿਆਣੀ ਉਮਰ ਵਿੱਚ ਐਨੀ ਦੂਰ ਤੋਂ ਆਉਣਾ ਕਿਹੜਾ ਸੌਖਾ ਹੁੰਦੈ।

ਨਹੀਂ ਰਾਜਬੰਤ! ਤਕਲੀਫ਼ ਕਾਹਦੀ? ਭਲਾ ਆਪਣੇ ਬੱਚਿਆਂ ਨੂੰ ਮਿਲਣ ਆਉਣ ਦੀ ਵੀ ਕੋਈ ਤਕਲੀਫ਼ ਹੁੰਦੀ ਆ। ਨਾਲੇ ਤੇਰਾ ਉਲਾਂਭਾ ਲਹਿ ਜਾਇਆ ਕਰੂਗਾ ਕਿ ਮਾਮੀ ਜੀ ਸਾਨੂੰ ਮਿਲਣ ਨੀਂ ਆਉਂਦੇ। ਨਾ, ਮਾਮੀ ਜੀ ਨਾ। ਸਾਡੇ 'ਤੇ ਐਨਾ ਭਾਰ ਨਾ ਚਾੜ੍ਹੋ। ਐਵੇਂ ਆਉਂਦੇ-ਜਾਂਦੇ ਬੱਸਾਂ ਵਿੱਚ ਕੋਈ ਸੱਟ-ਚੋਟ ਲੱਗ ਜਾਵੇ, ਫਿਰ ਅਸੀਂ ਆਪਣੀ ਮਾਮੀ ਜੀ ਕਿੱਥੋਂ ਲੱਭਣੇ ਆਂ। ਇਵੇਂ ਨੀ ਕਰਨਾ। ਅਸੀਂ ਕੱਚੀਆਂ-ਪਿੱਲੀਆਂ ਪਿੰਨੀਆਂ ਆਪ ਈ ਬਣਾ ਲਿਆ ਕਰਾਂਗੇ। ਅਸੀਂ ਬਜ਼ੁਰਗਾਂ ਦੀ ਸੇਵਾ ਕਰਨੀ ਆਂ ਕਿ ਉਨ੍ਹਾਂ ਨੂੰ ਮੁਸੀਬਤਾਂ ਵਿੱਚ ਪਾਉਣੈ।

ਬਹੁਟੀਏ! ਤੂੰ ਕਿੱਦਾਂ ਦੀਆਂ ਗੱਲਾਂ ਕਰਦੀ ਐਂ? ਤੂੰ ਮੇਰਾ ਐਨਾ ਤੇਹ ਕਰਦੀ ਐਂ, ਕਿਆ ਮੈਂ ਥੋਡੇ ਲਈ ਐਨਾ ਵੀ ਕਸ਼ਟ ਨੀ ਝੱਲ ਸਕਦੀ। ਜਿਉਂਦੀ ਵੱਸਦੀ ਰਹੇ ਮੇਰੀ ਭਾਣਜ-ਨੂੰਹ।

ਬਚਿੰਤ ਕੌਰ ਅੱਜ ਚੰਡੀਗੜ੍ਹ ਆ ਕੇ ਬਾਹਲੀ ਖ਼ੁਸ਼ ਸੀ। ਪਤਾ ਨਹੀਂ ਅੱਜ ਉਹਨੂੰ ਗੱਲ ਕਿੱਥੋਂ ਉੱਤਰ ਰਹੀ ਸੀ। ਰਾਜਬੰਤ ਦੀ ਹਰ ਗੱਲ ਦਾ ਜੁਆਬ ਠਾਹ ਦੇਣੀ ਕੱਢ ਮਾਰਦੀ ਸੀ। ਦੋ-ਤਿੰਨ ਘੰਟੇ ਤਾਂ ਗੱਲਾਂ-ਬਾਤਾਂ ਕਰਦਿਆਂ ਉਵੇਂ ਹੀ ਲੰਘ ਗਏ ਸਨ। ਦੁਪਹਿਰ ਦਾ ਖਾਣਾ ਖਾਣ ਤੋਂ ਬਾਅਦ ਵੀ ਬਚਿੰਤ ਕੌਰ ਦੀਆਂ ਗੱਲਾਂ ਦੀ ਲੜੀ ਪਹਿਲਾਂ ਵਾਂਗ ਹੀ ਨਿਰੰਤਰ ਜਾਰੀ ਸੀ। ਚੰਡੀਗੜ੍ਹ ਆਉਣ ਦੀ ਖ਼ੁਸ਼ੀ ਕਾਰਨ ਉਸ ਨੂੰ ਨੀਂਦਰ ਵੀ ਨਹੀਂ ਸੀ ਪੈ ਰਹੀ। (ਚਲਦਾ)

# ਪਾਕਿਸਤਾਨ 'ਚ ਪੰਜਾਬੀ ਜ਼ੁਬਾਨ ਦੀ ਲਹਿਰ ਅਤੇ ਪੜ੍ਹਾਈ

ਡਾ. ਟੀ. ਐਸ. ਮੱਲ੍ਹੀ

ਪੰਜਾਬੀ ਬੋਲੀ ਦੀ ਲਹਿਰ ਪਾਕਿਸਤਾਨ ਦੇ ਹੋਂਦ ਵਿੱਚ ਆਉਣ ਤੋਂ ਕੁੱਝ ਸਮਾਂ ਬਾਅਦ ਹੀ ਸ਼ੁਰੂ ਹੋ ਗਈ ਸੀ। ਇਸ ਲਹਿਰ ਦੇ ਮੋਢੀਆਂ ਵਿੱਚ ਅਬਦੁਲ ਮਜੀਦ ਸਾਲਕ, ਮੌਲਾ ਬਖ਼ਸ਼ ਕੁਸ਼ਤਾ, ਜੋਸ਼ੂਆ ਫਜਲਦੀਨ ਸ਼ਰਫ ਜੀ, ਮਾਸਿਕ ਪੰਜ ਦਰਿਆ ਦੇ ਸੰਪਾਦਕ ਅਫਜਲ ਖਾਂ ਸਾਹਿਬ, ਮਾਸਿਕ ਪੰਜਾਬੀ ਅਦਬ ਦੇ ਐਡੀਟਰ ਆਸਿਫ ਖਾਨ, ਉਸਤਾਦ ਹਮਦਮ, ਉਸਤਾਦ ਦਾਮਨ, ਅਬਦੁਲ ਮਜੀਦ ਭੱਟੀ, ਮਲਕ ਲਾਲ ਦੀ ਕੈਸਰ ਅਤੇ ਹੋਰ ਬਹੁਤ ਸਾਰੇ ਪੰਜਾਬੀ ਪਿਆਰੇ ਅਤੇ ਲਿਖਾਰੀ। ਡਾ. ਫਕੀਰ ਮੁਹੰਮਦ ਫਕੀਰ ਇਸ ਲਹਿਰ ਵਿੱਚ ਪੇਸ਼ ਸਨ। ਆਪ ਨੇ ਉਨ੍ਹਾਂ ਸਮਿਆਂ ਵਿੱਚ ਪੰਜਾਬੀ ਦਾ ਝੰਡਾ ਬੁਲੰਦ ਰੱਖਿਆ। ਜਦੋਂ ਮਾਹੌਲ ਸਾਜ਼ਗਾਰ ਨਹੀਂ ਸੀ ਅਤੇ ਪੰਜਾਬੀ ਲਈ ਬਖੇੜਿਆਂ ਦਾ ਸਮਾਂ ਸੀ। ਪੰਜਾਬੀ ਦੇ ਹੱਕ ਵਿੱਚ ਗੱਲ ਕਰਨੀ ਦੇਸ਼ ਅਤੇ ਇਸਲਾਮ ਦੇ ਵਿਰੁੱਧ ਸਮਝੀ ਜਾਂਦੀ ਸੀ। ਆਪ ਨੇ 1956 ਵਿੱਚ ਲਾਇਲਪੁਰ (ਹੁਣ ਫੈਜ਼ਲਾਬਾਦ) ਦੇ ਧੋਬੀ ਘਾਟ ਮੈਦਾਨ ਵਿੱਚ ਇੱਕ ਪੰਜਾਬੀ ਕਾਨਫਰੰਸ ਬੁਲਾਉਣ ਦਾ ਇੰਤਜ਼ਾਮ ਕੀਤਾ। ਇਸ ਕਾਨਫਰੰਸ ਦੀ ਪ੍ਰਧਾਨਗੀ ਮੌਲਾਨਾ ਅਬਦੁਲ ਮਜੀਦ ਸਾਲਕ ਹੋਰਾਂ ਕੀਤੀ। ਡਾ. ਫਕੀਰ ਸਾਹਿਬ ਨੇ ਇੱਕ ਕਰਾਰਦਾਦ (ਮਤਾ) ਰੱਖੀ। ਜਿਸ ਵਿੱਚ ਮੰਗ ਕੀਤੀ ਗਈ ਕਿ ਪੰਜਾਬੀ ਦੇ ਸਕੂਲਾਂ ਅਤੇ ਕਾਲਜਾਂ ਵਿੱਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਨ ਦਾ ਪ੍ਰਬੰਧ ਕੀਤਾ ਜਾਵੇ। ਇਸ ਤਰ੍ਹਾਂ ਆਪ ਨੇ ਪੰਜਾਬੀ ਨੂੰ ਲਾਗੂ ਕਰਵਾਉਣ ਦੀ ਮੰਗ ਦੀ ਲਹਿਰ ਨੂੰ ਅਗਾਂਹ ਟੋਰਿਆ। (ਪਾਕਿਸਤਾਨੀ ਕਿਤਾਬ 'ਰੇਸ਼ਮੀ ਤੰਦਾਂ' ਵਿੱਚ ਰਾਕਮ ਦਾ ਪੰਜਾਬੀ ਲਹਿਰ ਬਾਰੇ ਲੇਖ ਸਫਾ 33) ਪਹਿਲਾਂ ਪੰਜਾਬੀ ਛੇਵੀਂ ਤੋਂ ਬੀ.ਏ. ਤੱਕ ਅਖ਼ਤਿਆਰੀ ਵਿਸ਼ੇ ਦੇ ਤੌਰ 'ਤੇ ਹੀ ਸੀ, ਉਹ ਵੀ ਸਿਰਫ ਕਾਗਜ਼ਾਂ ਵਿੱਚ ਹੀ।

ਇਹ ਸਿਰਫ ਪੰਜਾਬੀ ਲਹਿਰ ਦਾ ਅਸਰ ਹੀਸੀ ਕਿ 1965 ਤੋਂ ਪੰਜਾਬੀ ਅਮਲੀ ਤੌਰ 'ਤੇ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹਾਈ ਜਾਣ ਲੱਗੀ।

ਪੰਜਾਬੀ ਬੋਲੀ ਦੀ ਲਹਿਰ ਆਪਣੀ ਮੱਠੀ ਚਾਲ ਨਾਲ ਅਗਾਂਹ ਵੱਧਦੀ ਰਹੀ। ਪੰਜਾਬੀ ਤਹਿਰੀਕ (ਲਹਿਰ) ਨੂੰ ਵੱਡਾ ਹੁੰਗਾਰਾ ਅਤੇ ਹੁਲਾਰਾ ਉਸ ਵੇਲੇ ਮਿਲਿਆ, ਜਦੋਂ 17 ਜੁਲਾਈ 1970 ਨੂੰ ਡਾ. ਫਕੀਰ ਮੁਹੰਮਦ ਫਕੀਰ ਅਤੇ ਵੱਡੇ ਪੰਜਾਬੀ ਸੇਵਕ ਮੁਸ਼ਤਾਕ ਬੱਟ ਦੀਆਂ ਕੋਸ਼ਿਸ਼ਾਂ ਨਾਲ ਬਹੁਤ ਸਾਰੀਆਂ ਤਨਜ਼ੀਮਾਂ ਨੇ ਰਲ ਕੇ ਲਾਹੌਰ ਵਿੱਚ ਪੰਜਾਬੀ ਬੋਲੀ ਦੀ ਹਿਮਾਇਤ ਵਿੱਚ ਇੱਕ ਬਹੁਤ ਵੱਡਾ ਜਲੂਸ ਕੱਢਿਆ, ਜਿਹੜਾ ਬੜਾ ਕਾਮਯਾਬ ਜਲੂਸ ਸੀ। ਉਸ ਸਮੇਂ ਦੇ ਇੱਕ ਬਹੁਤ ਹੀ ਮਸ਼ਹੂਰ ਕੌਮੀ ਅਖ਼ਬਾਰ "ਮਸ਼ਰਕ" ਜੋ ਕਿ ਇੱਕੋ ਸਮੇਂ ਕਰਾਚੀ, ਪਿਸ਼ਾਵਰ ਅਤੇ ਲਾਹੌਰ ਤੋਂ ਨਿਕਲਦਾ ਸੀ, ਨੇ ਇਸ ਜਲੂਸ/ਮੁਜ਼ਾਹਰੇ ਦੀ ਪ੍ਰਭਾਵਸ਼ਾਲੀ ਰਿਪੋਟਿੰਗ ਕੀਤੀ। ਇਸ ਮੁਜ਼ਾਹਰੇ ਦਾ ਪ੍ਰਬੰਧ ਪੰਜਾਬੀ ਅਦਬੀ ਸੰਗਤ, ਹਲਕਾ ਪੰਜਾਬੀ ਅਦਬ, ਦੇਸ਼ ਪੰਜਾਬ ਮਹਾਜ ਅਤੇ ਪੰਜਾਬੀ ਲੀਗ ਨੇ ਰਲ ਕੇ ਕੀਤਾ ਸੀ। ਇਹ ਮੁਜ਼ਾਹਰਾ ਰੂਪੀ ਜਲੂਸ ਸ਼ਹਿਰ ਦੇ ਵੱਖੋ-ਵੱਖ ਥਾਵਾਂ ਤੋਂ ਹੁੰਦਾ ਹੋਇਆ ਗੋਲ ਬਾਗ ਜਾ ਕੇ ਖਤਮ ਹੋਇਆ। ਮੁਜ਼ਾਹਰਾਕਾਰੀਆਂ ਨੇ ਜੋ ਕੁਤਬੇ (ਮਾਟੋ) ਚੁੱਕੇ ਹੋਏ ਸਨ, ਉਨ੍ਹਾਂ 'ਤੇ ਇਹ ਨਾਅਰੇ ਲਿਖੇ ਹੋਏ ਸਨ। ਪੰਜਾਬੀ ਪੜ੍ਹੋ, ਪੰਜਾਬੀ ਲਿਖੋ, ਪੰਜਾਬੀ ਬੋਲੋ, ਰੇਡੀਓ ਦੇ ਪ੍ਰੋਗਰਾਮ ਪੰਜਾਬੀ ਵਿੱਚ ਨਸ਼ਰ ਕੀਤੇ ਜਾਣ, ਪੰਜਾਬੀ ਜ਼ੁਬਾਨ ਜ਼ਿੰਦਾਬਾਦ ਵਗੈਰਾ। ਮੁਜ਼ਾਹਰੇ ਦੀ ਅਗਵਾਈ ਰਫੀਕ ਅਹਿਮਦ ਐਡਵੋਕੇਟ, ਮੁਸ਼ਤਾਕ ਬੱਟ, ਸਈਯਦ, ਅਖਤਰ ਹੁਸੈਨ ਅਖਤਰ (ਸੰਪਾਦਕ ਲਹਿਰਾਂ) ਰਊਫ ਸ਼ੇਖ ਅਤੇ ਚੌਧਰੀ ਮੁਹੰਮਦ ਅਫਜ਼ਲ ਖਾਨ ਸੰਪਾਦਕ ਮਾਸਿਕ 'ਪੰਜ ਦਰਿਆ' ਨੇ ਕੀਤੀ। ਜਲੂਸ ਵਿੱਚ ਪੰਜਾਬੀ ਦੇ ਮੰਨੇ ਪ੍ਰਮੰਨੇ ਕਵੀ ਤੇ ਸਾਹਿਤਕਾਰ ਡਾ. ਫਕੀਰ ਮੁਹੰਮਦ ਫਕੀਰ ਅਤੇ ਰਾਜਾ ਰਸਾਲੂ ਤੋਂ ਅੱਡ ਚੋਟੀ ਦੇ ਪੱਤਰਕਾਰ ਅਤੇ ਸਤਿਕਾਰਯੋਗ ਸ਼ਹਿਰੀ ਵੀ ਸ਼ਾਮਲ ਹੋਏ।



ਇਸ ਦੇ ਨਾਲ ਹੀ ਲੋਕ ਮਾਂ-ਬੋਲੀ ਪ੍ਰਤੀ ਜਾਗਰਤ ਹੋ ਰਹੇ ਸਨ। ਲਹਿੰਦੇ ਪੰਜਾਬ ਦੇ ਹਰ ਸ਼ਹਿਰ, ਕਸਬੇ ਅਤੇ ਕਈ ਥਾਈਂ ਤਾਂ ਪਿੰਡਾਂ ਵਿੱਚ ਵੀ ਵੱਖ-ਵੱਖ ਨਾਵਾਂ ਹੇਠ ਪੰਜਾਬੀ ਸਾਹਿਤ ਸਭਾਵਾਂ ਬਣੀਆਂ ਹੋਈਆਂ ਹਨ। ਪੰਜਾਬੋਂ ਬਾਹਰ ਵੀ ਖਾਸ ਕਰਕੇ ਕਰਾਚੀ, ਪਿਸ਼ਾਵਰ, ਕੋਇਟਾ ਆਦਿ ਸ਼ਹਿਰਾਂ ਵਿੱਚ ਪੰਜਾਬੀ ਅਦਬੀ ਤਨਜ਼ੀਮਾਂ ਬਣੀਆਂ ਹੋਈਆਂ ਹਨ। ਇਹ ਸਭਾਵਾਂ ਆਪਣੀਆਂ ਹਫਤਾਵਾਰੀ/ਮਹੀਨਾਵਾਰ ਬੈਠਕਾਂ ਵਿੱਚ ਪੰਜਾਬੀ ਨੂੰ ਉਸ ਦਾ ਬਣਦਾ ਥਾਂ ਦੇਣ ਲਈ ਮਤੇ ਪਾਸ ਕਰਦੀਆਂ ਰਹਿੰਦੀਆਂ ਹਨ। ਉੱਧਰ ਉਸ ਸਮੇਂ 1970-71 ਵਿੱਚ ਪੂਰਬੀ ਪਾਕਿਸਤਾਨ ਵਿੱਚ ਬੰਗਾਲੀ ਦੀ ਲਹਿਰ ਉਗਰ ਰੂਪ ਧਾਰ ਗਈ ਸੀ। ਸਾਰੇ ਹਾਲਾਤ ਨੂੰ ਦੇਖਦਿਆਂ ਸਰਕਾਰ ਨੂੰ ਪੰਜਾਬੀ ਜ਼ੁਬਾਨ ਲਈ ਕੁੱਝ ਕਰਨਾ ਜ਼ਰੂਰੀ ਹੋ ਗਿਆ। ਉਸ ਸਮੇਂ ਪੰਜਾਬੀ ਜ਼ੁਬਾਨ ਦੀ ਲਹਿਰ ਕੁੱਝ ਜ਼ੋਰ ਫੜ ਰਹੀ ਸੀ। ਸਿਆਸੀ ਸਟੇਜ 'ਤੇ ਪੀਪਲਜ਼ ਪਾਰਟੀ ਦੀ ਸਰਕਾਰ ਬਣ ਗਈ ਸੀ, ਜੋ ਖੇਤਰੀ ਬੋਲੀਆਂ ਨੂੰ ਤਰੱਕੀ ਦੇਣ ਦੇ ਹੱਕ ਵਿੱਚ ਸੀ। ਅੰਤ ਪੰਜਾਬੀ ਬੋਲੀ ਦੀ ਸੁਣੀ ਗਈ। 1972 ਵਿੱਚ ਪੰਜਾਬ ਯੂਨੀਵਰਸਿਟੀ ਵਿੱਚ ਐੱਮ.ਏ. ਪੰਜਾਬੀ ਦੀਆਂ ਕਲਾਸਾਂ ਸ਼ੁਰੂ ਕਰ ਦਿੱਤੀਆਂ ਗਈਆਂ ਅਤੇ ਬਹੁਤ ਸਾਰੇ ਕਾਲਜਾਂ ਵਿੱਚ ਪੰਜਾਬੀ ਦੇ ਵਿਭਾਗ ਕਾਇਮ ਕਰ ਦਿੱਤੇ ਗਏ। ਇਸ ਦੇ ਨਾਲ ਹੀ ਪੰਜਾਬੀ ਵਿੱਚ ਐੱਮ.ਫਿਲ ਅਤੇ ਪੀ.ਐੱਚ.ਡੀ. ਦੀਆਂ ਡਿੱਗਰੀਆਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ। ਸਮਾਂ ਪਾ ਕੇ ਮੁਲਤਾਨ ਬਹਾਵਲਪੁਰ ਅਤੇ ਹੋਰ ਯੂਨੀਵਰਸਿਟੀਆਂ ਵਿੱਚ ਵੀ ਐੱਮ.ਏ. ਪੰਜਾਬੀ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ।

ਜਿਸ ਖੇਤਰ ਵਿੱਚ ਪੰਜਾਬੀ ਪਿਆਰਿਆਂ ਨੂੰ ਵੱਡਾ ਲਾਭ ਪਹੁੰਚਿਆ, ਉਹ ਸੀ ਸੀ.ਐੱਸ.ਐੱਸ. ਅਤੇ ਪੀ.ਸੀ.ਐੱਸ. ਵਰਗੇ ਮੁਕਾਬਲੇ ਦੇ ਇਮਤਿਹਾਨਾਂ ਦੇ ਸਿਲੇਬਸ ਵਿੱਚ ਪੰਜਾਬੀ ਜ਼ੁਬਾਨ ਅਤੇ ਸਾਹਿਤ ਨੂੰ ਇੱਕ ਵਿਸ਼ੇ ਦੇ ਤੌਰ 'ਤੇ ਰੱਖਣਾ। ਇਹ ਗੱਲ ਪੰਜਾਬੀ ਦੇ ਵਾਧੇ ਲਈ ਬਹੁਤ ਹੀ ਮਹੱਤਵਪੂਰਨ ਕਦਮ ਸੀ। ਡਾ. ਅਜ਼ਹਰ ਮਹਿਮੂਦ ਚੌਧਰੀ ਗੁਜਰਾਤ ਜੋ ਪੇਸ਼ੇ ਵੱਜੋਂ ਇੱਕ ਮਸ਼ਹੂਰ ਮਾਹਿਰ ਡਾਕਟਰ ਹਨ ਅਤੇ ਮਾਂ-ਬੋਲੀ ਦੇ ਲਿਖਾਰੀ, ਆਪਣੇ ਮਜ਼ਮੂਨ "ਪੰਜਾਬੀ ਦੀ ਤਾਲੀਮੀ ਹੈਸੀਅਤ" ਵਿੱਚ ਲਿਖਦੇ ਹਨ "ਹੁਣ ਇਹ ਇੱਕ ਅਟੱਲ ਸੱਚਾਈ ਹੈ ਕਿ ਉਹ ਤਾਲਿਬ ਇਲਮ (ਵਿਦਿਆਰਥੀ) ਜਿਸ ਨੇ ਕਦੇ ਭੁੱਲ ਕੇ ਵੀ ਪੰਜਾਬੀ ਨਹੀਂ ਪੜ੍ਹੀ ਹੁੰਦੀ, ਉਹ ਜਦੋਂ ਮਾਂ ਬੋਲੀ ਦੇ ਲੜ ਲੱਗਦਾ ਏ ਤੇ ਇਹ ਉਸ ਨੂੰ ਆਪਣੀ ਝੋਲੀ ਵਿੱਚ ਪਨਾਹ ਦਿੰਦੀ ਤੇ ਨਾਲ ਹੀ ਪਾਸ ਹੋਣ ਲਈ ਲੋੜੀਂਦਾ ਭਰੋਸਾ ਤੇ ਆਸ ਵੀ ਬਖ਼ਸ਼ਦੀ ਹੈ। ਅਣਗਿਣਵੇਂ ਜਵਾਨ ਪੰਜਾਬੀ ਦੀ ਵਜ੍ਹਾ ਨਾਲ ਕਾਮਯਾਬੀ ਦਾ ਮੂੰਹ ਵੇਖਦੇ ਤੇ ਤਰੱਕੀ ਦੀ ਪੌੜੀ ਚੜ੍ਹਦੇ ਨੇ। ਅੱਜ ਡੀ.ਐੱਮ.ਜੀ. ਪੁਲਿਸ, ਇਨਕਮ ਟੈਕਸ, ਕਸਟਮ, ਰੇਲਵੇ ਤੇ ਹੋਰ ਦੂਜੇ ਮਹਿਕਮਿਆਂ ਦੇ ਵੱਡੇ ਵੱਡੇ ਥੰਮ ਆਪਣੀ ਮਾਂ ਬੋਲੀ ਦੇ ਸਦਕੇ ਇਨ੍ਹਾਂ ਅਹੁਦਿਆਂ 'ਤੇ ਅਪੜੇ ਨੇ। ਇਹ ਜਾਨਣ ਭਾਵੇਂ ਨਾ ਜਾਨਣ। ਮਾਂ ਬੋਲੀ ਨੂੰ ਇਸ ਦਾ ਜਾਇਜ਼ ਹੱਕ ਤੇ ਮੁਕਾਮ ਦਿਵਾਉਣਾ ਇਨ੍ਹਾਂ ਅਫਸਰਾਂ ਤੇ ਵੀ ਓਨਾ ਹੀ ਫਰਜ ਏ ਜਿਨ੍ਹਾਂ ਮਾਂ ਬੋਲੀ ਦਿਆਂ ਕਾਮਿਆਂ ਦਾ ਤਕਾਜ਼ਾ (ਪਰਚਾ 'ਹੱਕ' 2003 ਸਫਾ 54)

ਹੁਣ ਵੇਖਣਾ ਇਹ ਹੈ ਕਿ ਕਿੰਨੇ ਕੁ ਮੁੰਡੇ ਕੁੜੀਆਂ ਪੰਜਾਬੀ ਪੜ੍ਹਨ ਦਾ ਸ਼ੌਕ ਰੱਖਦੇ ਹਨ। ਸ਼ਫ਼ਕਤ ਤਨਵੀਰ ਮਿਰਜ਼ਾ ਸਾਹਿਬ ਉਹ ਬਜ਼ੁਰਗ ਸ਼ਖ਼ਸੀਅਤ ਹਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਹੀ ਪੰਜਾਬੀ ਮਾਂ-ਬੋਲੀ ਦੀ ਤਰੱਕੀ ਲਈ ਅਰਪਣ ਕੀਤੀ।

# ਮੁੱਖ ਮੰਤਰੀ ਨੇ ਖਰਖੌਦਾ ਵਿੱਚ ਐਲਾਨਾਂ ਦੀ ਲਗਾਈ ਝੜੀ, ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ

## ਸ਼ਹਿਰ ਵਿੱਚ ਕੂੜੇ ਦੇ ਨਿਪਟਾਨ ਲਈ 8 ਕਰੋੜ 37 ਲੱਖ ਰੁਪਏ ਦੀ ਲਾਗਤ ਨਾਲ ਲੱਗੇਗਾ ਪਲਾਂਟ : ਮੁੱਖ ਮੰਤਰੀ

**ਚੰਡੀਗੜ੍ਹ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਜੋ ਮਜਬੂਤ, ਖੁਸ਼ਹਾਲ ਅਤੇ ਆਤਮਨਿਰਭਰ ਸੂਬੇ ਦੇ ਨਿਰਮਾਣ ਵਿੱਚ ਸਹਿਭਾਗੀ ਬਨਣਾ ਚਾਹੁੰਦਾ ਹੈ, ਸਰਕਾਰ ਹਰ ਉਸ ਹਰਿਆਣਵੀਂ ਦੇ ਵਿਕਾਸ ਲਈ ਸੁਸਾਸ਼ਨ ਅਤੇ ਪਾਰਦਰਸ਼ਿਤਾ ਦੇ ਨਾਲ ਖੜੀ ਹੈ। ਉਨ੍ਹਾਂ ਨੇ ਕਿਹਾ ਕਿ ਸੂਬੇ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਖਰਖੌਦਾ ਵਿੱਚ ਵਿਕਾਸ ਰੈਲੀ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਨੇ ਸੋਨੀਪਤ ਦੇ ਪਿੰਡ ਸੋਹੰਟੀ ਅਤੇ ਥਾਨਾ ਕਲਾਂ ਵਿੱਚ 2 ਸਬ-ਹੈਲ ਸੈਂਟਰਾਂ ਦਾ ਨੀਂਹ ਪੱਥਰ ਵੀ ਰੱਖਿਆ। ਇੰਨ੍ਹਾਂ ਦੋ ਵਿਕਾਸ ਪਰਿਯੋਜਨਾਵਾਂ 'ਤੇ 1 ਕਰੋੜ 10 ਲੱਖ ਰੁਪਏ ਦੀ ਲਾਗਤ ਆਵੇਗੀ। ਮੁੱਖ ਮੰਤਰੀ ਨੇ ਖਰਖੌਦਾ ਵਿੱਚ ਐਲਾਨਾਂ ਦੀ ਝੜੀ ਲਗਾਈ ਅਤੇ ਖਰਖੌਦਾ ਦੇ ਵਿਕਾਸ ਲਈ ਵੱਖ ਤੋਂ 5 ਕਰੋੜ ਰੁਪਏ ਦੀ ਰਕਮ ਦੇਣ ਦਾ ਐਲਾਨ ਕੀਤਾ। ਖਰਖੌਦਾ ਸ਼ਹਿਰ ਵਿੱਚ ਥਾਨਾ ਚੌਕ ਤੇ ਦਿੱਲੀ ਚੌਕ ਦਾ ਸੁੰਦਰੀਕਰਣ ਕੀਤਾ ਜਾਵੇਗਾ ਅਤੇ ਮੁੱਖ ਪਾਰਕ ਲਈ 8 ਕਰੋੜ ਰੁਪਏ ਤੇ ਸਟੇਡੀਅਮ ਦੇ ਮੁੜ ਨਿਰਮਾਣ ਲਈ 3.50 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ। ਸ਼ਹਿਰ ਵਿੱਚ ਕੂੜੇ ਦੇ ਨਿਪਟਾਨ ਲਈ 8 ਕਰੋੜ 37 ਲੱਖ ਰੁਪਏ ਦੀ ਲਾਗਤ ਨਾਲ ਪਲਾਂਟ ਲੱਗੇਗਾ।

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸ਼ਹਿਰ ਵਿੱਚ ਡਿਜੀਟਲ ਲਾਇਬ੍ਰੇਰੀ ਬਣਾਈ ਜਾਵੇਗੀ। ਸ਼ਹਿਰ ਵਿੱਚ ਪੀਣ ਦੇ ਪਾਣੀ ਲਈ 26 ਕਰੋੜ 46 ਲੱਖ ਰੁਪਏ ਦੀ ਲਾਗਤ ਨਾਲ ਪਰਿਯੋਜਨਾ ਦਾ ਕੰਮ ਚੱਲ ਰਿਹਾ ਹੈ ਜੋ ਦਸੰਬਰ, 2026 ਤੱਕ ਪੂਰਾ ਹੋ ਜਾਵੇਗਾ। ਇਸ ਤੋਂ ਇਲਾਵਾ ਭੂਮੀ ਉਪਲਬਧ ਹੋਣ 'ਤੇ ਰੇਸਟ ਹਾਊਸ ਤੇ ਮਲਟੀਸਟੋਰੀ ਪਾਰਕਿੰਗ ਬਣਾਈ ਜਾਵੇਗੀ। ਖਰਖੌਦਾ ਵਿਧਾਨਸਭਾ ਖੇਤਰ ਵਿੱਚ ਪੀਡਬਲਿਯੂਡੀ ਦੀ 45 ਕਿਲੋਮੀਟਰ ਲੰਬਾਈ ਦੀ 9 ਸੜਕਾਂ 'ਤੇ 28.30



ਕਰੋੜ ਰੁਪਏ ਖਰਚ ਹੋਣਗੇ। ਇਸੀ ਤਰ੍ਹਾ 35 ਕਿਲੋਮੀਟਰ ਲੰਬਾਈ ਦੀ 6 ਸੜਕਾਂ ਦੀ ਮੁਰੰਮਤ ਕਰਵਾਈ ਜਾਵੇਗੀ। 175 ਕਿਲੋਮੀਟਰ ਲੰਬਾਈ ਦੀ 42 ਸੜਕਾਂ ਅਤੇ ਮਾਰਕਟਿੰਗ ਬੋਰਡ ਦੀ 31 ਕਿਲੋਮੀਟਰ ਲੰਬਾਈ ਦੀ ਸੜਕਾਂ ਨੂੰ ਡੀਐਲਪੀ ਤਹਿਤ ਠੀਕ ਕਰਵਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ 465 ਲੱਖ ਰੁਪਏ ਦੀ ਲਾਗਤ ਨਾਲ 20 ਕਿਲੋਮੀਟਰ ਲੰਬਾਈ ਦੀ 7 ਸੜਕਾਂ ਦੀ ਰਿਪੇਅਰਿੰਗ ਵੀ ਕਰਵਾਈ ੧ਾ ਰਹੀ ਹੈ ਅਤੇ ਮੁੱਖ ਮੰਤਰੀ ਨੇ 25 ਕਿਲੋਮੀਟਰ ਦੇ ਕੱਚੇ ਰਸਤਿਆਂ ਨੂੰ ਪੱਕਾ ਕਰਵਾਉਣ ਦਾ ਵੀ ਐਲਾਨ ਕੀਤਾ।

ਵਿਕਾਸ ਰੈਲੀ ਨੂੰ ਸੰਬੋਧਿਤ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਸੰਕਲਪ ਪੱਤਰ ਅਨੁਸਾਰ ੧ਲਦੀ ਹੀ 2 ਲੱਖ ਨੌਜੁਆਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ, ਜਿਸ ਵਿੱਚੋਂ 34 ਹਜਾਰ ਨੌਜੁਆਨਾਂ ਨੂੰ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਨਵੇਂ ਸਾਲ 'ਤੇ ਪੁਲਿਸ ਤੇ ਹੋਰ ਵਿਭਾਗਾਂ ਵਿੱਚ ਨੌਜੁਆਨਾਂ ਲਈ ਨੌਕਰੀਆਂ ਕੱਢੀਆਂ ਜਾਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨ ਦਾ ਸਨਮਾਨ, ਨੌਜੁਆਨਾਂ ਨੂੰ ਰੁਜ਼ਗਾਰ, ਮਹਿਲਾਵਾਂ ਨੂੰ ਸੁਰੱਖਿਆ ਅਤੇ ਸਵਾਵਲੰਬਨ, ਬਜੁਰਗਾਂ ਨੂੰ ਸਨਮਾਨਜਨਕ ਜੀਵਨ ਅਤੇ ਗਰੀਬ ਨੂੰ ਉਨ੍ਹਾਂ ਦਾ ਅਧਿਕਾਰ ਦੇਣ ਲਈ ਵਚਨਬੱਧ ਹੈ। ਇਸੀ ਸੋਚ ਦੇ ਨਾਲ ਸਰਕਾਰ ਨੇ ਪਿਛਲੇ 11 ਸਾਲਾਂ ਵਿੱਚ ਹਰਿਆਣਾ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਹੈ। ਅਸੀਂ ਖਰਖੌਦਾ ਵਿੱਚ ਵੀ ਵਿਸ਼ਵ ਪੱਧਰ ਦਾ ਇੰਫ੍ਰਾਸਟਕਚਰ ਵਿਕਸਿਤ ਕਰਨ ਲਈ ਕ੍ਰਿਤਸੰਕਲਪਿਤ ਹਨ ਅਤੇ ਇਸੀ ਨੂੰ ਸਾਕਾਰ ਕਰਨ ਲਈ ਕੰਮ ਕਰ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ 11 ਸਾਲਾਂ ਦੇ ਕਾਰਜਕਾਲ ਵਿੱਚ ਖਰਖੌਦਾ ਵਿਧਾਨਸਭਾ ਖੇਤਰ ਵਿੱਚ 2 ਹਜਾਰ 81 ਕਰੋੜ ਰੁਪਏ ਦੀ ਲਾਗਤ ਦੇ ਵਿਕਾਸ ਕੰਮ ਕਰਵਾਏ ਹਨ। ਇੰਨ੍ਹਾਂ ਵਿੱਚ ਆਈਐਮਟੀ, ਖਰਖੌਦਾ ਵਿੱਚ ਇੰਫ੍ਰਾਸਟਕਚਰ ਲਈ 1 ਹਜਾਰ 27 ਕਰੋੜ ਰੁਪਏ ਦੀ ਲਾਗਤ ਦੇ ਕਰਵਾਏ ਗਏ ਵਿਕਾਸ ਕੰਮ ਸ਼ਾਮਿਲ ਹਨ। ਖਰਖੌਦਾ ਵਿੱਚ 9 ਕਰੋੜ 21 ਲੱਖ ਰੁਪਏ ਦੀ ਲਾਗਤ ਨਾਲ ਮਿਨੀ ਸਕੱਤਰੇਤ ਦਾ ਨਿਰਮਾਣ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਖਰਖੌਦਾ ਵਿੱਚ ਹੀ 6 ਕਰੋੜ 56 ਲੱਖ ਰੁਪਏ ਦੀ ਲਾਗਤ ਨਾਲ ਨਿਆਇਕ ਪਰਿਸਰ ਦਾ ਨਿਰਮਾਣ, 4 ਕਰੋੜ 54 ਲੱਖ ਰੁਪਏ ਦੀ ਲਾਗਤ ਨਾਲ 4.5 ਐਮਐਲਡੀ ਸਮਰੱਥਾ ਦਾ ਸੀਵਰੇਜ ਟ੍ਰੀਟਮੈਂਟ ਪਲਾਂਟ ਦਾ ਨਵੀਨੀਕਰਣ ਅਤੇ 1 ਕਰੋੜ 65 ਲੱਖ ਰੁਪਏ ਦੀ ਲਾਗਤ ਨਾਲ ਨਵੀਂ ਅਨਾਜ ਮੰਡੀ ਦਾ ਵਿਸਤਾਰ ਕੀਤਾ ਗਿਆ ਹੈ। ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਜਵਾਨਾਂ ਤੇ ਕਿਸਾਨਾਂ ਦੀ ਇਹ ਭੂਮੀ ਹੁਣ ਐਨਸੀਆਰ ਖੇਤਰ ਵਿੱਚ ਤੇਜੀ ਨਾਲ ਉਭਰਦਾ ਹੋਇਆ ਉਦਯੋਗਿਕ ਕੇਂਦਰ ਬਣ ਚੁੱਕਾ ਹੈ। ਇਹ ਖੇਤਰ ਆਟੋਮੋਬਾਇਲ ਮੈਨੂਫੈਕਚਰਿੰਗ, ਸਟੋਰੇਜ ਅਤੇ ਲਾਜਿਸਟਿਕਸ ਦੇ ਵਿਕਾਸ ਦੇ ਵਿਆਪਕ ਮੌਕੇ ਪ੍ਰਦਾਨ ਕਰ ਰਿਹਾ ਹੈ। ਇਹ ਕਾਰੋਬਾਰੀਆਂ ਅਤੇ ਨਿਵੇਸ਼ਕਾਂ ਲਈ ਖਿੱਚ ਦਾ ਕੇਂਦਰ ਬਣ ਰਿਹਾ ਹੈ। ਇਸ ਦਿਸ਼ਾ ਵਿੱਚ ਆਈਐਮਟੀ ਖਰਖੌਦਾ ਵਿੱਚ ਮਾਰੂਤੀ ਸੁਜ਼ੂਕੀ ਵੱਲੋਂ 18 ਹਜਾਰ ਕਰੋੜ ਰੁਪਏ ਦੇ ਨਿਵੇਸ਼ ਨਾਲ ਇੱਕ ਅਲਟਰਾ ਮੇਗਾ ਆਟੋ ਉਦਯੋਗ ਪਰਿਯੋਜਨਾ ਸਥਾਪਿਤ ਕੀਤੀ ਜਾ ਰਹੀ ਹੈ। ਮੈਸਰਸ ਸੁਜ਼ੂਕੀ ਮੋਟਰਸਾਈਕਲ ਵੱਲੋਂ 2 ਹਜਾਰ ਕਰੋੜ ਰੁਪਏ ਦੇ ਨਿਵੇਸ਼ ਨਾਲ ਉਦਯੋਗ ਲਗਾਇਆ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਦੀ ਅਗਵਾਈ ਹੇਠ ਅੱਗੇ ਵੱਧ ਰਹੇ ਹਨ। ੧ ਕਿਹਾ ਹੈ, ਉਹ ਕਰਾਂਗੇ। ਸਾਡੀ ਨੀਤੀ, ਨੀਅਤ ਅਤੇ ਅਗਵਾਈ ਸਪਸ਼ਟ ਹੈ। ਭਾਜਪਾ ਸਰਕਾਰ ਹਰ ਵਾਅਦੇ ਨੂੰ ਨਿਭਾਉਣ ਲਈ ਕ੍ਰਿਤਸੰਕਲਪਿਤ ਹੈ। ਵਿਧਾਨਸਭਾ ਚੋਣਾਂ ਦੇ ਸੰਕਲਪ-ਪੱਤਰਵਿੱਚ 217 ਵਿੱਚੋਂ 54 ਵਾਅਦਿਆਂ ਨੂੰ ਇੱਕ ਸਾਲ ਵਿੱਚ ਹੀ ਪੂਰਾ ਕਰ ਦਿਖਾਇਆ ਹੈ। ਇਸ ਤੋਂ ਇਲਾਵਾ, 163 ਵਾਅਦਿਆਂ 'ਤੇ ਕੰਮ ਪ੍ਰਗਤੀ 'ਤੇ ਹੈ। ਇੱਕ ਸਾਲ ਵਿੱਚ ਨੌਨ-ਸਟਾਪ ਵਿਕਾਸ ਦਾ ਸੰਕਲਪ ਕੀਤਾ, ਉਸ ਦੀ ਸਿੱਧੀ ਵਿੱਚ ਵਿਕਾਸ ਦੀ ਤਿਗੁਣੀ ਗਤੀ ਨਾਲ ਕੰਮ ਕਰ ਰਹੀ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਤਿਗੁਣੀ ਗਤੀ ਨਾਲ ਤੀਜੇ ਕਾਰਜਕਾਲ ਵਿੱਚ ਸੂਬੇ ਦੇ ਸਮੂਚੇ ਵਿਕਾਸ ਅਤੇ ਹਰ ਵਰਗ ਦੇ ਹਿੱਤਾਂ ਦੀ ਸੁਰੱਖਿਆ ਲਈ ਅਨੇਕ ਠੋਸ ਕਦਮ ਚੁੱਕ ਰਹੀ ਹੈ। ਭੈਣਾਂ-ਕੁੜੀਆਂ ਦੀ ਆਰਥਕ ਤੇ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ ਲਈ ਦੀਨਦਿਆਲ ਲਾਡੋ ਲਕਛਮੀ ਯੋਜਨਾ ਸ਼ੁਰੂ ਕੀਤੀ ਹੈ। ਹੁਣ ਤੱਕ ਦੋ ਕਿਸਤਾਂ ਵਿੱਚ 7 ਲੱਖ ਤੋਂ ਵੱਧ ਭੇਣ - ਕੁੜੀਆਂ ਨੂੰ 258 ਕਰੋੜ ਰੁਪਏ ਦਿੱਤੇ ਜਾ ਚੁੱਕੇ ਹਨ।

ਉਨ੍ਹਾਂ ਨੇ ਕਿਹਾ ਕਿ ਗਰੀਬ ਮਹਿਲਾਵਾਂ ਨੂੰ ਆਪਣੀ ਰਸੋਈ ਚਲਾਉਣ ਲਈ ਹਰ ਮਹੀਨੇ ਸਿਰਫ 500 ਰੁਪਏ ਵਿੱਚ ਗੈਸ ਸਿਲੇਂਡਰ ਦਿੱਤਾ ਜਾ ਰਿਹਾ ਹੈ। ਇਹ ਲਾਭ ਸੂਬੇ ਦੇ ਲਗਭਗ 14 ਲੱਖ 70 ਹਜਾਰ ਪਰਿਵਾਰਾਂ ਨੂੰ ਮਿਲ ਰਿਹਾ ਹੈ। ਸੂਬੇ ਵਿੱਚ ਜਮੀਨਾਂ ਤੇ ਸੰਪਤੀਆਂ ਦਾ ਪੇਪਰਲੈਸ ਰਜਿਸਟ੍ਰੇਸ਼ਣ ਸ਼ੁਰੂ ਕੀਤਾ ਗਿਆ ਹੈ। ਹੁਣ ਰਜਿਸਟਰੀ ਦਾ ਕੰਮ ਪੂਰੀ ਤਰ੍ਹਾ ਡਿਜੀਟਲ ਹੋ ਗਿਆ ਹੈ। ਸੋਨੀਪਤ ਤੋਂ ਮੁੱਖ ਮੰਤਰੀ ਅੰਤੋਂਦੇਯ ਪਰਿਵਾਰ ਉਥਾਨ ਯੋਜਨਾ ਦਾ ਦੂਜਾ ਪੜਾਅ ਸ਼ੁਰੂ ਕੀਤਾ ਗਿਆ ਹੈ। ਇਸ ਦੇ ਰਾਹੀਂ ਗਰੀਬ ਤੋਂ ਗਰੀਬ ਪਰਿਵਾਰ ਦੀ ਸਾਲਾਨਾ ਆਮਦਨ ਘੱਟ ਤੋਂ ਘੱਟ 1 ਲੱਖ 80 ਹਜਾਰ ਰੁਪਏ ਕਰਨਾ ਟੀਚਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਗਰੀਬਾਂ ਦੇ ਸਿਰ 'ਤੇ ਛੱਤ ਉਪਲਬਧ ਕਰਵਾਉਣ ਲਈ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ 1 ਲੱਖ 56 ਹਜਾਰ ਮਕਾਨ ਬਣਾ ਕੇ ਦਿੱਤੇ ਗਏ ਹਨ। ਗਰੀਬ ਪਰਿਵਾਰਾਂ ਨੂੰ ਮੁੱਖ ਮੰਤਰੀ ਆਵਾਸ ਯੋਜਨਾ-ਸ਼ਹਿਰੀ ਤਹਿਤ 14 ਸ਼ਹਿਰਾਂ ਵਿੱਚ 15 ਹਜਾਰ 765 ਗਰੀਬ ਪਰਿਵਾਰਾਂ ਨੂੰ ਪਲਾਟ ਦਿੱਤੇ ਹਨ। ਮੁੱਖ ਮੰਤਰੀ ਆਵਾਸ ਯੋ੧ਨਾ ਗ੍ਰਾਮੀਣ ਤਹਿਤ ਪਿੰਡ ਪੰਚਾਇਤਾਂ ਵਿੱਚ 12 ਹਜਾਰ 31 ਪਲਾਟ ਦਿੱਤੇ ਗਏ ਹਨ। ਉਨ੍ਹਾਂ ਨੈ ਕਿਹਾ ਕਿ ਸਰਕਾਰ ਕਿਸਾਨ ਹਿੱਤ ਦੀ ਨੀਤੀਆਂ ਨੂੰ ਲੈ ਕੇ ਕੰਮ ਕਰ ਰਹੀ ਹੈ। ਅੱਜ ਕਿਸਾਨਾਂ ਦੀ ਸਾਰੀ ਫਸਲਾਂ ਦੀ ਖਰੀਦ ਘੱਟੋ ਘੱਟ ਸਹਾਇਕ ਮੁੱਲ 'ਤੇ ਕੀਤੀ ਜਾ ਰਹੀ ਹੈ। ਹੁਣ ਤੱਕ 12 ਲੱਖ ਕਿਸਾਨਾਂ ਦੇ ਖਾਤਿਆਂ ਵਿੱਚ ਫਸਲ ਖਰੀਦ ਦੇ 1 ਲੱਖ 64 ਹਜਾਰ ਕਰੋੜ ਰੁਪਏ ਸਿੱਧੇ ਖਾਤੇ ਵਿੱਚ ਪਾਏ ਜਾ ਚੁੱਕੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਧਨ ਦੇ ਅਭਾਵ ਵਿੱਚ ਕੋਈ ਵੀ ਗਰੀਬ ਇਲਾਜ ਤੋਂ ਵਾਂਝਾ ਨਹੀਂ ਰਹੇਗਾ। ਆਯੁਸ਼ਮਾਨ ਭਾਰਤ-ਚਿਰਾਯੂ ਯੋਜਨਾ ਵਿੱਚ 25 ਲੱਖ 39 ਹਜਾਰ ਮਰੀਜਾਂ ਦਾ 4 ਹਜਾਰ 126 ਕਰੋੜ ਰੁਪਏ ਦੀ ਲਾਗਤ ਨਾਲ ਮੁਫਤ ਇਲਾਜ ਕੀਤਾ ਗਿਆ ਹੈ। ਕਿਡਨੀ ਦੇ ਰੋਗ ਤੋਂ ਪੀੜਤ ਰੋਗੀਆਂ ਲਈ ਸਾਰੀ ਸਰਕਾਰੀ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ ਵਿੱਚ ਮੁਫਤ ਡਾਇਲਿਸਿਸ ਦੀ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ।

ਇਸ ਮੌਕੇ 'ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਹਰਿਆਣਾ ਸਾਹਿਤ ਅਤੇ ਸਭਿਆਚਾਰ ਅਕਾਦਮੀ ਪੰਚਕੂਲਾ ਵੱਲੋਂ ਪ੍ਰਕਾਸ਼ਿਤ ਤੇ ਪੰਡਿਤ ਦੀਧਿਚੀ ਰਿਸ਼ੀ ਵੱਤਸ ਵੱਲੋਂ ਰਚਿਤ ਕਿਤਾਬ ਪੰਡਿਤ ਲਖਮੀਚੰਦ ਦਾ ਬ੍ਰਹਮਾ ਗਿਆਨ ਦੀ ਘੁੰਡ ਚੁਕਾਈ ਵੀ ਕੀਤੀ। ਨਾਇਬ ਸਰਕਾਰ ਜਨਤਾ ਦੀ ਸਰਕਾਰ, ਜਿਸ ਵਿੱਚ ਹਰ ਵਰਗ ਦਾ ਪੂਰਾ ਅਧਿਕਾਰ ਅਤੇ ਸਹਿਭਾਗਤਾ - ਡਾ. ਅਰਵਿੰਦ ਸ਼ਰਮਾ ਵਿਕਾਸ ਰੈਲੀ ਨੂੰ ਸੰਬੋਧਿਤ ਕਰਦੇ ਹੋਏ ਹਰਿਆਣਾਂ ਦੇ ਸਹਿਕਾਰਤਾ ਅਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਮਜਬੂਤ ਅਗਵਾਈ ਹੇਠ ਸੂਬੇ ਵਿੱਚ ਤੀਜੀ ਵਾਰ ਸਰਕਾਰ ਬਨਣ ਦਾ ਕ੍ਰੇਡਿਟ ਖਰਖੌਦਾ, ਗੋਹਾਨਾ ਅਤੇ ਨੇੜੇ ਦੇ ਖੇਤਰਾਂ ਦੀ ਜਨਤਾ ਨੂੰ ਜਾਂਦਾ ਹੈ, ਜਿਨ੍ਹਾਂ ਨੈ ਸਿਰਫ ਵੋਟ ਹੀ ਨਹੀਂ ਦਿੱਤੀ ਸਗੋ ਸਕਾਰਾਤਮਕ ਮਾਹੌਲ ਬਣਾ ਕੇ ਭਾਜਪਾ ਦੀ ਜਿੱਤ ਯਕੀਨੀ ਕੀਤੀ।

ਉਨ੍ਹਾਂ ਨੇ ਨਾਇਬ ਸਰਕਾਰ ਨੂੰ ਜਨਤਾ ਦੀ ਸਰਕਾਰ ਦੱਸਦੇ ਹੋਏ ਕਿਹਾ ਕਿ ਇਹ ਆਪਣੀ ਸਰਕਾਰ ਹੈ, ਜਿਸ ਵਿੱਚ ਹਰ ਵਰਗ ਦਾ ਪੂਰਾ ਅਧਿਕਾਰ ਅਤੇ ਸਹਿਭਾਗਤਾ ਹੈ। ਉਨ੍ਹਾਂ ਨੇ ਗੋਹਾਨਾ ਖੇਤਰ ਦੇ ਲਈ 68 ਕਰੋੜ ਰੁਪਏ ਦੀ ਸੀਵਰੇਜ ਅਤੇ ਪੇਯਜਲ ਪਰਿਯੋਜਨਾਵਾਂ ਦੀ ਮੰਜੂਰੀ 'ਤੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ।

ਇਸ ਮੌਕੇ 'ਤੇ ਭਾਜਪਾ ਸੂਬਾ ਪ੍ਰਧਾਨ ਮੋਹਨਲਾਲ ਕੌਸ਼ਿਕ ਨੇ ਕਿਹਾ ਕਿ ਮੁੱਖ ਮੰਤਰੀ ਜਨ-ਜਨ ਦੇ ਸੁੱਖ ਦੁੱਖ ਵਿੱਚ ਸਹਿਭਾਗੀ ਬਣ ਕੇ ਸੂਬੇ ਦੇ ਵਿਕਾਸ ਦੀ ਨਵੀਂ ਇਮਾਰਤ ਲਿੱਖ ਰਹੇ ਹਨ।

# ਜਵੱਦੀ ਟਕਸਾਲ ਵਿਖੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਧਾਰਮਿਕ ਸਮਾਗਮ



**ਲੁਧਿਆਣਾ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਗੁਰਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵਿਖੇ ਸਾਹਿਬਜ਼ਾਦਿਆਂ ਦੀ ਅਮਰ ਸ਼ਹਾਦਤ ਨੂੰ ਸਮਰਪਿਤ ਹਫਤਾਵਰੀ ਧਾਰਮਿਕ ਸਮਾਗਮ ਭਰਪੂਰ ਸ਼ਰਧਾ ਅਤੇ ਆਸਥਾ ਨਾਲ ਆਯੋਜਿਤ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਗੁਰ ਸ਼ਬਦ ਸੰਗੀਤ ਅਕੈਡਮੀ ਦੇ ਹੋਣਹਾਰ ਵਿਦਿਆਰਥੀਆਂ ਵੱਲੋਂ ਸ਼ਬਦ-ਗਾਇਨ ਰਾਹੀਂ ਕੀਤੀ ਗਈ।

ਉਪਰੰਤ ਸੰਤ ਗਿਆਨੀ ਅਮੀਰ ਸਿੰਘ, ਮੁਖੀ ਜਵੱਦੀ ਟਕਸਾਲ ਨੇ ਸਿਮਰਨ ਕਰਵਾਇਆ ਅਤੇ ਧਰਮ ਅਤੇ ਅਡੋਲਤਾ ਵਿਸ਼ੇ 'ਤੇ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਹਵਾਲਿਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਉਨ੍ਹਾਂ ਨੇ ਕਿਹਾ ਕਿ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ, ਜੋ ਆਮ ਮਨੁੱਖ ਲਈ ਅਸੰਭਵ ਪ੍ਰਤੀਤ ਹੁੰਦੀ ਹੈ, ਉਸ ਦੀਆਂ ਜੜ੍ਹਾਂ ਉਨ੍ਹਾਂ ਦੇ ਬਚਪਨ ਵਿੱਚ ਮਿਲੀ ਸੁਚੱਜੀ ਸਿਖਲਾਈ ਅਤੇ ਅਨੁਕੂਲ ਪਰਿਵਾਰਕ ਵਾਤਾਵਰਨ ਵਿੱਚ ਡੂੰਘੀ ਤਰ੍ਹਾਂ ਰਚੀ ਹੋਈਆਂ ਸਨ। ਸੰਤ ਗਿਆਨੀ ਅਮੀਰ ਸਿੰਘ ਨੇ ਅਜੋਕੇ ਸਮੇਂ ਦੀਆਂ ਚੁਣੌਤੀਆਂ ਵੱਲ ਧਿਆਨ ਦਿਵਾਉਂਦਿਆਂ ਕਿਹਾ ਕਿ ਅੱਜ ਬੱਚਿਆਂ ਦੇ ਪਤਿਤਪੁਣੇ, ਬੁਰੀ ਸੰਗਤ ਅਤੇ ਨਸ਼ਿਆਂ ਵੱਲ ਵਧਦੇ ਰੁਝਾਨ ਨੂੰ ਦੇਖਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਬੱਚੇ ਦੀ ਸ਼ਖਸੀਅਤ ਦੇ ਵਿਕਾਸ 'ਤੇ ਉਸਦੇ ਘਰੇਲੂ ਵਾਤਾਵਰਨ ਦਾ ਗਹਿਰਾ ਪ੍ਰਭਾਵ ਪੈਂਦਾ ਹੈ। ਇਸ ਲਈ ਲੋੜ ਹੈ ਕਿ ਮਾਪੇ ਅਤੇ ਸਮਾਜ ਮਿਲ ਕੇ ਆਪਣੇ ਘਰਾਂ ਵਿੱਚ ਅਨੁਕੂਲ, ਧਾਰਮਿਕ ਅਤੇ ਸਾਂਸਕ੍ਰਿਤਕ ਵਾਤਾਵਰਨ ਸਿਰਜਣ।

ਉਨ੍ਹਾਂ ਨੇ ਕਿਹਾ ਕਿ ਸਮੱਸਿਆਵਾਂ ਦਾ ਹੱਲ ਲੱਭਣ ਲਈ ਘੋਖ ਪੜਤਾਲ ਜਰੂਰੀ ਹੈ।

ਸਾਰਾ ਦੋਸ਼ ਸਿਰਫ਼ ਬੱਚਿਆਂ 'ਤੇ ਮੜ ਦੇਣਾ ਠੀਕ ਨਹੀਂ। ਅੱਜ ਦੀ ਵਿਦਿਆ ਪ੍ਰਣਾਲੀ ਵਿੱਚ ਧਾਰਮਿਕ ਅਤੇ ਮਨੋਵਿਗਿਆਨਕ ਸਿੱਖਿਆ ਦੀ ਘਾਟ ਸਪਸ਼ਟ ਨਜ਼ਰ ਆ ਰਹੀ ਹੈ। ਅਧਿਆਪਕ ਅਤੇ ਮਾਪੇ ਬੱਚਿਆਂ ਦੀ ਮਾਨਸਿਕਤਾ ਨੂੰ ਸਮਝਣ ਵਿੱਚ ਅਸਮਰਥ ਹੁੰਦੇ ਜਾ ਰਹੇ ਹਨ, ਜਿਸ ਕਾਰਨ ਬੱਚਿਆਂ ਦੀ ਸ਼ਖਸੀਅਤ ਦੇ ਸਰਵਾਂਗੀਣ ਵਿਕਾਸ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾ ਰਿਹਾ।

ਸੰਤ ਗਿਆਨੀ ਅਮੀਰ ਸਿੰਘ ਨੇ ਜ਼ੋਰ ਦਿੰਦਿਆਂ ਕਿਹਾ ਕਿ ਬੱਚੇ ਦਾ ਮਨ ਕੋਰੇ ਕਾਗਜ਼ ਵਾਂਗ ਹੁੰਦਾ ਹੈ। ਬਚਪਨ ਵਿੱਚ ਦਿੱਤੀ ਸਿਖਲਾਈ ਅਤੇ ਪਾਇਆ ਗਿਆ ਪ੍ਰਭਾਵ ਸਾਰੀ ਉਮਰ ਉਸਦੇ ਜੀਵਨ ਦਾ ਹਿੱਸਾ ਬਣ ਜਾਂਦਾ ਹੈ। ਪਰਮਾਤਮਾ ਵੱਲੋਂ ਬੱਚਿਆਂ ਵਿੱਚ ਬਖ਼ਸ਼ੀਆਂ ਅਨੇਕਾਂ ਸੁੱਤੀਆਂ ਸ਼ਕਤੀਆਂ ਅਤੇ ਪ੍ਰਵਿਰਤੀਆਂ ਨੂੰ ਢੁਕਵੇਂ ਵਾਤਾਵਰਨ ਅਤੇ ਸਹੀ ਦਿਸ਼ਾ ਨਾਲ ਜਾਗ੍ਰਿਤ ਕੀਤਾ ਜਾ ਸਕਦਾ ਹੈ। ਇਸੇ ਕਰਕੇ ਬੱਚਿਆਂ ਦੀ ਮੁਢਲੀ ਸਿੱਖਿਆ ਬੜੀ ਸਾਵਧਾਨੀ ਅਤੇ ਸੂਝ-ਬੂਝ ਨਾਲ ਦੇਣੀ ਬਹੁਤ ਜ਼ਰੂਰੀ ਹੈ। ਇਸ ਮੌਕੇ ਪੰਥ ਪ੍ਰਸਿੱਧ ਢਾਡੀ ਗਿਆਨੀ ਤਰਲੋਚਨ ਸਿੰਘ ਭੁਮੱਦੀ ਵੱਲੋਂ ਢਾਡੀ ਵਾਰਾਂ ਦੀ ਪ੍ਰਸਤੁਤੀ ਕੀਤੀ ਗਈ, ਜਿਸ ਰਾਹੀਂ ਉਨ੍ਹਾਂ ਨੇ ਸੰਗਤ ਨੂੰ ਸਾਹਿਬਜ਼ਾਦਿਆਂ ਦੇ ਬਲਿਦਾਨ ਅਤੇ ਸਿੱਖ ਇਤਿਹਾਸ ਨਾਲ ਭਾਵੁਕ ਤਰੀਕੇ ਨਾਲ ਜੋੜਿਆ।

# ਮੈਡੀਕਲ ਪ੍ਰੈਕਟੀਸ਼ਨਰ ਐਸ. ਨੇ ਸੰਗਤਾਂ ਲਈ ਦਿੱਤੀ ਫਰੀ ਮੈਡੀਕਲ ਸਹਾਇਤਾ



**ਸੁਨਾਮ ਊਧਮ ਸਿੰਘ ਵਾਲਾ, 25 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ਼ਹਿਰ ਦੇ ਬਠਿੰਡਾ ਰੋਡ ਤੇ ਭਗਵਾਨਪੁਰਾ ਢਾਣੀ ਵੱਲੋਂ ਸਾਹਿਬਜ਼ਾਦਿਆਂ ਦੀ ਲਸਾਨੀ ਸ਼ਹਾਦਤ ਨੂੰ ਸਮਰਪਿਤ ਬਠਿੰਡਾ ਰੋਡ ਤੇ ਭਗਵਾਨਪੁਰਾ ਕੈਂਚੀਆਂ ਵਿੱਚ ਲੰਗਰ ਲਗਾਇਆ ਗਿਆ ਹੈ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਫਤਿਹਗੜ੍ਹ ਸਾਹਿਬ ਨਤਮਸਤਕ ਹੋਣ ਜਾ ਰਹੀਆਂ ਸੰਗਤਾਂ ਲਈ ਲੰਗਰ ਲਗਾਇਆ ਗਿਆ ਹੈ।

ਇਸ ਲੰਗਰ ਦੇ ਨਾਲ ਹੀ ਮੈਡੀਕਲ ਪ੍ਰੈਕਟੀਸਨਰ ਐਸੋਸੀਏਸ਼ਨ ਵੱਲੋਂ ਫਰੀ ਮੈਡੀਕਲ ਸਹਾਇਤਾ ਦਿੱਤੀ ਜਾ ਰਹੀ ਹੈ। ਇਸ ਮੌਕੇ ਡਾ. ਗੁਰਮੇਲ ਸਿੰਘ ਨੇ ਕਿਹਾ ਕਿ ਉਹਨਾਂ ਵੱਲੋਂ ਸੰਗਤਾਂ ਲਈ ਤਿੰਨ ਦਿਨ ਫਰੀ ਮੈਡੀਕਲ ਸਹਾਇਤਾ ਦਿੱਤੀ ਜਾ ਰਹੀ ਹੈ ਤਾਂ ਜੋ ਸੰਗਤਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਜੇਕਰ ਕਿਸੇ ਨੂੰ ਜ਼ਰੂਰਤ ਪੈਂਦੀ ਹੈ ਤਾਂ ਉਹ ਇਥੋਂ ਫਰੀ ਮੈਡੀਕਲ ਸਹਾਇਤਾ ਲੈ ਸਕਦੇ ਹਨ। ਇਸ ਮੌਕੇ ਡਾ. ਗੁਰਮੇਲ ਸਿੰਘ ਨੇ ਦੱਸਿਆ ਕਿ ਉਹਨਾਂ ਨਾਲ ਡਾ. ਰਮੇਸ਼ ਚੰਦ ਸੇਰੋ, ਡਾ. ਮਨੂ ਸ਼ਰਮਾ, ਡਾ. ਗੁਰਪ੍ਰੀਤ ਸਿੰਘ ਸ਼ੇਰੋਂ, ਡਾ. ਗੁਰਲਾਲ ਸਿੰਘ ਮੰਡੇਰ ਕਲਾਂ, ਡਾ. ਹਰਦੀਪ ਸਿੰਘ ਅਤੇ ਡਾ. ਸੁਰਜੀਤ ਸਿੰਘ ਡਾਕਟਰੀ ਦੀ ਸੇਵਾ ਨਿਭਾਅ ਰਹੇ ਹਨ। ਇਸ ਮੌਕੇ ਹਰਨੇਕ ਸਿੰਘ, ਭੁਪਿੰਦਰ ਸਿੰਘ, ਹਜੂਰ ਸਿੰਘ, ਕੁਲਵੀਰ ਸਿੰਘ, ਵਰਿਆਮ ਸਿੰਘ, ਬਲਕਾਰ ਸਿੰਘ, ਜਸਵਿੰਦਰ ਸਿੰਘ, ਹੈਰੀ ਸਿੰਘ ਅਤੇ ਕੁਲਦੀਪ ਸਿੰਘ ਅਤੇ ਹੋਰ ਸੇਵਾਦਾਰ ਹਾਜ਼ਰ ਸਨ।

# ਪੰਜਾਬ ਨੇ ਸਾਲ 2025 ਦੌਰਾਨ ਮੁੱਢਲੀਆਂ ਦੇਖਭਾਲ ਸੇਵਾਵਾਂ ਤੋਂ ਲੈ ਕੇ ਜਿਗਰ ਟ੍ਰਾਂਸਪਲਾਂਟ ਤੱਕ ਸਿਹਤ ਸੰਭਾਲ ਵਿੱਚ ਨਵੀਆਂ ਉਚਾਈਆਂ ਛੂਹੀਆਂ

- ਹਰੇਕ ਪਰਿਵਾਰ ਲਈ ਪ੍ਰਤੀ ਸਾਲ 10 ਲੱਖ ਰੁਪਏ ਦਾ ਸਿਹਤ ਬੀਮਾ
- ਸਰਕਾਰੀ ਸਿਹਤ ਸਹੂਲਤ ਵਿਖੇ ਪਹਿਲੀ ਸ.ਫਲ ਜਿਗਰ ਟ੍ਰਾਂਸਪਲਾਂਟ ਸਰਜਰੀ ਨਾਲ ਵੱਡਾ ਮੀਲਪੱਥਰ ਹਾਸਲ ਕੀਤਾ
- 881 ਆਮ ਆਦਮੀ ਕਲੀਨਿਕਾਂ ਵਿੱਚ 4.59 ਕਰੋੜ ਤੋਂ ਵੱਧ ਲੋਕਾਂ ਨੇ ਇਲਾਜ ਲਿਆ: ਡਾ. ਬਲਬੀਰ ਸਿੰਘ

**ਚੰਡੀਗੜ੍ਹ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਾਲ 2025 ਦੌਰਾਨ ਹਰੇਕ ਨਾਗਰਿਕ ਲਈ ਪਹੁੰਚਯੋਗ, ਕਿਫ਼ਾਇਤੀ ਅਤੇ ਉੱਨਤ ਸਿਹਤ ਸੰਭਾਲ ਸੇਵਾਵਾਂ ਯਕੀਨੀ ਬਣਾਉਣ ਲਈ ਕਈ ਮਹੱਤਵਪੂਰਨ ਕਦਮ ਚੁੱਕੇ ਹਨ। ਇਸ ਮਿਆਦ ਦੌਰਾਨ ਮੁੱਢਲੀਆਂ ਸਿਹਤ ਸੰਭਾਲ ਸੇਵਾਵਾਂ ਤੋਂ ਲੈ ਕੇ ਜਿਗਰ ਟ੍ਰਾਂਸਪਲਾਂਟ ਤੱਕ ਬੁਨਿਆਦੀ ਢਾਂਚੇ, ਸਿਹਤ ਸੰਭਾਲ ਸੇਵਾਵਾਂ ਅਧੀਨ ਵੱਧ ਤੋਂ ਵੱਧ ਲੋਕਾਂ ਨੂੰ ਕਵਰ ਕਰਨ ਅਤੇ ਮਨੁੱਖੀ ਸਰੋਤ ਢਾਂਚੇ ਦੀ ਮਜ਼ਬੂਤੀ ਵਿੱਚ ਬੇਮਿਸਾਲ ਵਾਧਾ ਦੇਖਿਆ ਗਿਆ ਹੈ।

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਆਮ ਆਦਮੀ ਕਲੀਨਿਕਾਂ ਨੇ ਪ੍ਰਾਇਮਰੀ ਸਿਹਤ ਸੰਭਾਲ ਵਿੱਚ ਵੱਡੀ ਕ੍ਰਾਂਤੀ ਲਿਆਂਦੀ ਹੈ ਅਤੇ ਇਨ੍ਹਾਂ ਕਲੀਨਿਕਾਂ ਦੇ ਸਥਾਪਤ ਹੋਣ ਤੋਂ ਲੈ ਕੇ ਹੁਣ ਤੱਕ 881 ਕਲੀਨਿਕਾਂ ਵਿੱਚ 4.59 ਕਰੋੜ ਤੋਂ ਵੱਧ ਮਰੀਜ਼ਾਂ ਨੇ ਇਲਾਜ ਸੇਵਾਵਾਂ ਲਈਆਂ ਹਨ, ਜਿਸ ਵਿੱਚ 1.59 ਕਰੋੜ ਯੂਨੀਕ ਪੇਸ਼ੈਂਟ ਸ਼ਾਮਲ ਹਨ। ਇਨ੍ਹਾਂ ਕਲੀਨਿਕਾਂ ਵਿੱਚ ਕੁੱਲ 107 ਦਵਾਈਆਂ ਅਤੇ 47 ਡਾਇਗਨੌਸਟਿਕ ਟੈਸਟ ਮੁਫਤ ਪ੍ਰਦਾਨ ਕੀਤੇ ਜਾ ਰਹੇ ਹਨ, ਜਿਸ ਨਾਲ ਪੰਜਾਬੀਆਂ 'ਤੇ ਖ਼ਰਚੇ ਦਾ ਬੋਝ ਕਾਫ਼ੀ ਘਟਿਆ ਹੈ। ਉਨ੍ਹਾਂ ਕਿਹ ਕਿ ਇਸਦੇ ਨਾਲ ਹੀ 235 ਹੋਰ ਆਮ ਆਦਮੀ ਕਲੀਨਿਕ ਪ੍ਰਗਤੀ ਅਧੀਨ ਹਨ, ਸਿਹਤ ਸੰਭਾਲ ਸੇਵਾਵਾਂ ਦੇ ਅੱਗੇ ਹੋਰ ਵਿਸਥਾਰ ਨੂੰ ਯਕੀਨੀ ਬਣਾਉਣਗੇ।

ਇੱਕ ਇਤਿਹਾਸਕ ਫੈਸਲੇ ਤਹਿਤ ਸੂਬਾ ਸਰਕਾਰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਆਉਣ ਵਾਲੇ ਮਹੀਨੇ ਵਿੱਚ ਕਵਰੇਜ ਰਾਸ਼ੀ ਨੂੰ ਪ੍ਰਤੀ ਪਰਿਵਾਰ ਪ੍ਰਤੀ ਸਾਲ 5 ਲੱਖ ਰੁਪਏ ਤੋਂ ਵਧਾ ਕੇ 10 ਲੱਖ ਰੁਪਏ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ, ਜੋ ਕਿ ਪੰਜਾਬ ਅਤੇ ਚੰਡੀਗੜ੍ਹ ਭਰ ਦੇ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਨਕਦ ਰਹਿਤ ਇਲਾਜ ਪ੍ਰਦਾਨ ਕਰੇਗਾ। ਸਿਹਤ ਮੰਤਰੀ ਨੇ ਕਿਹਾ ਕਿ ਇਹ ਵਿਆਪਕ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਅਤੇ ਲੋਕਾਂ ਨੂੰ 10 ਲੱਖ ਤੱਕ ਦਾ ਨਕਦੀ ਰਹਿਤ ਇਲਾਜ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਸ ਨਾਲ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਜਾਵੇਗਾ ਜਿੱਥੇ ਹਰ ਪਰਿਵਾਰ ਪ੍ਰਤੀ ਸਾਲ 10 ਲੱਖ ਤੱਕ ਦਾ ਨਕਦੀ ਰਹਿਤ ਇਲਾਜ ਲੈ ਸਕੇਗਾ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਜ਼ਰੂਰੀ ਦਵਾਈਆਂ ਦੀ ਸੂਚੀ 276 ਤੋਂ ਵਧਾ ਕੇ 360 ਦਵਾਈਆਂ ਤੱਕ ਕਰਨ ਨਾਲ ਮੁਫ਼ਤ ਦਵਾਈਆਂ ਪ੍ਰਦਾਨ ਕਰਨ ਦੀ ਪਹਿਲਕਦਮੀ ਨੂੰ ਹੋਰ ਮਜ਼ਬੂਤੀ ਮਿਲੀ ਹੈ। ਉਨ੍ਹਾਂ ਕਿਹਾ ਕਿ ਅਪ੍ਰੈਲ 2025 ਤੋਂ ਹੁਣ ਤੱਕ 104 ਕਰੋੜ ਰੁਪਏ ਤੋਂ ਵੱਧ ਦੀਆਂ ਦਵਾਈਆਂ ਅਤੇ ਸਪਲਾਈਜ਼ ਦੀ



ਖਰੀਦ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸੀਐਮਓ/ਐਸਐਮਓ ਨੂੰ ਸਥਾਨਕ ਪੱਧਰ 'ਤੇ ਈਡੀਐਲ-ਨਾਨ ਈਡੀਐਲ ਦਵਾਈਆਂ ਦੀ ਖਰੀਦ ਲਈ ਅਧਿਕਾਰਤ ਕੀਤਾ ਗਿਆ ਹੈ ਅਤੇ ਸਿਹਤ ਸਹੂਲਤਾਂ ਵਿੱਚ ਦਵਾਈਆਂ ਦੀ ਨਿਰਵਿਘਨ ਉਪਲਬਧਤਾ ਨੂੰ ਯਕੀਨੀ ਬਣਾਉਂਦਿਆਂ ਇਸ ਉਦੇਸ਼ ਲਈ ਮਿਤੀ 01-04-2025 ਤੋਂ 16 ਕਰੋੜ ਰੁਪਏ ਦੇ ਫੰਡਾਂ ਦੀ ਵਰਤੋਂ ਕੀਤੀ ਗਈ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਇਸੇ ਤਰ੍ਹਾਂ ਡਾਇਗਨੌਸਟਿਕ ਪਹਿਲਕਦਮੀ ਤਹਿਤ ਸਾਰੀਆਂ ਸੈਕੰਡਰੀ ਸਿਹਤ ਸੰਭਾਲ ਸਹੂਲਤਾਂ ਜਾਂ ਸੂਚੀਬੱਧ ਡਾਇਗਨੌਸਟਿਕ ਸੈਂਟਰਾਂ ਵਿਖੇ ਐਕਸ-ਰੇ ਅਤੇ ਅਲਟਰਾਸਾਊਂਡ ਸਹੂਲਤਾਂ ਸਰਕਾਰ ਵੱਲੋਂ ਨਿਰਧਾਰਤ ਕਿਫ਼ਾਇਤੀ ਦਰਾਂ 'ਤੇ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਮਨੁੱਖੀ ਸਰੋਤ ਦੇ ਪਾੜੇ ਨੂੰ ਪੂਰਨ ਲਈ ਪਿਛਲੇ ਤਿੰਨ ਸਾਲਾਂ ਵਿੱਚ 3,620 ਸਿਹਤ ਪੇਸ਼ੇਵਰਾਂ ਦੀ ਭਰਤੀ ਕੀਤੀ ਗਈ ਹੈ, ਜਿਨ੍ਹਾਂ ਵਿੱਚ ਸਪੈਸ਼ਲਿਟ, ਮੈਡੀਕਲ ਅਫ਼ਸਰ, ਨਰਸਾਂ ਅਤੇ ਫਰੰਟਲਾਈਨ ਵਰਕਰ ਸ਼ਾਮਲ ਹਨ। ਉਨ੍ਹਾਂ ਅੱਗੇ ਕਿਹਾ ਕਿ 65 ਸਾਲ ਤੱਕ ਦੇ ਸਪੈਸ਼ਲਿਸਟਾਂ ਦੀ ਮੁੜ ਨਿਯੁਕਤੀ ਅਤੇ ਇੰਪੈਨਲਮੈਂਟ ਦੇ ਆਧਾਰ 'ਤੇ ਸੇਵਾਵਾਂ ਲੈਣ ਵਰਗੀਆਂ ਵਿਸ਼ੇਸ਼ ਪਹਿਲਕਦਮੀਆਂ ਨਾਲ ਸਪੈਸ਼ਲਿਸਟ ਡਾਕਟਰਾਂ ਦੀਆਂ ਸੇਵਾਵਾਂ ਯਕੀਨੀ ਬਣਾਈਆਂ ਜਾ ਰਹੀਆਂ ਹਨ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਡਾਕਟਰੀ ਸਿੱਖਿਆ ਅਤੇ ਖੋਜ ਦੇ ਖੇਤਰ ਵਿੱਚ ਪੰਜਾਬ ਨੇ ਮੋਹਾਲੀ ਦੇ ਪੰਜਾਬ ਇੰਸਟੀਚਿਊਟ ਆਫ਼ ਲਿਵਰ ਐਂਡ ਬਿਲੀਅਰੀ ਸਾਇੰਸਜ਼ (ਪੀਆਈਐਲਬੀਐਸ) ਵਿਖੇ ਪਹਿਲੀ ਸਫ਼ਲ ਜਿਗਰ ਟ੍ਰਾਂਸਪਲਾਂਟ ਸਰਜਰੀ ਕਰਕੇ ਇੱਕ ਇਤਿਹਾਸਕ ਮੀਲ ਪੱਥਰ ਹਾਸਲ ਕੀਤਾ ਹੈ।

ਇਸ ਤੋਂ ਇਲਾਵਾ, ਅੰਮ੍ਰਿਤਸਰ, ਪਟਿਆਲਾ, ਮੋਹਾਲੀ, ਫਰੀਦਕੋਟ ਅਤੇ ਨਿਊ ਚੰਡੀਗੜ੍ਹ ਦੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਪੀਜੀ ਅਤੇ ਐਮਬੀਬੀਐਸ ਦੀਆਂ ਸੀਟਾਂ ਵਧਾਈਆਂ ਗਈਆਂ ਹਨ, ਜਿਸ ਨਾਲ ਟਰਸ਼ਰੀ ਕੇਅਰ ਟ੍ਰੇਨਿੰਗ ਸਮਰੱਥਾ ਵਧੀ ਹੈ।

ਸੀਐਮ ਦੀ ਯੋਗਸ਼ਾਲਾ ਪਹਿਲਕਦਮੀ ਤਹਿਤ 6 ਲੱਖ ਤੋਂ ਵੱਧ ਲੋਕਾਂ ਨੇ ਲਾਭ ਉਠਾਇਆ ਹੈ, ਜਿਸ ਵਿੱਚ 23 ਜ਼ਿਲ੍ਹਿਆਂ ਵਿੱਚ 1.64 ਲੱਖ ਤੋਂ ਵੱਧ ਲੋਕ ਰੋਜ਼ਾਨਾ 5,347 ਕਲਾਸਾਂ 'ਚ ਸ਼ਾਮਲ ਹੋ ਰਹੇ ਹਨ। ਗੁਰੂ ਰਵਿਦਾਸ ਆਯੁਰਵੇਦ ਯੂਨੀਵਰਸਿਟੀ ਨੇ 3,300 ਯੋਗਾ ਇੰਸਟ੍ਰਕਟਰਾਂ ਨੂੰ ਸਿਖਲਾਈ ਦੇਣ ਲਈ ਮੈਡੀਟੇਸ਼ਨ ਅਤੇ ਯੋਗਾ ਸਾਇੰਸਜ਼ ਵਿੱਚ ਇੱਕ ਸਾਲ ਦਾ ਡਿਪਲੋਮਾ ਵੀ ਸ਼ੁਰੂ ਕੀਤਾ ਹੈ।

ਸਿਹਤ ਮੰਤਰੀ ਨੇ ਦੱਸਿਆ ਕਿ ਸਾਲ 2025 ਵਿੱਚ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਮੁਹਿੰਮ ਬੇਹੱਦ ਪ੍ਰਭਾਵਸ਼ਾਲੀ ਸਾਬਤ ਹੋਈ, ਜਿਸ ਵਿੱਚ 2023 ਦੇ ਮੁਕਾਬਲੇ ਡੇਂਗੂ ਦੇ ਮਾਮਲਿਆਂ ਵਿੱਚ 70 ਫੀਸਦ ਕਮੀ ਆਈ ਅਤੇ ਮੌਤਾਂ ਦੀ ਗਿਣਤੀ 90 ਫੀਸਦ ਤੱਕ ਘਟੀ।

ਪੰਜਾਬ ਐਸ.ਟੀ.ਈ.ਐਮ.ਆਈ. (ਸਟੈਮੀ) ਅਤੇ ਸਟ੍ਰੋਕ ਪ੍ਰੋਜੈਕਟਾਂ ਤਹਿਤ ਗੈਰ-ਸੰਚਾਰੀ ਬਿਮਾਰੀਆਂ 'ਤੇ ਕਾਬੂ ਪਾਉਣ ਵਿੱਚ ਮਹੱਤਵਪੂਰਨ ਸਫ਼ਲਤਾ ਮਿਲੀ ਹੈ ਅਤੇ ਇਨ੍ਹਾਂ ਪ੍ਰੋਜੈਕਟਾਂ ਦਾ ਵਿਸਥਾਰ ਹੁਣ ਸਾਰੇ 23 ਜ਼ਿਲ੍ਹਿਆਂ ਵਿੱਚ ਕਰ ਦਿੱਤਾ ਗਿਆ ਹੈ।

ਸਟੈਮੀ ਪ੍ਰੋਜੈਕਟ ਦਾ ਉਦੇਸ਼ ਥ੍ਰੋਮੋਬੋਲਿਸਿਸ 'ਤੇ ਧਿਆਨ ਕੇਂਦਰਿਤ ਕਰਦਿਆਂ ਸਟੈਮੀ (ਦਿਲ ਦੇ ਦੌਰੇ) ਵਾਲੇ ਮਰੀਜ਼ਾਂ ਨੂੰ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਇਲਾਜ ਪ੍ਰਦਾਨ ਕਰਨਾ ਹੈ। ਟੈਨੈਕਟੇਪਲਾਸ ਇੰਜੈਕਸ਼ਨ, ਜੋ ਦਿਲ ਵਿੱਚ ਖੂਨ ਦੇ ਥੱਕਿਆਂ ਦੇ ਘੁਲਣ ਵਿੱਚ ਮਦਦ ਕਰਦਾ ਹੈ - ਜਿਸਦੀ ਕੀਮਤ 25000 ਤੋਂ 35000 ਰੁਪਏ ਦੇ ਵਿਚਕਾਰ ਹੈ, ਇਸ ਪ੍ਰੋਜੈਕਟ ਤਹਿਤ ਮੁਫ਼ਤ ਦਿੱਤਾ ਜਾ ਰਿਹਾ ਹੈ। ਇਸੇ ਤਰ੍ਹਾਂ ਪੰਜਾਬ ਸਟ੍ਰੋਕ ਪ੍ਰੋਜੈਕਟ ਦਾ ਉਦੇਸ਼ ਇਸਕੇਮਿਕ ਸਟ੍ਰੋਕ ਤੋਂ ਪੀੜਤ ਸਟ੍ਰੋਕ ਮਰੀਜ਼ਾਂ ਨੂੰ ਮੁਫ਼ਤ ਮਕੈਨੀਕਲ ਥ੍ਰੋਮਬੈਕਟੋਮੀ ਪ੍ਰਦਾਨ ਕਰਨਾ ਹੈ।

ਪੰਜਾਬ ਸਰਕਾਰ ਨੇ ਪੰਜ ਜ਼ਿਲ੍ਹਿਆਂ ਵਿੱਚ ਏਆਈ-ਅਧਾਰਤ ਕੈਂਸਰ ਸਕ੍ਰੀਨਿੰਗ ਪ੍ਰੋਜੈਕਟ ਵੀ ਸ਼ੁਰੂ ਕੀਤਾ ਹੈ ਅਤੇ ਜ਼ਿਲ੍ਹਾ ਡੇਅ ਕੇਅਰ ਕੈਂਸਰ ਸੈਂਟਰ ਬਠਿੰਡਾ ਅਤੇ ਜਲੰਧਰ ਵਿੱਚ ਕਾਰਜਸ਼ੀਲ ਹੋ ਗਏ ਹਨ।

ਨੈਸ਼ਨਲ ਵਾਇਰਲ ਹੈਪੇਟਾਈਟਸ ਕੰਟਰੋਲ ਪ੍ਰੋਗਰਾਮ ਤਹਿਤ 5.09 ਲੱਖ ਤੋਂ ਵੱਧ ਲੋਕਾਂ ਦੀ ਹੈਪੇਟਾਈਟਸ ਸੀ ਅਤੇ 3.69 ਲੱਖ ਲੋਕਾਂ ਦੀ ਹੈਪੇਟਾਈਟਸ ਬੀ ਲਈ ਜਾਂਚ ਕੀਤੀ ਗਈ, ਜਿਸ ਉਪਰੰਤ ਹਜ਼ਾਰਾਂ ਲੋਕਾਂ ਨੂੰ ਮੁਫ਼ਤ ਇਲਾਜ ਦਿੱਤਾ ਜਾ ਰਿਹਾ ਹੈ। ਇਸਦੇ ਨਾਲ ਹੀ ਇਸ ਮਿਆਦ ਦੌਰਾਨ 2,400 ਸਿਹਤ ਅਤੇ ਤੰਦਰੁਸਤੀ ਕੇਂਦਰਾਂ ਅਤੇ ਸਾਰੇ ਆਮ ਆਦਮੀ ਕਲੀਨਿਕਾਂ ਵਿਖੇ ਹੈਪੇਟਾਈਟਸ ਟੈਸਟਿੰਗ ਕਿੱਟਾਂ ਉਪਲਬਧ ਕਰਵਾਈਆਂ ਗਈਆਂ।

ਬੁਨਿਆਦੀ ਢਾਂਚਾ ਅਪਗ੍ਰੇਡਾਂ ਵਿੱਚ ਰਾਜਿੰਦਰਾ ਹਸਪਤਾਲ, ਪਟਿਆਲਾ ਵਿਖੇ ਐਮਰਜੈਂਸੀ ਵਿੰਗ ਦਾ ਨਵੀਨੀਕਰਨ, ਅੰਮ੍ਰਿਤਸਰ ਅਤੇ ਪਟਿਆਲਾ ਵਿੱਚ ਨਵੇਂ ਟਰਾਮਾ ਸੈਂਟਰ ਅਤੇ ਫਰੀਦਕੋਟ ਵਿੱਚ ਸੁਪਰ-ਸਪੈਸ਼ਲਿਟੀ ਬਲਾਕ, ਚਾਈਲਡ ਬਲਾਕ ਅਤੇ ਕੈਫੇਟੇਰੀਆ ਦਾ ਵਿਕਾਸ ਸ਼ਾਮਲ ਹੈ। ਸੂਬੇ ਭਰ ਦੇ ਮੈਡੀਕਲ ਕਾਲਜਾਂ ਵਿੱਚ ਨਿਊ ਬਰਨ ਯੂਨਿਟ, ਹੋਸਟਲ ਅਤੇ ਸਟਾਫ਼ ਹਾਊਸਿੰਗ ਪ੍ਰੋਜੈਕਟ ਵੀ ਚੱਲ ਰਹੇ ਹਨ।

ਡਾ. ਬਲਬੀਰ ਸਿੰਘ ਨੇ ਪੁਸ਼ਟੀ ਕੀਤੀ ਕਿ ਸਾਡੀ ਸਰਕਾਰ ਇੱਕ ਮਜ਼ਬੂਤ, ਪਹੁੰਚਯੋਗ ਅਤੇ ਉੱਨਤ ਸਿਹਤ ਢਾਂਚਾ ਸਿਰਜਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਪੁਰਾਣੇ ਖੇਤਰ ਨੂੰ ਸੈਕਟਰਾਂ ਵਿਚ ਵੰਡ ਕੇ ਰਿਹਾਇਸ਼ੀ, ਵਾਪਰਿਕ ਅਦਾਰਿਆਂ ਨੂੰ ਨੰਬਰ ਲੱਗਣੇ ਚਾਹੀਦੇ: ਜੈ ਭਗਵਾਨ ਸਿੰਗਲਾ



**ਖਰੜ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਖਰੜ ਸ਼ਹਿਰ ਦਾ ਜੋ ਪੁਰਾਣਾ ਖੇਤਰ ਹੈ, ਉਸ ਖੇਤਰ ਵਿਚ ਕਲੋਨੀਆਂ ਵੱਸਣ ਕਾਰਨ ਹੁਣ ਵੱਡੇ ਪੱਧਰ ਤੇ ਵਿਸਥਾਰ ਹੋ ਚੁੱਕਿਆ ਹੈ, ਉਸ ਖੇਤਰ ਦੇ ਰਹਾਇਸ਼ੀ ਮਕਾਨਾਂ, ਵਾਪਰਿਕ ਇਮਾਰਤਾਂ ਨੂੰ ਸੈਕਟਰਾਂ ਵਿਚ ਵੰਡ ਕੇ ਮਕਾਨਾਂ, ਵਾਪਰਿਕ ਇਮਾਰਤਾਂ ਨੂੰ ਪੱਕੇ ਤੌਰ ਤੇ ਨੰਬਰ ਲੱਗਣੇ ਚਾਹੀਦੇ ਹਨ। ਇਹ ਮੰਗ ਨਗਰ ਕੌਂਸਲ ਖਰੜ ਦੇ ਸਾਬਕਾ ਮੀਤ ਪ੍ਰਧਾਨ ਜੈ ਭਗਵਾਨ ਸਿੰਗਲਾ ਨੇ ਕਰਦਿਆ ਕਿਹਾ ਕਿ ਹਰ ਪੰਜ ਸਾਲ ਬਾਅਦ ਜਦੋਂ ਸ਼ਹਿਰ ਦੀ ਵਾਰਡਬੰਦੀ ਹੁੰਦੀ ਹੈ ਤਾਂ ਨਵੀਆਂ ਵਾਰਡਾਂ ਅਨੁਸਾਰ ਰਿਹਾਇਸ਼ੀ ਮਕਾਨਾਂ,ਵਾਪਰਕਿ ਇਮਾਰਤਾਂ ਨੂੰ ਨੰਬਰ ਅਲਾਟ ਕਰ ਦਿੱਤੇ ਜਾਂਦੇ ਹਨ,ਜਦਕਿ ਇਸ ਤੋਂ ਪਹਿਲਾਂ ਵਸਨੀਕਾਂ ਅਤੇ ਪ੍ਰਾਪਰਟੀ ਮਾਲਕਾਂ ਦੇ ਸ਼ਨਾਖਤੀ ਕਾਰਡ, ਅਧਾਰ ਕਾਰਡ, ਡਰਾਈਵਿੰਗ ਲਾਇਸੰਸ, ਪਾਸਪੋਰਟ ਸਮੇਤ ਹੋਰ ਕਾਗਜਾਤਾਂ ਵਿਚ ਪੁਰਾਣੇ ਨੰਬਰ ਚੱਲਦੇ ਹੁੰਦੇ ਹਨ, ਉਹ ਆਪਣੇ ਕੰਮਾਂ ਲਈ ਮਕਾਨ ਤੇ ਵਾਪਰਿਕ ਅਦਾਰੇ ਦਾ ਨਵਾਂ ਨੰਬਰ ਅਤੇ ਨਵੀਂ ਵਾਰਡ ਲਿਖਵਾਉਦੇ ਹਨ ਜਦੋ ਕਿ ਉਨ੍ਹਾ ਦੇ ਕਾਗਜਾਤ ਵਿਚ ਪੁਰਾਣੀ ਵਾਰਡ, ਪੁਰਾਣੇ ਨੰਬਰ ਹੁੰਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਜਿੱਕੇ ਸਰਕਾਰੀ ਦਫਤਰਾਂ ਵਿਚ ਆਪਣੇ ਕੰਮਾਂ ਅਤੇ ਪੁਲਿਸ ਵੈਰੀਫਿਕੇਸ਼ਨ ਸਮੇਤ ਕੰਮਾਂ ਲਈ ਵੱਡੀਆਂ ਦਿੱਕਤਾਂ ਆਉਦੀਆਂ ਹਨ। ਪਰ ਫਿਰ ਵੀ ਉਨ੍ਹਾਂ ਦੇ ਕੰਮ ਅੱਧ ਵਿਚਕਾਰ ਹੀ ਲਟਕ ਜਾਂਦੇ ਹਨ ਕਿਉਕਿ ਬਹੁਤ ਵਿਭਾਗਾਂ ਵਲੋਂ ਕਾਗਜਾਤਾਂ ਵਿਚ ਮਿਲਾਣ ਸਹੀ ਨਾ ਨਾ ਹੋਣ ਕਰਕੇ ਤਰ੍ਹਾਂ ਤਰ੍ਹਾਂ ਦੇ ਇਤਰਾਜ਼ ਲਗਾ ਦਿੱਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜਦੋ ਉਹ ਨਗਰ ਕੋਸਲ ਖਰੜ ਵਿਖੇ ਜੂਨੀਅਰ ਮੀਤ ਪ੍ਰਧਾਨ ਸਨ ਅਤੇ ਉਸ ਸਮੇਂ ਖਰੜ ਸ਼ਹਿਰ ਦੇ ਵਾਰਡਾਂ ਦੀ ਗਿਣਤੀ ਬਹੁਤ ਘੱਟ ਸੀ ਉਸ ਸਮੇਂ ਉਨ੍ਹਾਂ ਉਨ੍ਹਾਂ ਵਲੋਂ ਨਗਰ ਕੌਂਸਲ ਖਰੜ ਵਿਚ ਮਤਾ ਪਾਸ ਕਰਵਾਇਆ ਸੀ ਕਿ ਪੁਰਾਣੇ ਸ਼ਹਿਰ ਨੂੰ ਸੈਕਟਰਾਂ ਵਿਚ ਵੰਡ ਕੇ ਰਿਹਾਇਸ਼ੀ ਮਕਾਨਾਂ, ਵਾਪਰਿਕ ਅਦਾਰਿਆਂ ਨੂੰ ਇੱਕ ਲੜੀ ਅਨੁਸਾਰ ਨੰਬਰ ਲਗਾਏ ਜਾਣ ਹਨ, ਉਸ ਸਮੇਂ ਥੋਹੜਾ ਬਹੁਤ ਕੰਮ ਵੀ ਹੋਇਆ ਪਰ ਉਸ ਤੋਂ ਬਾਅਦ ਇਹ ਸਭ ਕੁਝ ਠੰਢੇ ਬਸਤੇ ਵਿਚ ਸਰਕਾਰਾਂ ਨੇ ਪਾ ਦਿੱਤਾ।

ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਗਮਾਡਾ, ਪੂੱਡਾ ਜਾਂ ਹੋਰ ਅਥਾਰਟੀਆਂ ਵਲੋਂ ਕਲੋਨੀਆਂ ਨੂੰ ਪਾਸ ਕਰਨ ਸਮੇਂ ਪਲਾਟ ਨੰਬਰ ਲਗਾਏ ਜਾਂਦੇ ਹਨ ਅਤੇ ਉਹ ਹੀ ਮਕਾਨ, ਫਲੈਟ ਦਾ ਨੰਬਰ ਉਸਾਰੀ ਉਪਰੰਤ ਲਗਾਇਆ ਜਾਂਦਾ ਹੈ, ਪਰ ਪੁਰਾਣੇ ਸ਼ਹਿਰ ਦਾ ਤਾਂ ਰੱਬ ਹੀ ਆਸਰਾ ਹੈ ਕਿ ਇਸ ਜਰੂਰੀ ਕੰਮ ਵੱਲ ਕਦੇ ਕੋਈ ਧਿਆਨ ਨਹੀ ਦੇ ਰਿਹਾ ਅਤੇ ਲੋਕ ਸਰਕਾਰੀ ਦਫਤਰਾਂ ਵਿਚ ਧੱਕੇ ਖਾ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਪੁਰਾਣੇ ਖਰੜ ਸਹਿਰ ਵਿਚ ਜਿਸ ਤਰ੍ਹਾਂ ਵੱਡੇ ਪੱਧਰ ਤੇ ਕਲੋਨੀਆਂ ਵੱਸ ਚੁੱਕੀਆਂ ਹਨ ਉਨ੍ਹਾਂ ਦੀ ਸੈਕਟਰ ਅਨੁਸਾਰ ਵੰਡ ਕਰਕੇ ਪੱਕੇ ਨੰਬਰਾ ਲਗਾਏ ਜਾਣ ਤਾਂ ਕਿ ਲੋਕੀ ਆਪਣੇ ਦਸਤਾਂਵੇਜ਼ਾਂ ਤੇ ਉਹ ਹੀ ਨੰਬਰ ਖਿਲਵਾ ਸਕਣ।

# 2050 ਤਕ 30 ਲੱਖ ਏਸ਼ੀਅਨ ਬੱਚੇ ਹੋ ਜਾਣਗੇ ਬੌਣਾਪਨ ਦਾ ਸ਼ਿਕਾਰ

**ਨਵੀਂ ਦਿੱਲੀ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲਵਾਯੂ ਪਰਿਵਰਤਨ ਕਾਰਨ ਵੱਧ ਰਹੀ ਗਰਮੀ ਅਤੇ ਨਮੀ ਆਉਣ ਵਾਲੇ ਸਮੇਂ 'ਚ ਦੱਖਣੀ ਏਸ਼ੀਆ ਦੇ ਬੱਚਿਆਂ ਦੀ ਸਿਹਤ ਲਈ ਇੱਕ ਵੱਡੀ ਚੁਣੌਤੀ ਬਣਨ ਜਾ ਰਹੀ ਹੈ। ਇੱਕ ਤਾਜ਼ਾ ਅਧਿਐਨ 'ਚ ਇਹ ਖ਼ਦਸ਼ਾ ਜਤਾਇਆ ਗਿਆ ਹੈ ਕਿ 2050 ਤਕ ਇਸ ਖੇਤਰ 'ਚ ਬੱਚਿਆਂ 'ਚ ਬੌਣੇਪਨ ਦੇ ਮਾਮਲੇ 30 ਲੱਖ ਤੋਂ ਵੀ ਜ਼ਿਆਦਾ ਵੱਧ ਸਕਦੇ ਹਨ।

**ਗਰਭਵਤੀ ਔਰਤਾਂ ਅਤੇ ਬੱਚਿਆਂ 'ਤੇ ਮਾੜਾ ਅਸਰ:** ਅਮਰੀਕਾ ਦੀ ਯੂਨੀਵਰਸਿਟੀ ਔਫ਼ ਕੈਲੇਫ਼ੋਰਨੀਆ ਸਾਂਤਾ ਬਾਰਬਰਾ ਦੇ ਖੋਜਕਰਤਾਵਾਂ ਦੁਆਰਾ ਕੀਤੇ ਗਏ ਇਸ ਅਧਿਐਨ 'ਚ ਦੇਖਿਆ ਗਿਆ ਕਿ ਗਰਭ ਅਵਸਥਾ ਦੌਰਾਨ ਬਹੁਤ ਜ਼ਿਆਦਾ ਗਰਮੀ ਅਤੇ ਨਮੀ ਵਾਲੇ ਹਾਲਾਤ ਬੱਚਿਆਂ ਦੇ ਵਿਕਾਸ 'ਤੇ ਕਿਵੇਂ ਅਸਰ ਪਾਉਂਦੇ। ਵਿਗਿਆਨੀਆਂ ਨੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਉਮਰ ਦੇ ਹਿਸਾਬ ਨਾਲ ਕੱਦ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ। ਖੋਜ ਮੁਤਾਬਿਕ ਗਰਭਵਤੀ ਔਰਤਾਂ ਆਪਣੇ ਵਧੇ ਹੋਏ ਭਾਰ ਅਤੇ ਹੌਰਮੋਨਲ ਬਦਲਾਅ ਕਾਰਨ ਗਰਮੀ ਦੇ ਪ੍ਰਕੋਪ ਪ੍ਰਤੀ ਬਹੁਤ ਜ਼ਿਆਦਾ ਸੰਵੇਦਨਸ਼ੀਲ ਹੁੰਦੀਆਂ ਹਨ। ਖੋਜਕਰਤਾ ਕੇਟੀ ਮੈਕਮੋਹਨ ਅਨੁਸਾਰ ਗਰਭ ਅਵਸਥਾ ਦੇ ਸ਼ੁਰੂ 'ਚ ਭਰੂਣ ਬਹੁਤ ਕਮਜ਼ੋਰ ਹੁੰਦਾ ਹੈ, ਜਦੋਂ ਕਿ ਆਖਰੀ ਮਹੀਨਿਆਂ 'ਚ ਮਾਂ ਜ਼ਿਆਦਾ ਕਮਜ਼ੋਰ ਹੁੰਦੀ ਹੈ।

**ਸਿਰਫ਼ ਗਰਮੀ ਨਹੀਂ, ਨਮੀ ਹੈ ਜ਼ਿਆਦਾ ਖ਼ਤਰਨਾਕ:** ਇੱਕ ਸਾਇੰਸ ਅਖ਼ਬਾਰ 'ਚ ਪ੍ਰਕਾਸ਼ਿਤ ਇਸ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਗਰਮੀ ਦੇ ਸੰਪਰਕ 'ਚ ਆਉਣ ਦੇ ਅਸਰ ਨੂੰ ਨਮੀ ਹੋਰ ਖ਼ਰਾਬ ਕਰ ਸਕਦੀ ਹੈ। ਪ੍ਰੋਫ਼ੈਸਰ ਕੈਥੀ ਬੇਲਿਸ ਨੇ ਦੱਸਿਆ ਕਿ ਜਦੋਂ ਤਾਪਮਾਨ ਵੈੱਟ-ਬਲਬ ਗਲੋਬ (ਕੜਕਦੀ ਧੁੱਪ ਦਾ ਅੰਤਰਰਾਸ਼ਟਰੀ ਮਿਆਰ) 29 ਡਿਗਰੀ ਸੈਲਸੀਅਸ ਤੋਂ ਉੱਪਰ ਜਾਂਦਾ ਹੈ ਤਾਂ ਇਹ ਬੱਚਿਆਂ ਦੀ ਸਿਹਤ ਲਈ ਘਾਤਕ ਹੁੰਦਾ ਹੈ। ਇਹ ਵੀ ਪਾਇਆ ਗਿਆ ਕਿ ਬਹੁਤ ਜ਼ਿਆਦਾ ਗਰਮੀ ਕਾਰਨ ਬੱਚਿਆਂ ਦਾ




ਜਨਮ ਸਮੇਂ ਤੋਂ ਪਹਿਲਾਂ ਹੋਣ ਦਾ ਖ਼ਤਰਾ ਵੀ ਵੱਧ ਜਾਂਦਾ ਹੈ।

**ਦੱਖਣੀ ਏਸ਼ੀਆ ਲਈ ਖ਼ਤਰੇ ਦੀ ਘੰਟੀ:** ਖੋਜਕਰਤਾਵਾਂ ਨੇ ਕਿਹਾ ਕਿ ਗਲੋਬਲ ਵਾਰਮਿੰਗ ਜਾਰੀ ਰਹਿਣ ਨਾਲ ਗਰਮ ਅਤੇ ਨਮੀ ਵਾਲੇ ਹਾਲਾਤ ਵੱਧਣ ਦਾ ਅਨੁਮਾਨ ਹੈ ਅਤੇ ਦੱਖਣ ਏਸ਼ੀਆ ਦੇ ਦੁਨੀਆਂ ਦੇ ਸਭ ਤੋਂ ਵੱਧ ਪ੍ਰਭਾਵਿਤ ਇਲਾਕਿਆਂ 'ਚੋਂ ਇੱਕ ਹੋਣ ਦੀ ਉਮੀਦ ਹੈ ਜੋ ਦੁਨੀਆਂ ਦੀ ਸਭ ਤੋਂ ਸੰਘਣੀ ਆਬਾਦੀ ਵਾਲੀਆਂ ਥਾਵਾਂ ਹਨ। ਉਨ੍ਹਾਂ ਲਿਖਿਆ, "ਅਸੀਂ ਪਾਇਆ ਕਿ ਸਿਰਫ਼ ਵੱਧ ਤਾਪਮਾਨ ਦੀ ਤੁਲਨਾ 'ਚ ਗਰਮ-ਨਮੀ ਵਾਲੇ ਹਾਲਾਤ ਸਿਹਤ ਲਈ ਵੱਧ ਨੁਕਸਾਨਦਾਇਕ ਹਨ ਜਿਸ ਨਾਲ 2050 ਤਕ ਦੱਖਣ ਏਸ਼ੀਆ 'ਚ 30 ਲੱਖ ਤੋਂ ਵੱਧ ਬੱਚਿਆਂ ਦਾ ਕੱਦ ਛੋਟਾ ਰਹਿਣ ਦਾ ਖ਼ਤਰਾ ਵੱਧ ਸਕਦਾ ਹੈ।" ਇਸ ਲਈ ਟੀਮ ਨੇ ਕਿਹਾ ਕਿ ਸਿਰਫ਼ ਤਾਪਮਾਨ ਦੇ ਅਸਰ 'ਤੇ ਧਿਆਨ ਦੇ ਕੇ ਖੋਜਕਰਤਾ, ਡਾਕਟਰ ਅਤੇ ਜਨਤਕ ਸਿਹਤ ਅਧਿਕਾਰੀ ਖ਼ਰਾਬ ਮੌਸਮ ਦੇ ਅਸਲੀ ਅਸਰ ਨੂੰ ਘੱਟ ਮਾਪ ਰਹੇ ਹੋਣਗੇ।

# ਪਾਰਕਾਂ ਤੇ ਹੋਟਲਾਂ ਵਿੱਚ ਨਹੀਂ ਹੋਣਗੇ ਆਨੰਦ ਕਾਰਜ; ਅਕਾਲ ਤਖ਼ਤ ਸਾਹਿਬ ਦਾ ਹੁਕਮ ਮੁੜ ਦੂਹਰਾਇਆ

**ਅੰਮ੍ਰਿਤਸਰ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

328 ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸਰਕਾਰ ਵੱਲੋਂ ਪੁਲੀਸ ਕੇਸ ਦਰਜ ਕੀਤੇ ਜਾਣ ਤੋਂ ਬਾਅਦ ਅੱਜ ਸ੍ਰੀ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਇਸ ਦੌਰਾਨ ਉਨ੍ਹਾਂ ਮੌਜੂਦਾ ਸਰਕਾਰ ਅਤੇ ਸੱਤਾਧਾਰੀ ਪਾਰਟੀ ਨੂੰ ਅਗਾਹ ਕੀਤਾ ਕਿ ਉਹ ਸਿੱਖਾਂ ਦੇ ਇਸ ਅੰਦਰੂਨੀ ਮਾਮਲੇ ਵਿੱਚ ਆਪਣੀ ਦਖਲਅੰਦਾਜ਼ੀ ਬੰਦ ਕਰੇ, ਜੇ ਦਖਲਅੰਦਾਜ਼ੀ ਬੰਦ ਨਾ ਕੀਤੀ ਤਾਂ ਉਨਾਂ ਖ਼ਿਲਾਫ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਪੰਜ ਸਿੰਘ ਸਾਹਿਬਾਨ ਵੱਲੋਂ ਮੈਰਿਜ ਪੈਲੇਸ, ਰਿਜ਼ੋਰਟਾਂ, ਸਮੁੰਦਰ ਕੰਢਿਆਂ ਅਤੇ ਵਪਾਰਕ ਫਾਰਮਾਂ ਵਿੱਚ ਆਨੰਦ ਕਾਰਜ ਲਈ ਪਾਵਨ ਸਰੂਪ ਲੈ ਜਾਣ 'ਤੇ ਪਾਬੰਦੀ ਲਾਈ ਗਈ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿੱਚ ਪਹਿਲਾਂ ਹੀ ਰੋਕ ਲੱਗੀ ਹੋਈ ਹੈ। ਜੇ ਕੋਈ ਇਸ ਦੀ ਉਲੰਘਣਾ ਕਰਦਾ ਹੈ ਤਾਂ ਉਸ ਖ਼ਿਲਾਫ਼ ਕਾਰਵਾਈ ਹੋਵੇਗੀ।

ਇੱਕ ਹੋਰ ਮਤੇ ਰਾਹੀਂ ਉਨ੍ਹਾਂ ਆਖਿਆ ਕਿ ਗੁਰੂ ਸਾਹਿਬਾਨ, ਉਨ੍ਹਾਂ ਦੇ ਪਰਿਵਾਰਕ ਮੈਂਬਰਾ, ਸਿੱਖ ਯੋਧੇ ਤੇ ਜਰਨੈਲਾਂ ਆਦਿ ਮਹਾਂਪੁਰਖਾਂ ਤੇ ਸਿੱਖ ਸੰਸਕਾਰਾਂ ਦੀ ਨਕਲ ਕਰ ਕੇ ਇਸ ਬਾਰੇ ਫਿਲਮਾਂ ਜਾਂ ਐਨੀਮੇਸ਼ਨ ਫਿਲਮਾਂ ਨਹੀਂ ਬਣਾਈਆਂ ਜਾ ਸਕਦੀਆਂ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤਾ ਹੈ ਕਿ ਉਹ ਭਾਰਤ ਦੇ ਵੱਡੇ ਫਿਲਮ ਨਿਰਮਾਤਾ ਅਤੇ ਹੋਰ ਘਰਾਣਿਆਂ ਨੂੰ ਇਸ ਆਦੇਸ਼ ਦੀ ਕਾਪੀ ਭੇਜ ਕੇ ਇਸ ਸਬੰਧ ਵਿੱਚ ਜਾਣੂ ਕਰਵਾਵੇ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹੋਈ ਹਾਈ ਪਾਰਵਰਡ ਵਰਕਸ ਪਰਚੇਜ਼ ਕਮੇਟੀ ਦੀ ਮੀਟਿੰਗ



**ਚੰਡੀਗੜ੍ਹ, 2 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਸ਼ਨੀਵਾਰ ਨੂੰ ਹਰਿਆਣਾ ਨਿਵਾਸ ਵਿੱਚ ਹੋਈ ਹਾਈ ਪਾਰਵਰਡ ਵਰਕਸ ਪਰਚੇਜ਼ ਕਮੇਟੀ (ਐਚਪੀਡਬਲਿਯੂਪੀਸੀ) ਦੀ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਨਾਲ ਸਬੰਧਿਤ ਮਹਤੱਵਪੂਰਣ ਢਾਂਚਿਆਂ ਅਤੇ ਵਿਕਾਸ ਪਰਿਯੋਜਨਾਵਾਂ ਦੇ ਪ੍ਰਸਤਾਵਾਂ ’ਤੇ ਵਿਚਾਰ-ਵਟਾਂਦਰਾਂ ਕੀਤਾ ਗਿਆ ਅਤੇ ਸੇਵਾਵਾਂ ਅਤੇ ਕੰਮਾਂ ਦੀ ਖਰੀਦ ਨਾਲ ਸਬੰਧਿਤ ਮਹਤੱਵਪੂਰਣ ਫੈਸਲੇ ਕੀਤੇ ਗਏ।

ਮੀਟਿੰਗ ਵਿੱਚ ਕੁੱਲ 58 ਟੈਂਡਰਾਂ ’ਤੇ ਵਿਚਾਰ ਕੀਤਾ ਗਿਆ, ਜਿਨ੍ਹਾਂ ਦੀ ਕੁੱਲ ਅੰਦਾਜਾ ਲਾਗਤ ਲਗਭਗ 4216 ਕਰੋੜ ਰੁਪਏ ਸੀ। ਇੰਨ੍ਹਾਂ ਵਿੱਚੋਂ 2 ਟੈਂਡਰਾਂ ਨੂੰ ਰਿਟੇਂਡਰ ਕਰਨ ਦਾ ਫੈਸਲਾ ਕੀਤਾ ਗਿਆ। ਬਾਕੀ 56 ਟੈਂਡਰਾਂ, ਜਿਨ੍ਹਾਂ ਦੀ ਕੁੱਲ ਅੰਦਾਜਾ ਲਾਗਤ ਲਗਭਗ 4166 ਕਰੋੜ ਰੁਪਏ ਸੀ, ’ਤੇ ਬੋਲੀਦਾਤਾਵਾਂ ਦੇ ਨਾਲ ਵਿਸਤਾਰ ਨੇਗੋਸਇਏਸ਼ਨ ਦੇ ਬਾਅਦ ਕੁੱਲ ਕੰਮ ਮੁੱਲ ਲਗਭਗ 4016 ਕਰੋੜ ਰੁਪਏ ’ਤੇ ਸਹਿਮਤੀ ਬਣੀ। ਇਸ ਤਰ੍ਹਾ ਨੇਗੋਸਇਏਸ਼ਨ ਪ੍ਰਕ੍ਰਿਆ ਰਾਹੀਂ ਲਗਭਗ 150 ਕਰੋੜ ਰੁਪਏ ਦੀ ਅੰਦਾਜਾ ਬਚੱਤ ਯਕੀਨੀ ਕੀਤੀ ਗਈ, ਜਿਸ ਨਾਲ ਸੂਬਾ ਸਰਕਾਰ ਦੇ ਵਿੱਤੀ ਪ੍ਰਬੰਧਨ, ਪਾਰਦਰਸ਼ਿਤਾ ਅਤੇ ਸਰੋਤਾਂ ਦੇ ਕੁਸ਼ਲ ਵਰਤੋ ਨੂੰ ਮਜਬੂਤੀ ਮਿਲੀ ਹੈ।

ਮੀਟਿੰਗ ਵਿੱਚ ਊਰਜਾ ਮੰਤਰੀ ਸ੍ਰੀ ਅਨਿਲ ਵਿਜ, ਸਿਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ, ਮਾਲ ਅਤੇ ਆਪਦਾ ਪ੍ਰਬੰਧਨ ਮੰਤਰੀ ਸ੍ਰੀ ਵਿਪੁਲ ਗੋਇਲ, ਲੋਕ ਨਿਰਮਾਣ ਮੰਤਰੀ ਸ੍ਰੀ ਰਣਬੀਰ ਗੰਗਵਾ ਅਤੇ ਸਿੰਚਾਈ ਅਤੇ ਜਲ੍ਹ ਸੰਸਾਧਨ ਮੰਤਰੀ ਸ੍ਰੀਮਤੀ ਸ਼ਰੂਤੀ ਚੌਧਰੀ ਮੌਜੂਦ ਰਹੇ।

ਮੀਟਿੰਗ ਵਿੱਚ ਬਿਜਲੀ ਵੰਡ ਖੇਤਰ ਨੂੰ ਮਜਬੂਤ ਕਰਨ ਤਹਿਤ ਨਵੀਨੀਕ੍ਰਿਤ ਸੁਧਾਰ ਅਧਾਰਿਤ ਅਤੇ ਨਤੀਜੇ ਨਾਲ ਜੁੜੇ ਬਿਜਲੀ ਵੰਡ ਖੇਤਰ ਯੋਜਨਾ (ਆਰਡੀਐਸਐਸ) ਦੇ ਤਹਿਤ ਪੇਸ਼ ਪ੍ਰਸਤਾਵਾਂ ਨੂੰ ਮੰਜੂਰੀ ਪ੍ਰਦਾਨ ਕੀਤੀ ਗਈ। ਇਸ ਦੇ ਤਹਿਤ ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਅਤੇ ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਦੇ ਵੱਖ-ਵੱਖ ਖੇਤਰਾਂ ਵਿੱਚ ਵੰਡ ਬੁਨਿਆਦੀ ਢਾਂਚਾ ਵਿਕਾਸ, ਲਾਇਨ ਲਾਸ ਵਿੱਚ ਕਮੀ, ਨਵੇਂ 33 ਕੇਵੀ ਸਬ-ਸਟੇਸ਼ਨਾਂ ਦੀ ਸਥਾਪਨਾ ਅਤੇ ਮੌਜੂਦਾ ਸਬ-ਸਟੇਸ਼ਨਾਂ ਦੇ ਵਿਸਥਾਰ ਅਤੇ ਮਜਬੂਤੀਕਰਣ ਨਾਲ ਸਬੰਧਿਤ ਕੰਮਾਂ ਲਈ ਟੈਂਡਰ ਪ੍ਰਕ੍ਰਿਆ ਪੂਰੀ ਕਰ ਚੁੱਕੀ ਫਰਮਾਂ/ਏਜੰਸੀਆਂ ਨੂੰ ਕੰਮ ਅਲਾਟ ਕਰਨ ਦੀ ਮੰਜੂਰੀ ਦਿੱਤੀ ਗਈ।

ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਤਹਿਤ ਡੱਬਵਾਲੀ, ਨਰਵਾਨਾ, ਸੋਹਨਾ, ਸਿਰਸਾ, ਗੁਰੂਗ੍ਰਾਮ-2, ਫਤਿਹਾਬਾਦ, ਹਿਸਾਰ, ਨਾਰਨੌਲ ਅਤੇ ਰਿਵਾੜੀ ਖੇਤਰਾਂ ਵਿੱਚ ਵੰਡ ਬੁਨਿਆਦੀ ਢਾਚਾ ਵਿਕਾਸ ਅਤੇ ਸਬ-ਸਟੇਸ਼ਨ ਮਜਬੂਤੀਕਰਣ ਨਾਲ ਸਬੰਧਿਤ ਕੰਮਾਂ ਨੂੰ ਮੰਜੂਰੀ ਪ੍ਰਦਾਨ ਕੀਤੀ ਗਈ।

ਇਸੀ ਤਰ੍ਹਾ ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਤਹਿਤ ਪੰਚਕੂਲਾ, ਪਿੰਜੌਰ, ਬਰਵਾਲਾ, ਰਾਏਪੁਰ ਰਾਣੀ, ਪਾਣੀਪਤ, ਕਰਨਾਲ, ਸਮਾਲਖਾ ਅਤੇ ਰੋਹਤਕ ਜੋਨ ਦੇ ਵੱਖ-ਵੱਖ ਖੇਤਰਾਂ ਵਿੱਚ ਵੰਡ ਵਿਵਸਥਾ ਦੇ ਮਜਬੂਤੀਕਰਣ ਅਤੇ ਸਬ-ਸਟੇਸ਼ਨ ਵਿਸਤਾਰ ਨਾਲ ਸਬੰਧਿਤ ਕੰਮਾਂ ਨੂੰ ਮੰਜੂਰੀ ਦਿੱਤੀ ਗਈ।

ਗੁਰੂਗ੍ਰਾਮ ਵਿੱਚ ਐਸਸੀਏਡੀਏ ਅਤੇ ਡੀਐਮਐਸ/ਓਐਮਐਸ ਪ੍ਰਣਾਲੀ ਦੇ ਲਾਗੂ ਕਰਨ ਨਾਲ ਸਬੰਧਿਤ ਪ੍ਰਸਤਾਵ ਨੂੰ ਵੀ ਮੀਟਿੰਗ ਵਿੱਚ ਮੰਜੂਰੀ ਪ੍ਰਦਾਨ ਕੀਤੀ ਗਈ।

ਏਜੰਡਾਂ ਵਿੱਚ ਸ਼ਾਮਿਲ ਫਰੀਦਾਬਾਦ ਅਤੇ ਗੁਰੂਗ੍ਰਾਮ ਵਿੱਚ ਆਰਡੀਐਸਐਸ ਯੋਜਨਾ ਤਹਿਤ 66 ਕੇਵੀ ਸਬ-ਸਟੇਸ਼ਨਾਂ ਨਾਲ ਜੁੜੇ 11 ਕੇਵੀ ਸ਼ਹਿਰੀ ਅਤੇ ਉਦਯੋਗਿਕ ਫੀਡਰਾਂ ਦੀ ਬਿਜਲੀ ਵੰਡ ਬੁਨਿਆਦੀ ਢਾਂਚੇ ਦੇ ਮਜਬੂਤੀਕਰਣ ਅਤੇ ਆਧੁਨਿਕੀਕਰਣ ਨਾਲ ਸਬੰਧਿਤ ਕੰਮਾਂ ਲਈ ਟੈਂਡਰ ਨੂੰ ਰਿਟੇਂਡਰ ਕਰਨ ਦਾ ਫੈਸਲਾ ਕੀਤਾ ਗਿਆ। ਇਸ ਤੋਂ ਇਲਾਵਾ, ਮੀਟਿੰਗ ਵਿੱਚ ਸ਼ਹਿਰੀ ਵਿਕਾਸ ਅਤੇ ਬੁਨਿਆਦੀ ਢਾਚਾ ਨਾਲ ਸਬੰਧਿਤ ਕਈ ਹੋਰ ਮਹਤੱਵਪੂਰਣ ਪਰਿਯੋਜਨਾਵਾਂ ਨੂੰ ਵੀ ਮੰਜੂਰੀ ਪ੍ਰਦਾਨ ਕੀਤੀ ਗਈ।

ਇੰਨ੍ਹਾਂ ਵਿੱਚ ਸੋਨੀਪਤ ਮਹਾਨਗਰ ਵਿਕਾਸ ਅਥਾਰਿਟੀ ਤਹਿਤ ਸੈਕਟਰ 5/6, 6/9 ਅਤੇ 5/0 ਦੇ ਵਿੱਚ ਮਾਸਟਰ ਰੋਡਸ ਦੇ ਬਾਕੀ ਹਿੱਸਿਆਂ ਦੇ ਚਾਰ ਲੇਨ ਚੌੜੀਕਰਣ ਅਤੇ ਸੁਧਾਰ ਕੰਮ, ਪੰਚਕੂਲਾ ਵਿੱਚ ਘੱਗਰ ਨਦੀਂ ’ਤੇ ਸੈਕਟਰ-3 ਅਤੇ ਸੈਕਟਰ-21 ਨੂੰ ਸੈਕਟਰ-23 ਅਤੇ ਸੈਕਟਰ-25 ਨਾਲ ਜੋੜਨ ਵਾਲੀ ਸੜਕ ’ਤੇ ਪੰਚਕੂਲਾ ਗੋਲਫ ਕਲੱਬ ਦੇ ਨੇੜੇ ਮੌਜੂਦਾ ਪੁੱਲ ਦੇ ਨੇੜੇ ਇੱਕ ਨਵੇਂ ਉੱਚ ਪੱਧਰੀ ਪੁੱਲ ਦਾ ਨਿਰਮਾਣ (ਈਪੀਸੀ ਮੋਡ ’ਤੇ), ਪੰਚਕੂਲਾ ਮਹਾਨਗਰ ਵਿਕਾਸ ਅਥਾਰਿਟੀ ਦੇ ਤਹਿਤ ਸ਼ਹਿਰ ਤੋਂ ਲੰਘਣ ਵਾਲੀ ਦੋ ਜਲਧਾਰਾਵਾਂ ਦੇ ਸੁੰਦਰੀਕਰਣ ਅਤੇ ਪੁਨਰ ਜੀਵਨ ਅਤੇ ਉਨ੍ਹਾਂ ਦੇ ਨੇੜੇ ਦੇ ਖੇਤਰਾਂ ਦੇ ਵਪਾਰਕ ਅਤੇ ਮਨੋਰੰਜਨ ਵਰਤੋ ਨਾਲ ਸਬੰਧਿਤ ਪਰਿਯੋਜਨਾਵਾਂ।

ਫਰੀਦਾਬਾਦ ਦੇ ਸੈਕਟਰ-78 ਅਤੇ ਗੁਰੂਗ੍ਰਾਮ ਦੇ ਸੈਕਟਰ-9 ਵਿੱਚ ਕੰਮ ਕਰ ਰਹੀ ਮਹਿਲਾਵਾਂ ਲਈ ਆਧੁਨਿਕ ਹੋਸਟਲ ਭਵਨਾਂ ਦਾ ਨਿਰਮਾਣ, ਜਿਸ ਵਿੱਚ ਸਿਵਲ, ਬਿਜਲੀ, ਪਲੰਬਿੰਗ, ਫਾਇਰ ਫਾਈਟਿੰਗ, ਫਾਇਰ ਅਲਾਰਮ, ਸੀਸੀਟੀਵੀ, ਐਚਵੀਏਸੀ, ਲਿਫਟ, ਹੋਰਟੀਕਲਚਰ ਅਤੇ ਹੋਰ ਸਹਾਇਕ ਕੰਮਾਂ ਸਮੇਤ ਨਿਰਧਾਰਿਤ ਸਮੇਂ ਤੱਕ ਰੱਖ-ਰਖਾਵ ਸ਼ਾਮਿਲ ਹੈ। ਇਸ ਤੋਂ ਇਲਾਵਾ, ਭਿਵਾਨੀ ਸਥਿਤ ਸਕੂਲ ਸਿਖਿਆ ਬੋਰਡ ਪਰਿਸਰ ਵਿੱਚ ਕੰਵੇਂਸ਼ਨ ਸੈਂਟਰ ਭਵਨ ਦੇ ਬਾਕੀ ਕੰਮਾਂ ਨੂੰ ਪੂਰਾ ਕਰਨ ਨਾਲ ਸਬੰਧਿਤ ਪ੍ਰਸਤਾਵ ਨੂੰ ਵੀ ਮੀਟਿੰਗ ਵਿੱਚ ਮੰਜੂਰੀ ਪ੍ਰਦਾਨ ਕੀਤੀ ਗਈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਾਰੇ ਮੰਜੂਰ ਕੰਮਾਂ ਨੂੰ ਪੂਰੀ ਗੁਣਵੱਤਾ, ਪਾਰਦਰਸ਼ਿਤਾ ਅਤੇ ਸਮੇਂ ਸਿਰ ਯਕੀਨੀ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਸਾਰੀ ਪਰਿਯੋਜਨਾਵਾਂ ਵਿੱਚ ਘੱਟੋ ਘੱਟ ਲਾਗਤ ’ਤੇ ਵੱਧ ਤੋਂ ਵੱਧ ਗੁਣਵੱਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਅਤੇ ਟਿਕਾਊ, ਲੰਬੇ ਸਮੇਂ ਅਤੇ ਘੱਟ ਰੱਖ-ਰਖਾਵ ਵਾਲੀ ਨਿਰਮਾਣ ਸਮੱਗਰੀ ਦੀ ਵਰਤੋ ਕੀਤੀ ਜਾਵੇ।

ਮੀਟਿੰਗ ਵਿੱਚ ਹਰਿਆਣਾ ਅਰਬਨ ਡਿਵੇਲਪਮੈਂਟ ਅਥਾਰਿਟੀ ਦੇ ਪ੍ਰਿੰਸੀਪਲ ਏਡਵਾਈਜਰ ਸ੍ਰੀ ਡੀ ਐਸ ਢੇਸੀ, ਲੋਕ ਨਿਰਮਾਣ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਅਨੁਰਾਗ ਅਗਰਵਾਲ, ਊਰਜਾ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਸ਼ਿਆਮਲ ਮਿਸ਼ਰਾ, ਉਦਯੋਗ ਅਤੇ ਵਪਾਰ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਕੁਮਾਰ ਅਗਰਵਾਲ, ਸੋਨੀਪਤ ਮਹਾਨਗਰ ਵਿਕਾਸ ਅਥਾਰਿਟੀ ਦੀ ਮੁੱਖ ਕਾਰਜਕਾਰੀ ਅਧਿਕਾਰੀ ਸ੍ਰੀਮਤੀ ਏ. ਮੋਨਾ ਸ਼੍ਰੀਨਿਵਾਸ, ਸਪਲਾਈ ਅਤੇ ਨਿਪਟਾਨ ਵਿਭਾਗ ਦੇ ਮਹਾਨਿਦੇਸ਼ਕ ਸ੍ਰੀ ਪੰਕਜ, ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ ਦੇ ਪ੍ਰਬੰਧ ਨਿਦੇਸ਼ਕ ਡਾ. ਆਦਿਤਅ ਦਹੀਆ ਸਮੇਤ ਸਬੰਧਿਤ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਮੌਜੂਦ ਰਹੇ।

# ਵਿਕਸਿਤ ਭਾਰਤ 2047 ਦੇ ਵਿਜਨ ਅਤੇ ਦੇਸ਼ ਦੀ ਤਰੱਕੀ ਨੂੰ ਦੇਖ ਕੇ ਪੂਰੀ ਦੁਨੀਆ ਦੀ ਨਜ਼ਰ ਹੈ ਭਾਰਤ ’ਤੇ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, 2 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਵਿਕਸਿਤ ਭਾਰਤ 2047 ਦੇ ਵਿਜ਼ਨ ਅਨੁਰੂਪ ਅਤੇ ਤਰੱਕੀ ਦੀ ਰਾਹ ’ਤੇ ਤੇਜੀ ਨਾਲ ਅੱਗੇ ਵੱਧਦਾ ਦੇਖ ਕੇ ਪੂਰੀ ਦੁਨੀਆ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਨਵੇਂ ਵਿਜ਼ਨ ਨੂੰ ਇੱਕ ਨਵੀਂ ਉਮੀਦ ਅਤੇ ਆਸ ਦੇ ਨਾਲ ਦੇਖ ਰਹੀ ਹੈ। ਵਿਗਿਆਨ ਦੇ ਖੇਤਰ ਵਿੱਚ ਵੱਡੀ ਉਪਲਬਧੀਆਂ, ਨਵੇਂ-ਨਵੇਂ ਅਧਿਕਾਰਾਂ ਨਾਲ ਦੁਨੀਆਭਰ ਦੇ ਦੇਸ਼ ਪ੍ਰਭਾਵਿਤ ਹਨ। ਅੱਜ ਦੇਸ਼ ਦੀ ਨੌਜੁਆਨ ਪੀੜੀ ਵਿੱਚ ਨਵਾਂ ਕਰਨ ਦਾ ਜਨੂਨ ਸਪਸ਼ਟ ਨਜ਼ਰ ਆ ਰਿਹਾ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਐਤਵਾਰ ਨੂੰ ਪਿਪਲੀ ਅਨਾਜ ਮੰਡੀ ਸਥਿਤ ਧਰਮਸ਼ਾਲਾ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਮਨ ਕੀ ਬਾਤ ਪ੍ਰੋਗਰਾਮ ਦੇ 129ਵੇਂ ਏਪਿਸੋਡ ਨੂੰ ਸੁਣ ਰਹੇ ਸਨ। ਮਨ ਕੀ ਬਤ ਪ੍ਰੋਗਰਾਮ ਵਿੱਚ ਪਹੁੰਚਣ ਤੋਂ ਪਹਿਲਾਂ ਮੁੱਖ ਮੰਤਰੀ ਨੇ ਮੌਕੇ ’ਤੇ ਪਹੁੰਚੇ ਲੋਕਾਂ ਦੀ ਸਮਸਿਆਵਾਂ ਨੂੰ ਸੁਣਿਆ ਅਤੇ ਉਨ੍ਹਾਂ ਨੂੰ ਅਧਿਕਾਰੀਆਂ ਦੇ ਕੋਲ ਭੇਜ ਕੇ ਹੱਲ ਕਰਵਾਉਣ ਦਾ ਭਰੋਸਾ ਦਿੱਤਾ।

ਉਨ੍ਹਾਂ ਨੇ ਕਿਹਾ ਕਿ ਹੁਣ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਸਵਾਮੀ ਵਿਵੇਕਾਨੰਦ ਜੈਯੰਤੀ ਦੇ ਮੌਕੇ ’ਤੇ ਰਾਸ਼ਟਰੀ ਯੁਵਾ ਦਿਵਸ ਪ੍ਰੋਗਰਾਮ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸੀ ਦਿਨ ਯੰਗ ਲੀਡਰ ਡਾਇਲਾਗ ਪ੍ਰੋਗਰਾਮ ਵੀ ਆਯੋਜਿਤ ਕੀਤਾ ਜਾਵੇਗਾ। ਇਸ ਪ੍ਰੋਗਰਾਮ ਵਿੱਚ ਦੇਸ਼ ਦੇ ਨੌਜੁਆਨਾਂ ਵੱਲੋਂ ਇਨੋਵੇਸ਼ਨ, ਫਿੱਟਨੈਸ, ਸਟਾਰਟਅੱਪ ਤੇ ਏਗਰੀਕਲਚਰ ਵਰਗੇ ਵਿਸ਼ਿਆਂ ’ਤੇ ਆਈਡਿਆ ਸ਼ੇਅਰ ਕੀਤੇ ਜਾਣਗੇ, ਜੋ ਦੇਸ਼ ਨੂੰ ਵਿਕਸਿਤ ਬਨਾਉਣ ਵਿੱਚ ਮਦਦ ਕਰਣਗੇ। ਪ੍ਰੋਗਰਾਮ ਵਿੱਚ ਨੌਜੁਆਨਾਂ ਦੀ ਭਾਗੀਦਾਰੀ ਲਗਾਤਾਰ ਵੱਧ ਰਹੀ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਮਨ ਕੀ ਬਾਤ ਪ੍ਰੋਗਰਾਮ ਰਾਹੀਂ ਦੇਸ਼ਵਾਸੀਆਂ ਨੂੰ ਪ੍ਰੇਰਣਾ ਦੇਣ ਲਈ ਦੇਸ਼ ਦੇ ਵੱਖ-ਵੱਖ ਕੌਨੇ ਵਿੱਚ ਸਮਾਜਹਿੱਤ ਤੇ ਦੇਸ਼ਹਿੱਤ ਵਿੱਚ ਕੰਮ ਕਰਨ ਵਾਲੇ ਲੋਕਾਂ ਦੀ ਜਾਣਕਾਰੀ ਸਾਂਝੀ ਕਰਦੇ ਹਨ, ਜਿਸ ਤੋਂ ਹੋਰ ਨਾਗਰਿਕ ਪ੍ਰੇਰਣਾ ਪਾਉਂਦੇ ਹਨ ਅਤੇ ਅੱਗੇ ਵੱਧਣ ਦੇ ਸਤਨ ਕਰਦੇ ਹਨ। ਇਸ ਤਰ੍ਹਾ ਦੇ ਪ੍ਰੋਗਰਾਮ ਨੌਜੁਆਨਾਂ ਵਿੱਚ ਕੰਮ ਕਰਨ ਦਾ ਜਜਬਾ ਪੈਦਾ ਕਰਦੇ ਹਨ। ਹੁਣ ਤੱਕ ਹੋਏ ਮਨ ਕੀ ਬਾਤ ਪ੍ਰੋਗਰਾਮ ਨਾਲ ਸੈਕੜਿਆਂ ਨੌਜੁਆਨਾ ਨੇ ਆਪਣਾ ਕੰਮ ਸ਼ੁਰੂ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਮਨ ਕੀ ਬਾਤ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨੇ ਦੇਸ਼ਭਰ ਵਿੱਚ ਹੋਈ ਉਪਲਬਧੀਆਂ ਨਾਲ ਦੇਸ਼ਵਾਸੀਆਂ ਨੂੰ ਜਾਣੂ ਕਰਵਾਇਆ। ਇਸ ਦੇ ਨਾਲ ਹੀ ਜੰਮੂ-ਕਸ਼ਮੀਰ ਵਿੱਚ ਬੌਧੀ ਸਤੂਪ ਦੀ ਆਕ੍ਰਿਤੀ ਮਿਲਣ ’ਤੇ ਆਰਕੇਲਾਜੀ ਵਿਭਾਗ ਵੱਲੋਂ ਕੀਤੇ ਗਏ ਸ਼ਲਾਘਾਯੋਗ ਕੰਮ ਦੀ ਤਾਰੀਫ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਸੂਬੇ ਦੇ ਹਰੇਕ ਕੌਨੇ ਦਾ ਸਮਾਨ ਰੂਪ ਨਾਲ ਵਿਕਾਸ ਕਰਵਾ ਰਹੀ ਹੈ ਤਾਂ ਜੋ ਨਾਗਰਿਕਾਂ ਨੂੰ ਸਾਰੀ ਸਹੂਲਤ ਸਹਿਜ ਉਪਲਬਧ ਹੋ ਸਕਣ।

ਮੁੱਖ ਮੰਤਰੀ ਨੇ ਦੇਸ਼ ਤੇ ਸੂਬਾਵਾਸੀਆਂ ਨੂੰ ਨਵੇਂ ਸਾਲ ਦੀ ਸ਼ੁਭਕਾਮਨਾਵਾਂ ਵੀ ਦਿੱਤੀਆਂ।

ਇਸ ਮੌਕੇ ’ਤੇ ਹਰਿਆਣਾ ਦੇ ਸਾਬਕਾ ਰਾਜਮੰਤਰੀ ਸੁਭਾਸ਼ ਸੁਧਾ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਜਗਦੀਸ਼ ਸਿੰਘ ਝੀਂਡਾ, ਡਿਪਟੀ ਕਮਿਸ਼ਨਰ ਵਿਸ਼ਰਾਮ ਕੁਮਾਰ ਮੀਣਾ, ਭਾਜਪਾ ਜਿਲ੍ਹਾ ਪ੍ਰਧਾਨ ਤਿਜੇਂਦਰ ਸਿੰਘ ਸਮੇਤ ਹੋਰ ਮਾਣਯੋਗ ਵਿਅਕਤੀ ਮੌਜੂਦ ਰਹੇ।

# ਪਾਣੀਪਤ ਤੋਂ ਦਰਿਆਪੁਰ ਮੋੜ ਤੱਕ ਫੋਰਲੇਨ ਕੰਮ ਲਈ ਸੜਕ ਦਾ ਲੱਗਿਆ ਟੈਂਡਰ

**ਚੰਡੀਗੜ੍ਹ, 2 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਵਿਕਾਸ ਅਤੇ ਪੰਚਾਇਤ ਅਤੇ ਖਨਨ ਮੰਤਰੀ ਸ੍ਰੀ ਕ੍ਰਿਸ਼ਣ ਲਾਲ ਪੰਵਾਰ ਦੇ ਲਗਾਤਾਰ ਯਤਨਾਂ ਦਾ ਨਤੀਜਾ ਹੈ ਕਿ ਜਿਲ੍ਹਾ ਪਾਣੀਪਤ ਅਤੇ ਨੇੜੇ ਦੇ ਖੇਤਰਾਂ ਵਿੱਚ ਵਿਕਾਸ ਕੰਮ ਤੇਜੀ ਨਾਲ ਅੱਗੇ ਵੱਧ ਰਹੇ ਹਨ। ਇਸੀ ਲੜੀ ਵਿੱਚ ਪਾਣੀਪਤ ਤੋਂ ਜੀਂਦ ਤੱਕ ਸੜਕ ਨਿਰਮਾਣ ਪਰਿਯੋਜਨਾ ਨੂੰ ਨਵੀਂ ਮੰਜੂਰੀ ਮਿਲੀ ਹੈ। ਕੱਲ 27 ਦਸੰਬਰ ਨੂੰ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹੋਈ ਐਚਪੀਪੀਸੀ ਮੀਟਿੰਗ ਵਿੱਚਘ ਇਸ ਪਰਿਯੋਜਨਾ ਲਈ ਟੈਂਡਰ ਪ੍ਰਕ੍ਰਿਆ ਸ਼ੁਰੂ ਕਰ ਦਿੱਤੀ ਗਈ ਹੈ।

ਸ੍ਰੀ ਕ੍ਰਿਸ਼ਣ ਲਾਲ ਪੰਵਾਰ ਨੇ ਦਸਿਆ ਕਿ ਪਾਣੀਪਤ ਤੋਂ ਜੀਂਦ ਤੱਕ ਸੜਕ ਦੇ ਨਵੀਨੀਕਰਣ ਦਾ ਕੰਮ ਦੋ ਪੜਾਆਂ ਵਿੱਚ ਕੀਤਾ ਜਾਵੇਗਾ। ਉਨ੍ਹਾਂ ਨੇ ਦਸਿਆ ਕਿ ਪਾਣੀਪਤ ਤੋਂ ਦਰਿਆਪੁਰ ਮੋੜ ਤੱਕ ਫੋਰਲੇਨ ਸੜਕ ਦੇ ਨਿਰਮਾਣ ’ਤੇ 53 ਕਰੋੜ 91 ਲੱਖ ਰੁਪਏ ਦੀ ਰਕਮ ਖਰਚ ਕੀਤੀ ਜਾਵੇਗੀ। ਇਸ ਫੋਰਲੇਨ ਸੜਕ ਦੀ ਪਾਣੀਪਤ ਤੋਂ ਦਰਿਆਪੁਰ ਮੋੜ ਤੱਕ ਲਗਭਗ 25 ਕਿਲੋਮੀਟਰ ਦੀ ਦੂਰੀ ਹੋਵੇਗੀ।

ਇਸ ਦੇ ਨਾਲ ਹੀ ਦਰਿਆਪੁਰ ਮੋੜ ਤੋਂ ਜੀਂਦ ਤੱਕ ਸੜਕ ਦੇ ਚੌੜੀਕਰਣ ਕੰਮ ’ਤੇ 59 ਕਰੋੜ 48 ਲੱਖ ਰੁਪਏ ਖਰਚ ਕੀਤੇ ਜਾਣਗੇ। ਇਸ ਸੜਕ ਦੀ ਦੂਰੀ ਲਗਭਗ 50 ਕਿਲੋਮੀਟਰ ਦੀ ਹੋਵੇਗੀ।

ਉਨ੍ਹਾਂ ਨੇ ਦਸਿਆ ਕਿ ਸੜਕ ਦੇ ਨਾਲ-ਨਾਲ ਜਰੂਰਤ ਅਨੁਸਾਰ ਪਾਣੀ ਦੀ ਨਿਕਾਸੀ ਲਈ ਡ੍ਰੇਨਾਂ ਦਾ ਵੀ ਨਿਰਮਾਣ ਕੀਤਾ ਜਾਵੇਗਾ, ਜਿਸ ਨਾਲ ਬਰਸਾਤ ਜਲ੍ਹ ਭਰਾਵ ਦੀ ਸਮਸਿਆ ਨਹੀਂ ਰਹੇਗੀ। ਇਸ ਦੇ ਲਈ ਵੱਧ ਰਕਮ ਖਰਚ ਕੀਤੀ ਜਾਵੇਗੀ।ਉਨ੍ਹਾਂ ਨੇ ਦਸਿਆ ਕਿ ਇਸ ਮਹਤੱਵਪੂਰਣ ਪਰਿਯੋਜਨਾ ਦੇ ਪੂਰਾ ਹੋਣ ਨਾਲ ਪੂਰਾ ਪਾਣੀਪਤ ਜਿਲ੍ਹਾ ਦੀ ਇਸਰਾਨਾ, ਜੀਂਦ ਜਿਲ੍ਹਾ ਦੀ ਸਫੀਦੋਂ ਅਤੇ ਕਰਨਾਲ ਜਿਲ੍ਹੇ ਦੀ ਅਸੰਧ ਵਿਧਾਨਸਭਾ ਖੇਤਰ ਦੇ ਲੋਕਾਂ ਨੂੰ ਲਾਭ ਹੋਵੇਗਾ ਅਤੇ ਆਵਾਜਾਈ ਸੁਗਮ ਹੋਵੇਗੀ ਅਤੇ ਵਪਾਰਕ ਅਤੇ ਆਰਥਕ ਗਤੀਵਿਧੀਆਂ ਨੂੰ ਵੀ ਨਵੀਂ ਗਤੀ ਮਿਲੇਗੀ।

ਸ੍ਰੀ ਪੰਵਾਰ ਨੇ ਕਿਹਾ ਕਿ ਹਰਿਆਣਾ ਵਿੱਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਸੂਬੇ ਦੇ ਵਿਕਾਸ ਕੰਮਾਂ ਨੂੰ ਨਵੀਂ ਦਿਸ਼ਾ ਅਤੇ ਗਤੀ ਮਿਲੀ ਹੈ। ਸਰਕਾਰ ਦਾ ਵਿਸ਼ੇਸ਼ ਧਿਆਨ ਸੜਕਾਂ, ਪੁੱਲਾਂ, ਸੰਪਰਕ ਮਾਰਗਾਂ ਅਤੇ ਸ਼ਹਿਰੀ ਸਹੂਲਤਾਂ ਦੇ ਮਜਬੂਤੀਕਰਣ ’ਤੇ ਹੈ। ਨਾਲ ਹੀ ਸਿਖਿਆ ਅਤੇ ਸਿਹਤ ਦੇ ਖੇਤਰ ਵਿੱਚ ਵੀ ਅਨੇਕ ਮਹਤੱਵਪੂਰਣ ਕਦਮ ਚੁੱਕੇ ਜਾ ਰਹੇ ਹਨ, ਜਿਨ੍ਹਾਂ ਤੋਂ ਆਮਜਨਤਾ ਨੂੰ ਸਿੱਧੇ ਲਾਭ ਮਿਲ ਰਿਹਾ ਹੈ।

ਉਨ੍ਹਾਂ ਨੇ ਭਰੋਸਾ ਵਿਅਕਤ ਕੀਤਾ ਕਿ ਇਸ ਸੜਕ ਪਰਿਯੋਜਨਾ ਦੇ ਪੂਰਾ ਹੋਣ ਨਾਲ ਕਈ ਜਿਲ੍ਹਿਆਂ ਦੇ ਲੋਕਾਂ ਨੂੰ ਬਿਹਤਰ ਟ੍ਰਾਂਸਪੋਰਟ ਸਹੂਲਤ ਮਿਲੇਗੀ ਅਤੇ ਵਿਕਾਸ ਦਾ ਨਵਾਂ ਅਧਿਆਏ ਸ਼ੁਰੂ ਹੋਵੇਗਾ।

# ਮਨ ਕੀ ਬਾਤ ਨਾਲ ਦੇਸ਼ ਨੂੰ ਜਾਗਰੁਕ ਕਰਦੇ ਹਨ ਪ੍ਰਧਾਨ ਮੰਤਰੀ ਮੋਦੀ : ਵਿਜ

**ਚੰਡੀਗੜ੍ਹ, 2 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਊਰਜਾ, ਟ੍ਰਾਂਸਪੋਰਟ ਅਤੇ ਕਿਰਤ ਮੰਤਰੀ ਸ੍ਰੀ ਅਨਿਲ ਵਿਜ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਮਨ ਕੀ ਬਾਤ ਪ੍ਰੋਗਰਾਮ ਨਾਲ ਦੇਸ਼ਵਾਸੀਆਂ ਨੂੰ ਜਾਗਰੁਕ ਕਰਨ ਲਈ ਉਪਯੋਗੀ ਅਤੇ ਪ੍ਰੇਰਣਾਦਾਇਕ ਜਾਣਕਾਰੀਆਂ ਸਾਂਝਾ ਕਰਦੇ ਹਨ।

ਸ੍ਰੀ ਅਨਿਲ ਵਿਜ ਅੱਜ ਮਨ ਕੀ ਬਾਤ ਪ੍ਰੋਗਰਾਮ ਨੂੰ ਸੁਨਣ ਅਤੇ ਦੇਖਣ ਦੇ ਬਾਅਦ ਮੀਡੀਆ ਪਰਸਨਸ ਵੱਲੋਂ ਪੁੱਛੇ ਗਏ ਸੁਆਲਾਂ ਦਾ ਜਵਾਬ ਦੇ ਰਹੇ ਸਨ। ਉਨ੍ਹਾਂ ਨੇ ਦਸਿਆ ਕਿ ਅੱਜ ਦੇ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨੇ ਵਿਸ਼ੇਸ਼ ਰੂਪ ਨਾਲ ਨੌਜੁਆਨਾਂ ’ਤੇ ਧਿਆਨ ਕੇਂਦ੍ਰਿਤ ਕੀਤਾ ਅਤੇ ਉਨ੍ਹਾਂ ਦੀ ਮਿਹਨਤ, ਨਵਾਚਾਰ ਅਤੇ ਵੱਖ-ਵੱਖ ਖੇਤਰਾਂ ਵਿੱਚ ਹੋ ਰਹੀ ਉਪਲਬਧੀਆਂ ਦੀ ਸ਼ਲਾਘਾ ਕੀਤੀ।

ਊਰਜਾ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਏਲਵਾਈਚਰੀ ਦਾ ਵਰਨਣ ਕਰਦੇ ਹੋਏ ਗੈਰ-ਜਰੂਰੀ ਏਂਟੀਬਾਇਓਟਿਕ ਦੀ ਵਰਤੋ ਤੋਂ ਬੱਚਣ ਦੀ ਅਪੀਲ ਕੀਤੀ। ਊਨ੍ਹਾਂ ਨੇ ਸਪਸ਼ਟ ਕੀਤਾ ਕਿ ਬਿਨ੍ਹਾ ਜਾਂਚ ਅਤੇ ਮੈਡੀਕਲ ਸਲਾਹ ਦੇ ਏਂਟੀਬਾਇਓਟਿਕ ਦਾ ਸੇਵਨ ਭਵਿੱਖ ਵਿੱਚ ਗੰਭੀਰ ਸਿਹਤ ਸਮਸਿਆਵਾਂ ਉਤਪਨ ਕਰ ਸਕਦਾ ਹੈ, ਕਿਉਂਕਿ ਇਸ ਤੋਂ ਦਵਾਈਆਂ ਦਾ ਪ੍ਰਭਾਵ ਘੱਟ ਹੋ ਜਾਂਦਾ ਹੈ।

ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਨੇ ਮਨ ਕੀ ਬਾਤ ਵਿੱਚ ਸ਼੍ਰੀਨਗਰ ਵਿੱਚ ਹੋਈ ਪੁਰਾਤਛਵਿਕ ਖੁਦਾਈ ਦੇ ਇਤਿਹਾਸਕ ਏਵੀਡੈਂਸ ਦਾ ਵਰਨਣ ਕੀਤਾ, ਜਿਨ੍ਹਾਂ ਦੇ ਅਵਸ਼ੇਸ਼ ਫ੍ਰਾਂਸ ਵਿੱਚ ਸਰੰਖਤ ਹਨ ਅਤੇ ਜੋ ਲਗਭਗ 2000 ਸਾਲ ਪੁਰਾਣੀ ਸਭਿਅਤਾ ਦੇ ਵੱਲ ਸੰਕੇਤ ਕਰਦੇ ਹਨ।

# ਸੁਧਾਰ ਦੇ ਨਾਲ ਨਵਾਚਾਰ ਕੌਸ਼ਲ ਨੂੰ ਪ੍ਰੋਤਸਾਹਨ ਦੇ ਰਹੀ ਸੂਬਾ ਸਰਕਾਰ ਡਾ. ਅਰਵਿੰਦ ਸ਼ਰਮਾ

**ਚੰਡੀਗੜ੍ਹ, 2 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਹਿਕਾਰਤਾ, ਜੇਲ੍ਹ, ਚੋਣ, ਵਿਰਾਸਤ ਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਅਪਰਾਧੀਆਂ ’ਤੇ ਸ਼ਿਕੰਜਾ ਕੱਸਦੇ ਹੋਏ ਅਪਰਾਧਿਕ ਗਤੀਵਿਧੀਆਂ ਨੂੰ ਘੱਟ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਜੇਲ੍ਹ ਹੁਣ ਸਜਾ ਨਹੀਂ ਸੁਧਾਰ ਦੀ ਦਿਸ਼ਾ ਵਿੱਚ ਉਦਾਹਰਣ ਬਣ ਰਹੀ ਹੈ, ਜਿਸ ਦੇ ਕਾਰਨ ਸੂਬੇ ਦੀ ਜੇਲ੍ਹਾਂ ਵਿੱਚ ਸੁਧਾਰ ਦੇ ਨਾਲ-ਨਾਲ ਬੰਦੀਆਂ ਨੂੰ ਨਵਾਚਾਰ ਸਕਿਲ ਨੂੰ ਪ੍ਰੋਤਸਾਹਨ ਦਿੱਤਾ ਜਾ ਰਿਹਾ ਹੈ, ਤਾਂ ੧ ਸਜਾ ਬਾਅਦ ਕੈਦੀ ਸਮਾਜ ਦੀ ਮੁੱਖਧਾਰਾ ਵਿੱਚ ਸ਼ਾਮਿਲ ਹੋ ਸਕਣ।

ਐਤਵਾਰ ਨੂੰ ਜੇਲ੍ਹ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਜਿਲ੍ਹਾ ਜੇਲ੍ਹ, ਸੋਨੀਪਤ ਪਰਿਸਰ ਤੋਂ ਸੋਨੀਪਤ, ਕਰਨਾਲ, ਫਰੀਦਾਬਾਦ, ਹਿਸਾਰ, ਅੰਬਾਲਾ, ਯਮੁਨਾਨਗਰ ਅਤੇ ਨੂੰਹ ਜੇਲ੍ਹ ਪਰਿਸਰ ਵਿੱਚ ਸਥਾਪਿਤ ਜੇਲ ਫਿਲਿੰਗ ਸਟੇਸ਼ਨ ਦਾ ਉਦਘਾਟਨ ਕੀਤਾ।

ਜੇਲ੍ਹ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਬੰਦੀਆਂ ਨੂੰ ਉਨ੍ਹਾਂ ਦੇ ਚੰਗੇ ਆਚਰਣ ਦੇ ਆਧਾਰ ’ਤੇ ਜੇਲ੍ਹ ਤੋਂ ਬਾਹਰ ਕੰਮ ਦੇ ਮੌਕੇ ਦੀ ਸੰਭਾਵਨਾ ਨੂੰ ਦੇਖਦੇ ਹੋਏ ਉਸ ਸਮੇਂ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾ ਦੇ ਨਿਰਦੇਸ਼ ’ਤੇ ਕੁਰੂਕਸ਼ੇਤਰ ਜੇਲ੍ਹ ਵਿੱਚ ਪਾਇਲਟ ਪ੍ਰੋਜੈਕਟ ਵਜੋ ਜੇਲ੍ਹ ਫਿਲਿੰਗ ਸਟੇਸ਼ਨ ਦੀ ਸਥਾਪਨਾ ਕੀਤੀ ਗਈ ਸੀ, ਇਸ ਦੀ ਸਫਲਤਾ ਬਾਅਦ ਸੂਬੇ ਵਿੱਚ 11 ਜੇਲ੍ਹਾਂ ਵਿੱਚ ਜੇਲ੍ਹ ਫਿਲਿੰਗ ਸਟੇਸ਼ਨ ਸਥਾਪਿਤ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਅੱਜ ਇਸੀ ਪ੍ਰਕ੍ਰਿਆ ਵਿੱਚ 7 ਪੰਪਾਂ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਮਾਰਚ 2026 ਤੱਕ ਸੂਬੇ ਦੀ ਨਾਰਨੌਲ, ਭਿਵਾਨੀ, ਸਿਰਸਾ ਤੇ ਝੱਜਰ ਜੇਲ੍ਹ ਪਰਿਸਰ ਵਿੱਚ ਵੀ ਜੇਲ੍ਹ ਫਿਲਿੰਗ ਸਟੇਸ਼ਨ ਸਥਾਪਿਤ ਕੀਤੇ ਜਾਣਗੇ।

ਉਨ੍ਹਾਂ ਨੇ ਕਿਹਾ ਕਿ ਬੰਦੀਆਂ ਨੂੰ ਸਿਖਿਆ, ਵਿਸ਼ੇਸ਼ਕਰ ਨਵਾਚਾਰ ਅਤੇ ਸਕਿਲ ਵਿਕਾਸ ਨਾਲ ਭਰਪੂਰ ਸਿਖਿਆ ਉਪਲਬਧ ਕਰਵਾਉਣ ਵਿੱਚ ਹਰਿਆਣਾ ਦੀ ਜੇਲ੍ਹਾਂ ਮੋਹਰੀ ਹਨ। ਇਸੀ ਮਹੀਨੇ ਦੇਸ਼ ਦੇ ਚੀਫ ਜਸਟਿਸ ਸੂਰਿਅਕਾਂਤ ਵੱਲੋਂ ਗੁਰੂਗ੍ਰਾਮ ਜੇਲ੍ਹ ਤੋਂ ਆਈਟੀਆਈ ਦੇ ਡਿਪਲੋਮਾ ਕੋਰਸ ਤੇ ਪੋਲੀਟੈਕਨਿਕ ਕੋਰਸਾਂ ਦੀ ਸ਼ੁਰੂਆਤ ਕੀਤੀ ਗਈ ਸੀ, ਜਿਸ ਦਾ ਅੱਜ ਹੋਰ ਸੂਬੇ ਅਨੁਸਰਣ ਕਰ ਰਹੇ ਹਨ। ਹਰਿਆਣਾ ਯਕੀਨੀ ਕਰ ਰਿਹਾ ਹੈ ਕਿ ਜੇਲ੍ਹ ਤੋਂ ਬਾਹਰ ਆਉਣ ਦੇ ਬਾਅਦ ਕੈਦੀ ਸਨਮਾਨਜਨਕ ਰੁਜ਼ਗਾਰ ਪ੍ਰਾਪਤ ਕਰ ਸਕੇ ਅਤੇ ਸਮਾਜ ਦੀ ਮੁੱਖਧਾਰਾ ਵਿੱਚ ਜੁੜ ਸਕਣ। ਇਸ ਲਈ ਸੂਬੇ ਦੀ ਜੇਲ੍ਹਾਂ ਨੂੰ ਸੁਧਾਰ, ਸਿਖਿਆ ਅਤੇ ਆਤਮਨਿਰਭਰਤਾ ਦੇ ਪ੍ਰਤੀਕ ਬਨਾਉਣ ਦਾ ਕੰਮ ਕੀਤਾ ਜਾ ਰਿਹਾ ਹੈ। ਜੇਲ੍ਹ ਮਹਾਨਿਦੇਸ਼ਕ ਆਲੋਕ ਕੁਮਾਰ ਰਾਏ ਨੇ ਕਿਹਾ ਕਿ ਸੂਬੇ ਦੀ ਜੇਲ੍ਹਾਂ ਵਿੱਚ 50 ਗੈਂਗਸਟਰਾਂ ਨੂੰ ਵੱਖ-ਵੱਖ ਥਾਵਾਂ ’ਤੇ ਰੱਖਿਆ ਗਿਆ ਹੈ, ਤਾਂ ਜੋ ਉਨ੍ਹਾਂ ਦਾ ਨੈਟਵਰਕ ਨਾ ਬਣ ਸਕੇ। ਉਨ੍ਹਾਂ ਨੇ ਕਿਹਾ ਕਿ ਅੱਜ ਜੇਲ੍ਹਾਂ ਵਿੱਚ ਸੁਰੱਖਿਆ ਦੇ ਪੁਖਤਾ ਪ੍ਰਬੰਧਾਂ ਦੀ ਬਦੌਲਤ ਅਪਰਾਧੀਆਂ ’ਤੇ ਸਖਤ ਨਿਗਰਾਨੀ ਰੱਖੀ ਜਾ ਰਹੀ ਹੈ, ਤਾਂ ਜੋ ਉਹ ਹੋਰ ਅਪਰਾਧ ਵਿੱਚ ਭਾਗੀਦਾਰ ਨਾ ਬਣ ਸਕਣ।

# ਨਰੋਏ ਸਮਾਜ ਦੀ ਸਿਰਜਣਾ ਲਈ ਪਿੰਡ-ਪਿੰਡ ਕੀਤੀ ਜਾ ਰਹੀ ਹੈ ਪਹੁੰਚ ਸੀ.ਜੇ.ਐਮ ਨੀਰਜ ਗੋਇਲ

**ਹੁਸ਼ਿਆਰਪੁਰ, 2 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**




ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਨੌਜਵਾਨਾਂ ਨੂੰ ਨਸ਼ਿਆਂ ਤੇ ਹੋਰਨਾਂ ਅਲਾਮਤਾਂ ਤੋਂ ਬਚਾਅ ਕੇ ਨਰੋਏ ਸਮਾਜ ਦੀ ਸਿਰਜਣਾ ਲਈ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਵਿਆਪਕ ਜਾਗਰੂਕਤਾ ਮੁਹਿੰਮ ਚਲਾਈ ਗਈ ਹੈ, ਜਿਸ ਤਹਿਤ ਜ਼ਿਲ੍ਹੇ ਦੇ ਪਿੰਡ-ਪਿੰਡ ਪਹੁੰਚ ਕੇ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾ ਰਹੇ ਹਨ।ਇਹ ਜਾਣਕਾਰੀ ਦਿੰਦਿਆਂ ਸੀ.ਜੇ. ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਨੀਰਜ ਗੋਇਲ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਅੱਜ ਵੱਖ-ਵੱਖ ਪਿੰਡਾਂ, ਜਿਵੇਂ ਕਿ ਗ੍ਰਾਮ ਪੰਚਾਇਤ ਬੱਸੀ ਜਹੂਰਾ, ਗ੍ਰਾਮ ਪੰਚਾਇਤ ਬੱਠੀਆਂ ਬ੍ਰਾਹਮਣਾ, ਗ੍ਰਾਮ ਪੰਚਾਇਤ ਬਿਲਾਸਪੁਰ, ਗ੍ਰਾਮ ਪੰਚਾਇਤ ਬੂਥਗੜ੍ਹ, ਗ੍ਰਾਮ ਪੰਚਾਇਤ ਢਾਡਾ ਕਲਾਂ, ਗ੍ਰਾਮ ਪੰਚਾਇਤ ਮਾਨਾ, ਗ੍ਰਾਮ ਪੰਚਾਇਤ ਮੁਸਾਹਿਬਪੁਰ ਅਤੇ ਜੀ.ਐਨ.ਏ ਫੈਕਟਰੀ ਮੇਹਟੀਆਣਾ ਵਿਖੇ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਪੈਨਲ ਐਡਵੋਕੇਟਾਂ ਵੱਲੋਂ ਨਸ਼ਿਆਂ ਖਿਲਾਫ ਜਾਗਰੂਕਤਾ ਤੋਂ ਇਲਾਵਾ ’ਬਾਲ ਵਿਵਾਹ ਮੁਕਤ ਭਾਰਤ’ ਮੁਹਿੰਮ ਸਬੰਧੀ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਦਿੰਦੇ ਹੋਏ ਧਿਆਨ ਵਿੱਚ ਲਿਆਂਦਾ ਗਿਆ ਕਿ ਲੜਕੀ ਦੀ ਵਿਆਹ ਦੀ ਉਮਰ 18 ਸਾਲ ਤੋ ਘੱਟ ਨਾ ਹੋਵੇ ਅਤੇ ਲੜਕੇ ਦੀ ਉਮਰ 21 ਸਾਲ ਤੋ ਘੱਟ ਨਹੀਂ ਹੋਣੀ ਚਾਹੀਦੀ। ਇਸ ਦੇ ਨਾਲ ਹੀ ’ਨਾਲਸਾ’ ਦੀ ਵਾਤਾਵਰਨ ਕਾਨੂੰਨੀ ਸਾਖ਼ਰਤਾ ਅਤੇ ਭਾਈਚਾਰਕ ਸੁਰੱਖਿਆ ਪਹਿਲਕਦਮੀ, ਜਿਸ ਦਾ ਸਿਰਲੇਖ ’ਅੱਜ ਦੀ ਰੱਖਿਆ ਕਰੋ, ਕੱਲ੍ਹ ਨੂੰ ਸੁਰੱਖਿਅਤ ਕਰੋ’ ਸੀ, ਬਾਰੇ ਦੱਸਦੇ ਹੋਏ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਪਿੰਡਾਂ ਵਿੱਚ ਪਰਾਲੀ ਨੂੰ ਨਾ ਸਾੜਿਆ ਜਾਵੇ, ਨਾ ਹੀ ਪਲਾਸਟਿਕ ਨੂੰ ਅੱਗ ਲਗਾਈ ਜਾਵੇ। ਇਸ ਤੋਂ ਇਲਾਵਾ ਐਚ.ਆਈ.ਵੀ ਏਡਜ਼ ਮੁਹਿੰਮ ਬਾਰੇ ਜਾਣਕਾਰੀ ਦਿੱਤੀ ਗਈ। ਨਸ਼ਿਆਂ ਖਿਲਾਫ ਮੁਹਿੰਮ ਸਬੰਧੀ ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦਾ ਉਦੇਸ਼ ਨੌਜਵਾਨ ਪੀੜ੍ਹੀ ਨੂੰ ਭਵਿੱਖ ਵਿਚ ਨਸ਼ੇ ਨੂੰ ਤਿਆਗ ਕੇ ਚੰਗੇ ਕੰਮ ਕਰਨ ਲਈ ਪ੍ਰੇਰਿਤ ਕਰਨਾ ਹੈ, ਤਾਂ ਜੋ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਨਾਲਸਾ (ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੈਵੀਗੇਸ਼ਨ- ਡਰੱਗ ਮੁਕਤ ਭਾਰਤ ਲਈ), ਯੋਜਨਾ 2025 ਅਤੇ ਸਿਹਤ, ਪਰਿਵਾਰਕ ਅਤੇ ਸਮਾਜਿਕ ਜੀਵਨ ਤੇ ਨਸ਼ਿਆਂ ਦਾ ਪ੍ਰਭਾਵ ਅਤੇ ਐਨ.ਡੀ.ਪੀ.ਐਸ ਐਕਟ ਦੇ ਕਾਨੂੰਨੀ ਉਪਬੰਧਾਂ ਦਾ ਬਾਰੇ ਵੀ ਚਾਨਣਾ ਪਾਇਆ ਗਿਆ। ਅਖ਼ੀਰ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਿੱਚ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਵੱਲੋ ਪ੍ਰਚਾਰ ਸਮੱਗਰੀ ਵੰਡੀ ਗਈ।

# ਲਗਾਇਆ ਜਾਵੇਗਾ ਬਲਾਕ ਪੱਧਰੀ ਜਾਗਰੂਕਤਾ ਕੈਂਪ

**ਫਾਜ਼ਿਲਕਾ,2 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਔਰਤਾਂ ਨੂੰ ਰੋਜ਼ਗਾਰ ਤੇ ਸਿਹਤ ਸੁਰੱਖਿਆ ਪ੍ਰਦਾਨ ਕਰਨ ਹਿੱਤ ਅਬੋਹਰ ਦੇ ਡੀ.ਏ.ਵੀ ਕਾਲਜ ਦੇ (ਆਡੀਟੋਰੀਅਮ ਹਾਲ) ਵਿਖੇ ਮਿਤੀ 30 ਦਸੰਬਰ 2025 ਦਿਨ ਮੰਗਲਵਾਰ ਨੂੰ ਬਲਾਕ ਪੱਧਰੀ ਜਾਗਰੂਕਤਾ ਕੈਂਪ ਲਗਾਇਆ ਜਾਵੇਗਾ ।

ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਫਾਜਿਲਕਾ ਸ਼੍ਰੀਮਤੀ ਅਨੁਪ੍ਰਿਆ ਸਿੰਘ ਨੇ ਦੱਸਿਆ ਕਿ ਇਸ ਕੈਂਪ ਦੌਰਾਨ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਕੇਵਲ ਮਹਿਲਾਵਾਂ ਲਈ ਮੈਗਾ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਵਿੱਚ ਵਰਧਮਾਨ ਟੈਕਸਟਾਈਲ, ਸਕਾਈ ਇੰਟਰਨੈਸ਼ਨਲ, ਅਜਾਈਲ ਫਿਉਚਰ, ਐਲ.ਆਈ.ਸੀ. ਇੰਡੀਆ, ਪੁਖਰਾਜ ਹੈਲਥਕੇਅਰ ਤੇ ਯੂਨੀਵਰਸਲ ਇੰਟਰਨੈਸ਼ਨਲ ਕੰਪਨੀਆਂ ਭਾਗ ਲੈ ਰਹੀਆਂ ਹਨ। ਵਧੇਰੇ ਜਾਣਕਾਰੀ ਲਈ ਦਫਤਰ ਦੇ ਹੈਲਪਲਾਈਨ ਨੰਬਰ 89060 22220, 98145 43684 ਅਤੇ 79861 15001 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਇਸ ਮੌਕੇ ਸਿਹਤ ਵਿਭਾਗ ਵੱਲੋਂ ਔਰਤਾਂ ਦਾ ਬਲੱਡ ਪ੍ਰੈਸ਼ਰ, ਸ਼ੂਗਰ ਦੇ ਟੈਸਟ ਤੇ ਹੋਰ ਲੋੜੀਂਦੇ ਚੈਕਅੱਪ ਅਤੇ ਟੈਸਟ ਮੁਫਤ ਕੀਤਾ ਜਾਵੇਗਾ ਅਤੇ ਤੇ ਨਾਲ ਹੀ ਆਯੁਸ਼ਮਾਨ ਕਾਰਡ ਤੇ ਯੂ.ਡੀ.ਆਈ. ਡੀ ਕਾਰਡ ਬਣਉਣ ਦੀ ਸੁਵਿਧਾ ਵੀ ਮੁਫਤ ਦਿੱਤੀ ਜਾਵੇਗੀ। ਇਸ ਦੌਰਾਨ ਬਚਿਆਂ ਦੇ ਮਾਹਰ, ਗਾਇਨੀ, ਈ.ਐਨ.ਟੀ. ਤੇ ਡੈਂਟਲ ਆਦਿ ਡਾਕਟਰ ਕੈਂਪ ਵਿੱਚ ਮੌਜੂਦ ਰਹਿ ਕੇ ਸਿਹਤ ਸੇਵਾਵਾਂ ਪ੍ਰਦਾਨ ਕਰਨਗੇ। ਇਸ ਤੋਂ ਇਲਾਵਾ ਵੱਖ-ਵੱਖ ਵਿਭਾਗ ਜਿਵੇਂ ਕਿ ਦਫਤਰ ਜ਼ਿਲ੍ਹਾ ਪ੍ਰੋਗਰਾਮ ਅਫਸਰ, ਪੇਂਡੂ ਵਿਕਾਸ ਵਿਭਾਗ ਦੇ ਸੈਲਫ ਹੈਲਪ ਗਰੁੱਪ , ਸਖੀ. ਵਨ ਸਟਾਪ ਸੈਂਟਰ, ਬਾਲ ਸੁਰੱਖਿਆ ਯੂਨਿਟ ਆਦਿ ਹੋਰ ਵਿਭਾਗਾਂ ਵੱਲੋਂ ਔਰਤਾਂ / ਲੜਕੀਆਂ ਲਈ ਚੱਲ ਰਹੀਆਂ ਸਕੀਮਾਂ ਬਾਰੇ ਜਾਗਰੂਕ ਕੀਤਾ ਜਾਵੇਗਾ।

# ਬਠਿੰਡਾ ਨੂੰ ਆਦਰਸ਼ ਸ਼ਹਿਰ ਬਣਾਉਣ ਵੱਲ ਮੇਅਰ ਦਾ ਇੱਕ ਹੋਰ ਕਦਮ



**ਬਠਿੰਡਾ, 2 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਬਠਿੰਡਾ ਨੂੰ ਆਦਰਸ਼ ਸ਼ਹਿਰ ਬਣਾਉਣ ਦੇ ਮਕਸਦ ਤਹਿਤ ਦਿਨ-ਰਾਤ ਸਖ਼ਤ ਮਿਹਨਤ ਕਰ ਰਹੇ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਅੱਜ ਕੌਂਸਲਰ ਮਾਤਾ ਸ਼ੀਲਾ ਦੇਵੀ ਦੇ ਵਾਰਡ ਨੰਬਰ 19 ਦੇ ਬੰਗੀ ਨਗਰ ਵਿੱਚ ਸੜਕਾਂ ਦੇ ਸੁੰਦਰੀਕਰਨ ਲਈ ਕਰੀਬ 42 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਈਲਜ਼ ਲਗਾਉਣ ਦੇ ਕੰਮ ਦਾ ਸ਼ੁਭ ਆਰੰਭ ਕੀਤਾ। ਇਸ ਮੌਕੇ ਕੌਂਸਲਰ ਮਾਤਾ ਸ਼ੀਲਾ ਦੇਵੀ ਦੇ ਪੁੱਤਰ ਸ੍ਰੀ ਗੋਬਿੰਦ ਮਸੀਹ ਦੀ ਅਗਵਾਈ ਹੇਠ ਰੱਖੇ ਪ੍ਰੋਗ੍ਰਾਮ ਵਿੱਚ ਸੈਂਕੜੇ ਲੋਕ ਢੋਲ ਦੀਆਂ ਥਾਪਾਂ ‘ਤੇ ਮੇਅਰ ਦਾ ਨਿੱਘਾ ਸਵਾਗਤ ਕਰਦੇ ਨਜ਼ਰ ਆਏ।

ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕਿਹਾ ਕਿ ਬੰਗੀ ਨਗਰ ਦੇ ਵਿਕਾਸ ਲਈ ਪ੍ਰਸ਼ਾਸਨ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅੱਜ 42 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਈਲਜ਼ ਲਗਾਉਣ ਦੀ ਸ਼ੁਰੂਆਤ ਕੀਤੀ ਗਈ ਹੈ, ਜਦਕਿ ਇਸ ਤੋਂ ਪਹਿਲਾਂ ਇਸੇ ਹੀ ਇਲਾਕੇ ਵਿੱਚ ਕਰੀਬ 45 ਲੱਖ ਰੁਪਏ ਦੀ ਲਾਗਤ ਨਾਲ ਸੀਵਰੇਜ ਸਿਸਟਮ ਵਿੱਚ ਵੱਡੇ ਪੱਧਰ ‘ਤੇ ਸੁਧਾਰ ਕੀਤਾ ਗਿਆ ਹੈ।ਮੇਅਰ ਸ੍ਰੀ ਮਹਿਤਾ ਨੇ ਕਿਹਾ ਕਿ ਜੋ ਇਲਾਕਾ ਪਹਿਲਾਂ ਸਲੱਮ ਇਲਾਕੇ ਵਜੋਂ ਜਾਣਿਆ ਜਾਂਦਾ ਸੀ, ਉਥੇ ਹੁਣ ਵਿਕਾਸ ਦੀ ਨਵੀਂ ਤਸਵੀਰ ਸਾਹਮਣੇ ਆ ਰਹੀ ਹੈ ਅਤੇ ਸਲੱਮ ਦਾ ਦਾਗ ਵਿਵਸਥਿਤ ਯੋਜਨਾਬੱਧ ਕੰਮਾਂ ਰਾਹੀਂ ਧੋ ਦਿੱਤਾ ਗਿਆ ਹੈ।ਉਨ੍ਹਾਂ ਅੱਗੇ ਦੱਸਿਆ ਕਿ ਸਥਾਨਕ ਅਮਰਪੁਰਾ ਬਸਤੀ ਵਿੱਚ ਕਰੀਬ 26 ਕਰੋੜ ਰੁਪਏ ਦੀ ਲਾਗਤ ਨਾਲ ਪੀਣ ਵਾਲੇ ਪਾਣੀ ਦੀ ਪਾਈਪ ਲਾਈਨ ਦਾ ਵੱਡਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰੋਜੈਕਟ ਅਧੀਨ 10 ਲੱਖ ਲੀਟਰ ਗੈਲਣ ਕਪੈਸਿਟੀ ਵਾਲੀ ਪਾਣੀ ਦੀ ਟੈਂਕੀ ਤਿਆਰ ਕੀਤੀ ਜਾਵੇਗੀ ਅਤੇ ਕਰੀਬ 65 ਹਜ਼ਾਰ ਮੀਟਰ ਪਾਈਪ ਲਾਈਨ ਵਿਛਾਈ ਜਾ ਰਹੀ ਹੈ, ਜਿਸ ਨਾਲ ਲਗਭਗ ਤਿੰਨ ਵਾਰਡਾਂ ਦੇ ਨਿਵਾਸੀਆਂ ਨੂੰ ਸਾਫ਼ ਤੇ ਪੀਣਯੋਗ ਪਾਣੀ ਦੀ ਉਪਲਬਧਤਾ ਯਕੀਨੀ ਬਣੇਗੀ।

# ਪੰਜਾਬ ਭਵਨ ਕੈਨੇਡਾ ਦੀ ਅਗਵਾਈ ਚ ਜ਼ਿਲ੍ਹਾ ਫਾਜ਼ਿਲਕਾ ਦੀ ਟੀਮਾਂ ਦਾ ਪੁਨਰਗਠਨ

**ਫਾਜ਼ਿਲਕਾ, 2 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਭਰ ਚ ਪੰਜਾਬੀ ਦੀਆਂ ਵੱਖ-ਵੱਖ ਵੰਨਗੀਆਂ ਦੇ ਪ੍ਰਚਾਰ ਤੇ ਪਸਾਰ ਨੂੰ ਲੈ ਕੇ ਲਾਮਬੰਦੀ ’ਚ ਲੱਗੇ ਕੈਨੇਡਾ ਦੇ ਉੱਘੇ ਕਾਰੋਬਾਰੀ ਅਤੇ ਪੰਜਾਬ ਭਵਨ ਕੈਨੇਡਾ ਦੇ ਮੁੱਖ ਸੰਚਾਲਕ ਸੁੱਖੀ ਬਾਠ ਨੇ ਕਿਹਾ ਕਿ ਨਵੀਂ ਪੀੜ੍ਹੀ ਨੂੰ ਮਾਂ ਬੋਲੀ ਪੰਜਾਬੀ ਅਤੇ ਸਾਹਿਤਕ ਰੁਚੀਆਂ ਨਾਲ ਜੋੜਨ ਲਈ ਲਗਾਤਾਰ ਯਤਨਾਂ ਦੀ ਲੋੜ ਹੈ ਅਤੇ ਇਹ ਤਾਂ ਹੀ ਸੰਭਵ ਹੋ ਸਕਦਾ ਜੇਕਰ ਇਸ ਮੁਹਿੰਮ ਨਾਲ ਆਪਣੀ ਮਾਂ ਬੋਲੀ ਤੇ ਵਿਰਸੇ ਸਬੰਧੀ ਚਿੰਤਾ ਰੱਖਣ ਵਾਲੇ ਵਰਗ ਨੂੰ ਜੋੜਿਆ ਜਾਵੇ ਤੇ ਉਨ੍ਹਾਂ ਦੀਆਂ ਸੇਵਾਵਾਂ ਤੇ ਸੁਝਾਵਾਂ ਨੂੰ ਵੀ ਇਸ ਮੁਹਿੰਮ ਦਾ ਹਿੱਸਾ ਬਣਾਇਆ ਜਾਵੇ।

ਸ. ਬਾਠ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਿਚ ਪੰਜਾਬੀ ਦੀਆਂ ਬਾਲ ਸਾਹਿਤਕ ਕਾਨਫਰੰਸਾਂ ਸਮੇਤ ਦੋਵਾਂ ਦੇਸ਼ਾਂ ਦੇ ਬਾਲੜਿਆਂ ਦੀਆਂ ਰਚਨਾਵਾਂ ਨੂੰ ਕਿਤਾਬਾਂ ’ਚ ਪਰੋਣ ਤੇ ਇਸ ਮੁਹਿੰਮ ਨੂੰ ਪੰਜਾਬ ਭਵਨ ਕੈਨੇਡਾ ਦੀ ਅਗਵਾਈ ’ਚ ਜਥੇਬੰਦਕ ਢਾਂਚੇ ਦਾ ਰੂਪ ਦੇਣ ਦੇ ਵੱਡੇ ਯਤਨ ਕਰਕੇ ਵਾਪਸ ਪਰਤਣ ਉਪਰੰਤ ਕੈਨੇਡਾ ’ਚ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਵਿਸਥਾਰ ’ਚ ਦੱਸਿਆ ਪੰਜਾਬ ’ਚ ਜਿਥੇ ਆਪਣੀ ਹੀ ਧਰਤੀ ’ਤੇ ਮਾਂ ਬੋਲੀ ਨੂੰ ਖ਼ਤਰੇ ਵਰਗੇ ਤੌਖਲੇ ਪ੍ਰਗਟਾਏ ਜਾ ਰਹੇ ਹਨ, ਉਹ ਜਮੀਨੀ ਸੱਚਾਈ ਤੋਂ ਦੂਰ ਹਨ, ਕਿਉਂਕਿ ਪੰਜਾਬ ਦੇ ਸਕੂਲਾਂ ਤੋਂ ਹਜ਼ਾਰਾਂ ਬੱਚਿਆਂ ਵਲੋਂ ਸਾਹਿਤਕ ਰਚਨਾਵਾਂ ਲਿਖਣਾ ਤੇ ਬਾਲ ਕਾਨਫਰੰਸਾਂ ’ਚ ਹਜ਼ਾਰਾਂ ਬੱਚਿਆਂ ਵਲੋਂ ਸ਼ਮੂਲੀਅਤ ਕਰਨਾ ਇਸ ਡਰ ਨੂੰ ਲੋਕ ਮਨਾਂ ’ਚੋਂ ਦੂਰ ਕਰਦਾ ਸੱਚ ਹੈ। ਉਨ੍ਹਾਂ ਦੱਸਿਆ ਕਿ ਇਸ ਸਮੇਂ ’ਨਵੀਂਆਂ ਕਲਮਾਂ, ਨਵੀਂ ਉਡਾਣ’ ਮੁਹਿੰਮ ਪੰਜਾਬ ਦੇ 23 ਜ਼ਿਲ੍ਹਿਆਂ ਤੋਂ ਵੀ ਅੱਗੇ ਵੱਧ ਚੁੱਕੀ ਹੈ।

ਇਸ ਮੁਹਿੰਮ ਨੂੰ ਹੋਰ ਮਜ਼ਬੂਤ ਬਣਾਉਣ ਲਈ ਪੰਜਾਬ ਭਵਨ ਕੈਨੇਡਾ ਦੀ ਅਗਵਾਈ ਹੇਠ ਜ਼ਿਲ੍ਹਾ ਫਾਜ਼ਿਲਕਾ ਦੀ ਟੀਮ ਦਾ ਪੁਨਰਗਠਨ ਕੀਤਾ ਗਿਆ ਹੈ। ਇਸ ਟੀਮ ਵਿੱਚ ਤਰਨਦੀਪ ਸਿੰਘ ਮੁੱਖ ਸੰਪਾਦਕ ਭਾਗ-3 (ਨਵੀਆਂ ਕਲਮਾਂ ਨਵੀਂ ਉਡਾਣ) ਵਤਨ ਸਿੰਘ ਸੰਧੂ ਸਹਿ-ਸੰਪਾਦਕ ,ਸੋਨੀਆ ਬਜਾਜ ਜ਼ਿਲ੍ਹਾ ਪ੍ਰਧਾਨ, ਸਿਮਲਜੀਤ ਸਿੰਘ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ, ਨੀਤੂ ਬਾਲਾ, ਮਨੀਸ਼ ਕੁਮਾਰ, ਸੁਨੀਤਾ ਕੰਬੋਜ, ਸੁਰਿੰਦਰ ਸਿੰਘ ਸਾਮਾ ਅਤੇ ਪੁਸ਼ਪਾ ਰਾਣੀ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਟੀਮ ਜ਼ਿਲ੍ਹਾ ਪੱਧਰ ’ਤੇ ਬਾਲ ਲੇਖਕਾਂ ਨੂੰ ਉਤਸ਼ਾਹਿਤ ਕਰਨ, ਰਚਨਾਵਾਂ ਇਕੱਠੀਆਂ ਕਰਨ ਅਤੇ ਬਾਲ ਸਾਹਿਤ ਨੂੰ ਪ੍ਰਫੁੱਲਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ।

ਸੁੱਖੀ ਬਾਠ ਨੇ ਦੱਸਿਆ ਕਿ ਵਿਸ਼ਵ ਪੱਧਰ ’ਤੇ ਇਸ ਮੁਹਿੰਮ ਨੂੰ ਲਾਮਬੰਦ ਕਰਨ ਲਈ ਇਸ ਨੂੰ ਹਾਈਟੈਕ ਬਣਾਇਆ ਜਾਵੇਗਾ, ਜਿਸ ਨਾਲ ਆਨਲਾਈਨ ਪਲੇਟਫਾਰਮਾਂ ਰਾਹੀਂ ਵੱਧ ਤੋਂ ਵੱਧ ਬੱਚਿਆਂ ਨੂੰ ਜੋੜਿਆ ਜਾ ਸਕੇਗਾ। ਨਾਲ ਹੀ, ਫਾਜ਼ਿਲਕਾ ਜ਼ਿਲ੍ਹੇ ਦੇ ਬਾਲ ਲੇਖਕਾਂ ਦੀ ਬਾਲ ਸਾਹਿਤ ਦੀ ਤੀਜੀ ਕਿਤਾਬ ਲਈ ਰਚਨਾਵਾਂ ਇਕੱਠੀਆਂ ਕਰਨ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਸਾਰੇ ਪੰਜਾਬੀ ਪ੍ਰੇਮੀਆਂ ਨੂੰ ਅਪੀਲ ਕੀਤੀ ਕਿ ਇਸ ਮੁਹਿੰਮ ਨਾਲ ਜੁੜ ਕੇ ਮਾਂ ਬੋਲੀ ਦੇ ਪ੍ਰਚਾਰ ਵਿੱਚ ਯੋਗਦਾਨ ਪਾਉਣ।

# ਭਗਵਾਨ ਵਾਲਮੀਕਿ ਚੌਕ ਤੋਂ ਟਰਾਂਸਫਾਰਮਰ ਹਟਵਾਉਣ ਲਈ ਵਿਧਾਇਕ ਜਿੰਪਾ ਨੂੰ ਕੀਤਾ ਗਿਆ ਸਨਮਾਨਿਤ

**ਹੁਸ਼ਿਆਰਪੁਰ, 2 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**



ਭਗਵਾਨ ਵਾਲਮੀਕ ਚੌਕ ਦੇ ਸਾਹਮਣਿਓਂ ਟਰਾਂਸਫਾਰਮਰ ਹਟਵਾਉਣ ਲਈ ਅੱਜ ਵਾਲਮੀਕਿ ਭਾਈਚਾਰੇ ਵੱਲੋਂ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਚੌਕ ’ਤੇ ਕੀਤੇ ਸਮਾਗਮ ਦੌਰਾਨ ਸੰਡੇ ਮਾਰਕੀਟ ਐਸੋਸੀਏਸ਼ਨ ਵੱਲੋਂ ਕੇਕ ਕੱਟ ਕੇ ਵਿਧਾਇਕ ਜਿੰਪਾ ਦਾ ਜਨਮ ਦਿਨ ਵੀ ਮਨਾਇਆ ਗਿਆ। ਇਸ ਮੌਕੇ ਨਗਰ ਨਿਗਮ ਦੇ ਮੇਅਰ ਸੁਰਿੰਦਰ ਕੁਮਾਰ, ਕੌਂਸਲਰ ਅਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਇਸ ਮੌਕੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਗਵਾਨ ਵਾਲਮੀਕ ਚੌਕ ਸ਼ਹਿਰ ਦਾ ਕੇਂਦਰ ਬਿੰਦੂ ਹੈ ਅਤੇ ਇਸ ਦੀ ਸ਼ੋਭਾ ਵਧਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਚੌਕ ਦੇ ਸੁੰਦਰੀਕਰਨ ਲਈ ਰੰਗਲਾ ਪੰਜਾਬ ਸਕੀਮ ਤਹਿਤ 5 ਲੱਖ ਰੁਪਏ ਦੇ ਫੰਡ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਚੌਕ ਦੇ ਆਲੇ-ਦੁਆਲੇ ਨੂੰ ਲਾਈਟਾਂ ਨਾਲ ਖੂਬਸੂਰਤ ਬਣਾਇਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਚੌਕ ਵਿੱਚ ਲੱਗਾ ਟਰਾਂਸਫਾਰਮਰ ਇਸ ਦੀ ਸ਼ੋਭਾ ਵਿੱਚ ਅੜਚਣ ਬਣਿਆ ਹੋਇਆ ਸੀ, ਜਿਸ ਨੂੰ ਨਗਰ ਨਿਗਮ ਵੱਲੋਂ ਬਿਜਲੀ ਮਹਿਕਮੇ ਨੂੰ 2.93 ਲੱਖ ਰੁਪਏ ਦੀ ਅਦਾਇਗੀ ਕਰਕੇ ਹਟਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਵਾਲਮੀਕਿ ਭਾਈਚਾਰੇ ਦੀਆਂ ਸਾਰੀਆਂ ਮੰਗਾਂ ਨੂੰ ਪਹਿਲ ਦੇ ਆਧਾਰ ’ਤੇ ਪੂਰਾ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਵਾਲਮੀਕਿ ਭਾਈਚਾਰੇ ਵੱਲੋਂ ਬਸ ਸਟੈਂਡ ਅਤੇ ਸ਼ਵ ਵਾਹਨ ਸਬੰਧੀ ਮੰਗਾਂ ਨੂੰ ਵੀ ਜਲਦ ਪੂਰਾ ਕੀਤਾ ਜਾਵੇਗਾ।ਇਸ ਮੌਕੇ ਵਾਲਮੀਕਿ ਭਾਈਚਾਰੇ ਦੇ ਆਗੂਆਂ ਵੱਲੋਂ ਸ਼ਹਿਰ ਦੇ ਵਿਕਾਸ ਅਤੇ ਸਫ਼ਾਈ ਕਰਮਚਾਰੀਆਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ ’ਤੇ ਹੱਲ ਕਰਵਾਉਣ ਲਈ ਵਿਧਾਇਕ ਜਿੰਪਾ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਇਸ ਦੌਰਾਨ ਲੰਗਰ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਇਸ ਮੌਕੇ ਕਰਨਜੋਤ ਉਨ੍ਹਾਂ ਦੱਸਿਆ ਕਿ ਚੌਕ ਵਿੱਚ ਲੱਗਾ ਟਰਾਂਸਫਾਰਮਰ ਇਸ ਦੀ ਸ਼ੋਭਾ ਵਿੱਚ ਅੜਚਣ ਬਣਿਆ ਹੋਇਆ ਸੀ, ਜਿਸ ਨੂੰ ਨਗਰ ਨਿਗਆਦੀਆ, ਹਰੀ ਰਾਮ ਆਦੀਆ, ਖੁਸ਼ੀ ਰਾਮ ਧੀਮਾਨ ਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

# ਨਵੇਂ ਸਾਲ ਦੇ ਜਸ਼ਨਾਂ ਦੌਰਾਨ ਭਿਆਨਕ ਅੱਗ ਕਾਰਨ 40 ਮੌਤਾਂ, ਕਈ ਜ਼ਖਮੀ

## ਇਮਾਰਤ ਵਿੱਚ 100 ਤੋਂ ਜ਼ਿਆਦਾ ਲੋਕ ਮੌਜੂਦ ਸਨ



**ਬਰਲਿਨ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵਿਸ ਆਲਪਸ ਦੇ ਇੱਕ ਬਾਰ ਵਿੱਚ ਨਵੇਂ ਸਾਲ ਦੇ ਜਸ਼ਨਾਂ ਦੌਰਾਨ ਭਿਆਨਕ ਅੱਗ ਲੱਗਣ ਕਾਰਨ ਕਈ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖ਼ਮੀ ਹੋ ਗਏ ਹਨ, ਪੁਲੀਸ ਨੇ ਵੀਰਵਾਰ ਤੜਕੇ ਇਹ ਜਾਣਕਾਰੀ ਦਿੱਤੀ। ਪੁਲੀਸ ਅਨੁਸਾਰ ਸਵਿਟਜ਼ਰਲੈਂਡ ਦੀ ਐਲਪਾਈਨ ਸਕੀ ਰਿਜ਼ੌਰਟ ਨਗਰਪਾਲਿਕਾ ਕ੍ਰੈਨਸ-ਮੋਂਟਾਨਾ ਵਿੱਚ ਇਸ ਅੱਗ ਦੀ ਲਪੇਟ ਵਿੱਚ ਆਉਣ ਨਾਲ ਕਈ ਜਾਨਾਂ ਚਲੀਆਂ ਗਈਆਂ ਹਨ ਅਤੇ ਕਈ ਲੋਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਹਨ। ਉਧਰ ਰਾਇਟਰਜ਼ ਦੀ ਰਿਪੋਰਟ ਅਨੁਸਾਰ ਹਾਦਸੇ ਵਿੱਚ 40 ਲੋਕਾਂ ਦੀ ਮੌਤ ਹੋਈ ਹੈ। ਪੁਲੀਸ ਬੁਲਾਰੇ ਗੈਟਨ ਲੈਥੀਅਨ ਨੇ ਦੱਸਿਆ, ਅੱਗ ਅੱਜ ਤੜਕੇ ਲਗਭਗ 1:30 ਵਜੇ 'ਲੇ ਕੰਸਟੈਲੇਸ਼ਨ' (Le Constellation) ਨਾਮਕ ਬਾਰ ਵਿੱਚ ਲੱਗੀ। ਉਸ ਸਮੇਂ ਇਮਾਰਤ ਵਿੱਚ ਸੌ ਤੋਂ ਵੱਧ ਲੋਕ ਮੌਜੂਦ ਸਨ ਅਤੇ ਅਸੀਂ ਦੇਖ ਰਹੇ ਹਾਂ ਕਿ ਬਹੁਤ ਸਾਰੇ ਲੋਕ ਜ਼ਖ਼ਮੀ ਹਨ ਅਤੇ ਕਈਆਂ ਦੀ ਮੌਤ ਹੋ ਚੁੱਕੀ ਹੈ। ਲੈਥੀਅਨ ਨੇ ਦੱਸਿਆ ਕਿ ਪ੍ਰਭਾਵਿਤ ਪਰਿਵਾਰਾਂ ਲਈ ਇੱਕ ਰਿਸੈਪਸ਼ਨ ਸੈਂਟਰ ਅਤੇ ਹੈਲਪਲਾਈਨ ਸਥਾਪਤ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ, ÷ਅਸੀਂ ਅਜੇ ਆਪਣੀ ਜਾਂਚ ਦੇ ਸ਼ੁਰੂਆਤੀ ਪੜਾਅ 'ਤੇ ਹਾਂ, ਪਰ ਇਹ ਇੱਕ ਅੰਤਰਰਾਸ਼ਟਰੀ ਪੱਧਰ 'ਤੇ ਮਸ਼ਹੂਰ ਸਕੀ ਰਿਜ਼ੌਰਟ ਹੈ ਜਿੱਥੇ ਵੱਡੀ ਗਿਣਤੀ ਵਿੱਚ ਸੈਲਾਨੀ ਆਉਂਦੇ ਹਨ।÷ ਪੁਲੀਸ ਵੱਲੋਂ ਇਸ ਮਾਮਲੇ 'ਤੇ ਸਵੇਰੇ 10 ਵਜੇ ਕ੍ਰੈਨਸ-ਮੋਂਟਾਨਾ ਵਿੱਚ ਇੱਕ ਪ੍ਰੈਸ ਕਾਨਫਰੰਸ ਬੁਲਾਈ ਗਈ ਹੈ। ਇਹ ਇਲਾਕਾ ਸਵਿਸ ਆਲਪਸ ਦੇ ਬਿਲਕੁਲ ਦਿਲ ਵਿੱਚ ਸਥਿਤ ਹੈ, ਜੋ ਮੈਟਰਹੋਰਨ ਤੋਂ ਮਹਿਜ਼ 40 ਕਿਲੋਮੀਟਰ (25 ਮੀਲ) ਉੱਤਰ ਵਿੱਚ ਹੈ।

# ਭਾਰਤ ਅਤੇ ਪਾਕਿਸਤਾਨ ਵੱਲੋਂ ਪ੍ਰਮਾਣੂ ਟਿਕਾਣਿਆਂ ਤੇ ਕੈਦੀਆਂ ਦੀ ਸੂਚੀ ਦਾ ਆਦਾਨ-ਪ੍ਰਦਾਨ



**ਨਵੀਂ ਦਿੱਲੀ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਤੇ ਪਾਕਿਸਤਾਨ ਨੇ 1992 ਵਿੱਚ ਸ਼ੁਰੂ ਹੋਏ ਸਾਲਾਨਾ ਅਭਿਆਸ ਨੂੰ ਜਾਰੀ ਰੱਖਦੇ ਹੋਏ ਆਪਣੇ ਪ੍ਰਮਾਣੂ ਟਿਕਾਣਿਆਂ ਤੇ ਸੰਸਥਾਵਾਂ ਦੀਆਂ ਸੂਚੀਆਂ ਦਾ ਆਦਾਨ-ਪ੍ਰਦਾਨ ਕੀਤਾ। ਇਨ੍ਹਾਂ ਦੋਵਾਂ ਦੇਸ਼ਾਂ ਵਿਚ ਸਮਝੌਤਾ 1988 ਵਿਚ ਸਹੀਬੰਦ ਹੋਇਆ ਸੀ ਤੇ ਇਹ ਸਮਝੌਤਾ 27 ਜਨਵਰੀ 1991 ਨੂੰ ਲਾਗੂ ਹੋਇਆ ਸੀ। ਇਹ ਸਮਝੌਤਾ ਦੋਵਾਂ ਦੇਸ਼ਾਂ ਨੂੰ ਇਕ ਦੂਜੇ ਖ਼ਿਲਾਫ਼ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਤੋਂ ਰੋਕਦਾ ਹੈ। ਭਾਰਤ ਤੇ ਪਾਕਿਸਤਾਨ ਵਿਚ 7-10 ਮਈ ਦੇ ਫੌਜੀ ਟਕਰਾਅ ਤੋਂ ਬਾਅਦ ਦੋਵਾਂ ਦੇਸ਼ਾਂ ਨੇ ਪ੍ਰਮਾਣੂ ਟਿਕਾਣਿਆਂ ਤੇ ਸੰਸਥਾਵਾਂ ਦੀ ਸੂਚੀ ਦਾ ਆਦਾਨ ਪ੍ਰਦਾਨ ਕੀਤਾ ਹੈ। ਇਹ ਆਦਾਨ ਪ੍ਰਦਾਨ ਨਵੀਂ ਦਿੱਲੀ ਅਤੇ ਇਸਲਾਮਾਬਾਦ ਦਰਮਿਆਨ ਡਿਪਲੋਮੈਟਿਕ ਚੈਨਲਾਂ ਰਾਹੀਂ ਇੱਕੋ ਸਮੇਂ ਕੀਤਾ ਗਿਆ। ਦੋਵਾਂ ਧਿਰਾਂ ਨੇ ਇੱਕ ਦੂਜੇ ਦੀ ਹਿਰਾਸਤ ਵਿੱਚ ਕੈਦੀਆਂ ਦੀਆਂ ਸੂਚੀਆਂ ਵੀ ਇਕ ਦੂਜੇ ਨੂੰ ਸੌਂਪੀਆਂ। ਨਵੀਂ ਦਿੱਲੀ ਨੇ ਇਸਲਾਮਾਬਾਦ ਨੂੰ 167 ਭਾਰਤੀ ਮਛੇਰਿਆਂ ਅਤੇ ਨਾਗਰਿਕ ਕੈਦੀਆਂ ਦੀ ਰਿਹਾਈ ਵਿੱਚ ਤੇਜ਼ੀ ਲਿਆਉਣ ਦੀ ਅਪੀਲ ਕੀਤੀ ਕਿਉਂਕਿ ਉਹ ਆਪਣੀ ਜੇਲ੍ਹ ਦੀ ਮਿਆਦ ਪੂਰੀ ਕਰ ਚੁੱਕੇ ਹਨ। ਪਾਕਿਸਤਾਨ ਦੀ ਹਿਰਾਸਤ ਵਿੱਚ 35 ਨਾਗਰਿਕ ਕੈਦੀਆਂ ਅਤੇ ਮਛੇਰਿਆਂ ਤੱਕ ਤੁਰੰਤ ਪਹੁੰਚ ਕਰਨ ਦੀ ਵੀ ਮੰਗ ਕੀਤੀ ਗਈ।

ਵਿਦੇਸ਼ ਮੰਤਰਾਲੇ (ਐਮ.ਈ.ਏ.) ਨੇ ਕਿਹਾ ਕਿ ਪ੍ਰਮਾਣੂ ਸਥਾਪਨਾਵਾਂ ਦੀ ਸੂਚੀ ਦਾ ਆਦਾਨ-ਪ੍ਰਦਾਨ ਸਮਝੌਤੇ ਦੇ ਨਿਯਮਾਂ ਤਹਿਤ ਕੀਤਾ ਗਿਆ ਹੈ। ਇਹ ਸੂਚੀਆਂ ਅਜਿਹੇ ਸਮੇਂ ਸ਼ੇਅਰ ਕੀਤੀਆਂ ਗਈਆਂ ਹਨ ਜਦੋਂ ਦੋਵਾਂ ਦੇਸ਼ਾਂ ਦਰਮਿਆਨ ਤਣਾਅ ਸਿਖਰ 'ਤੇ ਹੈ।

# ਨਵੇਂ ਸਾਲ ਨੂੰ ਕਮਜ਼ੋਰ ਵਰਗਾਂ ਦੇ ਹੱਕਾਂ ਦੀ ਰਾਖੀ ਲਈ ਜਨ-ਅੰਦੋਲਨ ਬਣਾਓ: ਖੜਗੇ

**ਨਵੀਂ ਦਿੱਲੀ, 2 ਜਨਵਰੀ**
**-ਸ਼ਿਵ ਨਰਾਇਣ ਜਾਂਗੜਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਵੀਰਵਾਰ ਨੂੰ ਦੇਸ਼ ਵਾਸੀਆਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੰਦਿਆਂ ਇੱਕ ਅਹਿਮ ਸੱਦਾ ਦਿੱਤਾ ਹੈ। ਉਨ੍ਹਾਂ ਨੇ ਕਮਜ਼ੋਰ ਵਰਗਾਂ ਦੇ ਅਧਿਕਾਰਾਂ- ਕੰਮ ਕਰਨ ਦਾ ਅਧਿਕਾਰ, ਵੋਟ ਪਾਉਣ ਦਾ ਅਧਿਕਾਰ ਅਤੇ ਸਨਮਾਨ ਨਾਲ ਜਿਊਣ ਦੇ ਅਧਿਕਾਰ ਦੀ ਰਾਖੀ ਲਈ ਇਸ ਸਾਲ ਨੂੰ ਇੱਕ 'ਜਨ-ਅੰਦੋਲਨ' ਵਜੋਂ ਮਨਾਉਣ ਦੀ ਅਪੀਲ ਕੀਤੀ।

ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਰਾਹੀਂ ਖੜਗੇ ਨੇ ਸੰਵਿਧਾਨ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਸੁਰੱਖਿਅਤ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਉਨ੍ਹਾਂ ਕਿਹਾ, ਆਓ ਮਿਲ ਕੇ ਆਪਣੇ ਸੰਵਿਧਾਨ ਦੀ ਰਾਖੀ ਕਰੀਏ, ਨਾਗਰਿਕਾਂ ਨੂੰ ਸ਼ਕਤੀਸ਼ਾਲੀ ਬਣਾਈਏ ਅਤੇ ਸਮਾਜ ਵਿੱਚ ਸਦਭਾਵਨਾ ਨੂੰ ਮਜ਼ਬੂਤ ਕਰੀਏ।

ਉਨ੍ਹਾਂ ਨੇ ਨੌਜਵਾਨਾਂ ਲਈ ਰੁਜ਼ਗਾਰ, ਔਰਤਾਂ ਦੀ ਸੁਰੱਖਿਆ, ਕਿਸਾਨਾਂ ਦੀ ਖੁਸ਼ਹਾਲੀ ਅਤੇ ਹਾਸ਼ੀਏ 'ਤੇ ਪਏ ਲੋਕਾਂ ਲਈ ਸਨਮਾਨਜਨਕ ਜੀਵਨ ਨੂੰ ਸਾਂਝਾ ਸੰਕਲਪ ਬਣਾਉਣ ਦੀ ਗੱਲ ਕਹੀ।

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਵੀ ਦੇਸ਼ ਵਾਸੀਆਂ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੱਤੀ। ਉਨ੍ਹਾਂ ਨੇ ਆਪਣੀ ਪੋਸਟ ਵਿੱਚ ਲਿਖਿਆ, ਤੁਹਾਨੂੰ ਸਾਰਿਆਂ ਨੂੰ ਨਵਾਂ ਸਾਲ ਮੁਬਾਰਕ। ਉਮੀਦ ਹੈ ਕਿ ਇਹ ਸਾਲ ਤੁਹਾਡੇ ਲਈ ਬਹੁਤ ਸਾਰੀਆਂ ਖੁਸ਼ੀਆਂ, ਚੰਗੀ ਸਿਹਤ ਅਤੇ ਸਫ਼ਲਤਾ ਲੈ ਕੇ ਆਵੇਗਾ।

ਨਵੇਂ ਸਾਲ ਦੇ ਜਸ਼ਨਾਂ ਦੌਰਾਨ ਸਿਆਸੀ ਤਕਰਾਰ ਵੀ ਦੇਖਣ ਨੂੰ ਮਿਲੀ। ਖੜਗੇ ਨੇ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. (NDA) ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਦੋਸ਼ ਲਾਇਆ ਕਿ ਸਾਲ 2025 ਵਿੱਚ ਵੀ ਦੇਸ਼ 'ਤੇ ਭ੍ਰਿਸ਼ਟਾਚਾਰ ਅਤੇ ਕੁਸ਼ਾਸਨ ਦਾ ਪਰਛਾਵਾਂ ਰਿਹਾ। ਉਨ੍ਹਾਂ ਨੇ ਮਨਰੇਗਾ (MGNREGA) ਨੂੰ ਖ਼ਤਮ ਕਰਨ, ਡਿੱਗਦੇ ਰੁਪਏ ਅਤੇ ਵਧਦੀ ਬੇਰੁਜ਼ਗਾਰੀ ਸਮੇਤ 14 ਮੁੱਦਿਆਂ 'ਤੇ ਸਰਕਾਰ ਨੂੰ ਘੇਰਿਆ।

ਦੂਜੇ ਪਾਸੇ, ਭਾਜਪਾ ਪ੍ਰਧਾਨ ਜੇ.ਪੀ. ਨੱਡਾ ਨੇ ਪਲਟਵਾਰ ਕਰਦਿਆਂ ਖੜਗੇ 'ਤੇ ਮੋਦੀ ਸਰਕਾਰ ਖ਼ਿਲਾਫ਼ ਝੂਠ ਫੈਲਾਉਣ ਦੇ ਦੋਸ਼ ਲਾਏ। ਨੱਡਾ ਨੇ ਕਿਹਾ ਕਿ ਇਹ ਹੈਰਾਨੀ ਦੀ ਗੱਲ ਹੈ ਕਿ ਚੋਣਾਂ ਵਿੱਚ ਲਗਾਤਾਰ ਮਿਲ ਰਹੀ ਹਾਰ ਦੇ ਬਾਵਜੂਦ ਮੁੱਖ ਵਿਰੋਧੀ ਪਾਰਟੀ ਅਜੇ ਵੀ ਝੂਠ ਦਾ ਸਹਾਰਾ ਲੈ ਰਹੀ ਹੈ।

# ਨਵੇਂ ਸਾਲ 2026 ਦੀ ਆਮਦ 'ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਹਲਕਾ ਸੁਨਾਮ ਨੂੰ 55 ਕਰੋੜ ਰੁਪਏ ਦਾ ਦਿੱਤਾ ਤੋਹ.ਫਾ



**ਸੁਨਾਮ ਊਧਮ ਸਿੰਘ ਵਾਲਾ, 25 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸਾਲ 2026 ਦੇ ਪਹਿਲੇ ਦਿਨ ਆਪਣੇ ਵਿਧਾਨ ਸਭਾ ਹਲਕਾ ਸੁਨਾਮ ਊਧਮ ਸਿੰਘ ਵਾਲਾ ਨੂੰ 54.40 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਤੋਹਫ਼ਾ ਦਿੱਤਾ। ਇਹਨਾਂ ਵਿਕਾਸ ਕਾਰਜਾਂ ਵਿੱਚ ਸ਼ਹੀਦ ਊਧਮ ਸਿੰਘ ਸ਼ਹੀਦੀ ਯਾਦਗਾਰ ਦਾ ਨਵੀਨੀਕਰਨ, ਦੋ ਸ਼ਹੀਦੀ ਗੇਟ, ਸੁਨਾਮ ਸ਼ਹਿਰ ਦੇ 3500 ਦੇ ਕਰੀਬ ਘਰਾਂ ਨੂੰ ਸੀਵਰੇਜ ਸਹੂਲਤ ਨਾਲ ਜੋੜਨ ਤੋਂ ਇਲਾਵਾ ਹੋਰ ਕਈ ਵਿਕਾਸ ਕਾਰਜ ਸ਼ਾਮਿਲ ਹਨ। ਇਸ ਮੌਕੇ ਐੱਸ ਡੀ ਐੱਮ ਸ੍ਰੀ ਪ੍ਰਮੋਦ ਸਿੰਗਲਾ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਅਤੇ ਅਧਿਕਾਰੀ ਵੀ ਹਾਜ਼ਰ ਸਨ। ਸ਼ਹੀਦ ਊਧਮ ਸਿੰਘ ਸ਼ਹੀਦੀ ਯਾਦਗਾਰ ਵਿਖੇ ਸ਼ਹੀਦ ਊਧਮ ਸਿੰਘ ਨੂੰ ਨਤਮਸਤਕ ਹੋਣ ਅਤੇ ਨੀਂਹ ਪੱਥਰ ਰੱਖਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ਹੀਦੀ ਯਾਦਗਾਰ ਦੀ ਮੁਕੰਮਲ ਕਾਇਆ ਕਲਪ ਕੀਤੀ ਜਾਣੀ ਹੈ। ਜਿਸ ਉੱਤੇ 21.17 ਕਰੋੜ ਰੁਪਏ ਦੀ ਲਾਗਤ ਆਵੇਗੀ। ਇਸ ਤੋਂ ਇਲਾਵਾ ਸ਼ਹੀਦ ਊਧਮ ਸਿੰਘ ਜੀ ਦੀ ਯਾਦ ਵਿੱਚ ਇਲਾਕੇ ਵਿੱਚ ਦੋ ਵਿਸ਼ਾਲ ਗੇਟ ਉਸਾਰੇ ਜਾਣਗੇ। ਸ਼ਹੀਦੀ ਯਾਦਗਾਰ ਦੇ ਨਵੀਨੀਕਰਨ ਤਹਿਤ ਜਿੱਥੇ ਇਸ ਵਿੱਚ ਬੁਨਿਆਦੀ ਢਾਂਚੇ ਦਾ ਵਾਧਾ ਕੀਤਾ ਜਾਵੇਗਾ ਉਥੇ ਹੀ ਮੁਕੰਮਲ ਸੁੰਦਰੀਕਰਨ ਵੀ ਕੀਤਾ ਜਾਵੇਗਾ। ਇਸੇ ਤਰ੍ਹਾਂ ਸ਼ਹੀਦ ਊਧਮ ਸਿੰਘ ਦੀ ਯਾਦ ਵਿੱਚ ਦੋ ਵਿਸ਼ਾਲ ਗੇਟ ਲੋਕਾਂ ਦੀ ਇੱਛਾ ਅਨੁਸਾਰ ਬਣਾਏ ਜਾਣਗੇ। ਉਹਨਾਂ ਕਿਹਾ ਕਿ ਉਹਨਾਂ ਦੀ ਇੱਛਾ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਸ਼ਹੀਦ ਊਧਮ ਸਿੰਘ ਦੀ ਲਾਸਾਨੀ ਸ਼ਹਾਦਤ ਨੂੰ ਹਮੇਸ਼ਾਂ ਚੇਤਿਆਂ ਵਿੱਚ ਰੱਖਣ ਦੇ ਨਾਲ ਨਾਲ ਸਮਝਣ ਅਤੇ ਮਹਿਸੂਸ ਕਰਨ। ਪੱਤਰਕਾਰਾਂ ਵੱਲੋਂ ਪੁੱਛੇ ਜਾਣ ਉੱਤੇ ਉਹਨਾਂ ਕਿਹਾ ਕਿ ਸ਼ਹੀਦ ਊਧਮ ਸਿੰਘ ਦੀਆਂ ਬਰਤਾਨੀਆ ਵਿੱਚ ਪਈਆਂ ਆਖਰੀ ਵਸਤਾਂ/ ਨਿਸ਼ਾਨੀਆਂ ਨੂੰ ਭਾਰਤ ਵਾਪਿਸ ਲਿਆਉਣ ਲਈ ਕੇਂਦਰ ਸਰਕਾਰ ਨੂੰ ਯਤਨ ਕਰਨੇ ਚਾਹੀਦੇ ਹਨ। ਉਹਨਾਂ ਕਿਹਾ ਕਿ ਉਹਨਾਂ ਨੇ ਪਹਿਲਾਂ ਵੀ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਇਸ ਬਾਰੇ ਬਰਤਾਨੀਆ ਸਰਕਾਰ ਨਾਲ ਗੱਲ ਕੀਤੀ ਜਾਵੇ। ਉਹ ਹੁਣ ਫੇਰ ਕੇਂਦਰ ਸਰਕਾਰ ਨੂੰ ਅਪੀਲ ਕਰਨਗੇ ਕਿ ਇਹਨਾਂ ਵਸਤਾਂ/ ਨਿਸ਼ਾਨੀਆਂ ਨੂੰ ਭਾਰਤ ਵਾਪਿਸ ਲਿਆਂਦਾ ਜਾਵੇ। ਤਾਂ ਜੋ ਇਹਨਾਂ ਵਸਤਾਂ/ਨਿਸ਼ਾਨੀਆਂ ਨੂੰ ਸ਼ਹੀਦੀ ਯਾਦਗਾਰ ਵਿਖੇਸਤਿਕਾਰ ਸਹਿਤ ਰੱਖਿਆ ਜਾ ਸਕੇ। ਉਹਨਾਂ ਕਿਹਾ ਕਿ ਸੁਨਾਮ ਦੇ ਵੋਟਰਾਂ ਨੇ ਉਹਨਾਂ ਨੂੰ ਬਹੁਤ ਹੀ ਉਮੀਦ ਨਾਲ ਰਿਕਾਰਡਤੋੜ ਵੋਟਾਂ ਨਾਲ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਿਆ ਹੈ। ਇਸ ਲਈ ਉਹ ਆਪਣੀ ਡਿਊਟੀ ਨੂੰ ਸੇਵਾ ਸਮਝ ਕੇ ਕਰ ਰਹੇ ਹਨ। ਉਹਨਾਂ ਕਿਹਾ ਕਿ ਉਹਨਾਂ ਨੂੰ ਵਿਕਾਸ ਦੀ ਗੁੜ੍ਹਤੀ ਆਪਣੇ ਪਿਤਾ ਮਰਹੂਮ ਸ੍ਰੀ ਭਗਵਾਨ ਦਾਸ ਅਰੋੜਾ ਤੋਂ ਮਿਲੀ ਹੈ। ਉਹ ਆਪਣੇ ਨਿੱਜ ਤੋਂ ਉੱਪਰ ਉੱਠ ਕੇ ਲੋਕਾਂ ਦੀਆਂ ਉਮੀਦਾਂ ਉੱਤੇ ਖ਼ਰਾ ਉਤਰਨਾ ਚਾਹੁੰਦੇ ਹਨ। ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਨਲਾਇਕੀ ਦੇ ਚੱਲਦਿਆਂ ਅੱਜ ਵੀ ਸੁਨਾਮ ਸ਼ਹਿਰ ਦੇ 3500 ਦੇ ਕਰੀਬ ਘਰਾਂ ਕੋਲ ਸੀਵਰੇਜ ਦੀ ਸਹੂਲਤ ਨਹੀਂ ਹੈ। ਉਹਨਾਂ ਕਿਹਾ ਕਿ ਅੱਜ ਇਹਨਾਂ ਬਾਕੀ ਰਹਿੰਦੇ 3500 ਘਰਾਂ ਨੂੰ ਜਲਦ ਹੀ ਸੀਵਰੇਜ ਦੀ ਸਹੂਲਤ ਨਾਲ ਜੋੜਨ ਦੇ ਕੰਮ ਦੀ ਵੀ ਸ਼ੁਰੂਆਤ ਕੀਤੀ ਗਈ ਹੈ। ਇਸ ਪ੍ਰੋਜੈਕਟ ਤਹਿਤ 29.54 ਕਰੋੜ ਰੁਪਏ ਦੀ ਲਾਗਤ ਨਾਲ 30 ਕਿਲੋਮੀਟਰ ਪਾਈਪ ਲਾਈਨ ਪਾਈ ਜਾਵੇਗੀ। ਜਿਸ ਉਪਰੰਤ ਪੂਰਾ ਸ਼ਹਿਰ ਸੀਵਰੇਜ ਦੀ ਸਹੂਲਤ ਨਾਲ ਜੁੜ ਜਾਵੇਗਾ। ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਹਲਕੇ ਵਿੱਚ 85 ਕਰੋੜ ਰੁਪਏ ਦੇ ਕੰਮ ਪੂਰੇ ਜ਼ੋਰਾਂ ਉੱਤੇ ਚੱਲ ਰਹੇ ਹਨ। ਉਹਨਾਂ ਕਿਹਾ ਕਿ ਇਹ ਸਾਰੇ ਵਿਕਾਸ ਕੰਮ, ਜੋ ਕਿ 140 ਕਰੋੜ ਰੁਪਏ ਦੇ ਬਣਦੇ ਹਨ, 31 ਜੁਲਾਈ, 2026 ਤੱਕ ਮੁਕੰਮਲ ਕਰਨ ਦਾ ਟੀਚਾ ਹੈ। ਇਸ ਤੋਂ ਇਲਾਵਾ ਉਹਨਾਂ ਨੇ ਸ਼ਹਿਰ ਵਿੱਚ ਕਰੀਬ 5 ਕਰੋੜ ਰੁਪਏ ਦੇ ਹੋਰ ਵੀ ਕਈ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਅਤੇ ਉਦਘਾਟਨ ਕੀਤਾ। ਇਹਨਾਂ ਕਾਰਜਾਂ ਵਿੱਚ ਸਤੀ ਸ਼ਿਵਾਲਾ ਮੰਦਿਰ ਜਖੇਪਲ ਰੋਡ ਵਿਖੇ ਕਮਰਿਆਂ ਦਾ ਉਦਘਾਟਨ, ਫਤਿਹ ਨਗਰ ਬਖਸ਼ੀਵਾਲਾ ਮੋੜ ਵਿਖੇ ਨਵੇਂ ਕੰਮਾਂ ਦੀ ਸ਼ੁਰੂਆਤ, ਪੀਰ ਬੰਨਾ ਬਨੋਈ ਰੋਡ ਨੇੜੇ ਐਚ 9 ਹੋਟਲ ਵਿਖੇ ਨਵੇਂ ਕੰਮਾਂ ਦੀ ਸ਼ੁਰੂਆਤ, ਰੇਗਰ ਧਰਮਸ਼ਾਲਾ ਵਿਖੇ ਨਵੇਂ ਕੰਮਾਂ ਦੀ ਸ਼ੁਰੂਆਤ, ਗੀਤਾ ਭਵਨ ਰੋਡ 'ਤੇ ਗੇਟ ਦਾ ਨੀਂਹ ਪੱਥਰ ਅਤੇ ਚੌਕ ਮਹੰਤਾਂ ਦਾ ਡੇਰਾ ਨਵੇਂ ਕੰਮਾਂ ਦੀ ਸ਼ੁਰੂਆਤ ਸ਼ਾਮਿਲ ਹੈ। ਇਸ ਮੌਕੇ ਉਹਨਾਂ ਵਿਰੋਧੀ ਪਾਰਟੀਆਂ ਨੂੰ ਵੀ ਨਸੀਹਤ ਦਿੱਤੀ ਕਿ ਜੇਕਰ ਉਹ ਵਿਕਾਸ ਕਾਰਜਾਂ ਵਿੱਚ ਯੋਗਦਾਨ ਨਹੀਂ ਪਾ ਸਕਦੇ ਤਾਂ ਅੜਿੱਕੇ ਵੀ ਨਾ ਲਾਉਣ।

# ਆਲ ਇੰਡੀਆ ਡਿਟੈਕਟਿਵ ਐਂਟੀ ਕ੍ਰਾਈਮ ਬਿਉਰੋ ਵਲੋਂ ਪੈਟਰੋਲਿੰਗ ਗੱਡੀ ਦੀ ਸ਼ੁਰੂਆਤ



**ਫਗਵਾੜਾ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਲ ਇੰਡੀਆ ਡਿਟੈਕਟਿਵ ਐਂਟੀ ਕ੍ਰਾਈਮ ਬਿਉਰੋ ਫਗਵਾੜਾ ਵਲੋਂ ਪੈਟਰੋਲਿਗ ਗੱਡੀ ਦੀ ਸ਼ੁਰੂਆਤ ਕੀਤੀ ਗਈ ਜਿਸ ਦਾ ਵਿਧੀਵੱਤ ਰੂਪ ਚ ਥਾਣਾ ਸਤਨਾਮਪੁਰਾ ਦੇ ਮੁੱਖ ਥਾਣਾ ਅਫਸਰ ਹਰਦੀਪ ਸਿੰਘ ਮਾਨ ਵਲੋਂ ਉਦਘਾਟਨ ਕੀਤਾ ਗਿਆ ਉਨ੍ਹਾਂ ਸੰਸਥਾ ਵਲੋਂ ਕੀਤੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਇਸ ਨੂੰ ਸਮਾਜ ਲਈ ਇੱਕ ਨੇਕ ਕਾਰਜ ਦੱਸਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਆਲ ਇੰਡੀਆ ਡਿਟੈਕਟਿਵ ਐਂਟੀ ਕ੍ਰਾਈਮ ਬਿਉਰੋ ਦੇ ਚੈਅਰਮੈਨ ਰਾਜੀਵ ਦੁੱਗਲ ਅਤੇ ਵਿਸ਼ਾਲ ਬਾਲੀ ਨੇ ਦੱਸਿਆ ਕਿ ਇਸ ਪੈਟਰੋਲਿਗ ਗੱਡੀ ਦਾ ਮੁੱਖ ਮੰਤਵ ਕਿਸੇ ਔਰਤ ਜਾ ਲੜਕੀ ਨੂੰ ਰਾਹਗੀਰ ਰਸਤੇ ਵਿੱਚ ਪ੍ਰੇਸ਼ਾਨੀ ਆਉਦੀ ਹੋਵੇ , ਲੜਕੀਆ ਨੂੰ ਸਕੂਲ ਆਉਦੇ ਜਾਦੇ ਸਮੇ ਰਸਤੇ ਵਿੱਚ ਪ੍ਰੇਸ਼ਾਨੀ ਆਉਦੀ ਹੋਵੇ, ਕੋਈ ਸਰਕਾਰੀ ਕੰਮ ਕਰਵਾਉਣ ਲਈ ਪੈਸਿਆ ਦੀ ਰਿਸ਼ਵਤ ਦੀ ਮੰਗ ਕਰਦਾ ਹੋਵੇ, ਕੋਈ ਨਸ਼ੇ ਦਾ ਕਾਰੋਬਾਰ ਕਰਦਾ ਹੋਵੇ, ਕੋਈ ਦੇਹ ਵਪਾਰ ਦਾ ਧੰਦਾ ਕਰਦਾ ਹੋਵੇ, ਰੋਡ ਐਕਸੀਡੈਂਟ ਮਰੀਜ ਹੋਵੇ, ਕੋਈ ਐਮ ਸੀ ਜਾ ਸਰਪੰਚ ਪਿੰਡ ਦਾ ਵਿਕਾਸ ਨਹੀ ਕਰਦਾ ਹੋਵੇ ਤਾਂ ਤੁਰੰਤ ਹੇਠ ਲਿਖੇ 90411-98200 , 88725-23429 ਨੰਬਰਾਂ ਤੇ ਸੰਪਰਕ ਕਰ ਇਸ ਦੀ ਸੂਚਨਾ ਦਿੱਤੀ ਜਾ ਸਕਦੀ ਹੈ ਇਸ ਮੌਕੇ ਆਲ ਇੰਡੀਆ ਡਿਟੈਕਟਿਵ ਐਂਟੀ ਕ੍ਰਾਈਮ ਬਿਉਰੋ ਦੇ ਚੇਅਰਮੈਨ ਰਾਜੀਵ ਦੁੱਗਲ , ਰਣਧੀਰ ਕਰਵਲ ,

ਰਾਜਵੀਰ ਸਿੰਘ ਵਾਇਸ ਚੇਅਰਮੈਨ , ਪੰਜਾਬ ਚੈਅਰਮੈਨ ਵਿਸ਼ਾਲ ਬਾਲੀ , ਜ਼ਿਲ੍ਹਾ ਕਪੂਰਥਲਾ ਪ੍ਰਧਾਨ ਮਨੋਜ ਕੁਮਾਰ ,ਫਗਵਾੜਾ ਸਿਟੀ ਪ੍ਰਧਾਨ ਗਗਨ ਕੁਮਾਰ ਚੱਢਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮੈਂਬਰ ਮੌਜੂਦ ਸਨ।

# ਪੰਜਾਬ-ਹਰਿਆਣਾ ਹਾਈ ਕੋਰਟ ਵਿੱਚ ਪੈਂਡਿੰਗ ਕੇਸਾਂ ਵਿੱਚ ਵੱਡੀ ਕਮੀ: 11000 ਤੋਂ ਵਧ ਕੇਸ ਘਟੇ

**ਚੰਡੀਗੜ੍ਹ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਲੰਬਿਤ (ਪੈਂਡਿੰਗ) ਕੇਸਾਂ ਦੀ ਗਿਣਤੀ ਵਿੱਚ ਵੱਡੀ ਗਿਰਾਵਟ ਦੇਖਣ ਨੂੰ ਮਿਲੀ ਹੈ, ਜੋ ਕਿ ਪਿਛਲੇ ਕੁਝ ਸਾਲਾਂ ਦੇ ਰੁਝਾਨ ਦੇ ਉਲਟ ਇੱਕ ਸਕਾਰਾਤਮਕ ਸੰਕੇਤ ਹੈ।

'ਨੈਸ਼ਨਲ ਜੁਡੀਸ਼ੀਅਲ ਡੇਟਾ ਗ੍ਰਿਡ' (NJDG) ਦੇ ਤਾਜ਼ਾ ਅੰਕੜਿਆਂ ਅਨੁਸਾਰ, ਇਸ ਵੇਲੇ ਅਦਾਲਤ ਵਿੱਚ ਕੁੱਲ ਪੈਂਡਿੰਗ ਕੇਸ 4,20,880 ਰਹਿ ਗਏ ਹਨ। ਜਨਵਰੀ 2025 ਵਿੱਚ ਇਹ ਗਿਣਤੀ 4,32,227 ਸੀ, ਜਿਸਦਾ ਮਤਲਬ ਹੈ ਕਿ ਇੱਕ ਸਾਲ ਵਿੱਚ 11,347 ਕੇਸਾਂ ਦੀ ਕਮੀ ਆਈ ਹੈ। ਔਸਤਨ ਹਰ ਮਹੀਨੇ ਲਗਭਗ 945 ਕੇਸ ਘਟ ਰਹੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਕੇਸਾਂ ਦੀ ਗਿਣਤੀ ਵਿੱਚ ਇਹ ਗਿਰਾਵਟ ਉਸ ਸਮੇਂ ਆ ਰਹੀ ਹੈ ਜਦੋਂ ਹਾਈ ਕੋਰਟ ਵਿੱਚ ਜੱਜਾਂ ਦੀ ਲਗਭਗ 30 ਫੀਸਦੀ ਕਮੀ ਹੈ। ਅਦਾਲਤ ਵਿੱਚ ਜੱਜਾਂ ਦੀਆਂ ਕੁੱਲ 85 ਮਨਜ਼ੂਰ ਅਸਾਮੀਆਂ ਵਿੱਚੋਂ ਸਿਰਫ਼ 59 ਜੱਜ ਹੀ ਕੰਮ ਕਰ ਰਹੇ ਹਨ, ਅਤੇ ਇਸ ਸਾਲ 6 ਹੋਰ ਜੱਜ ਸੇਵਾਮੁਕਤ ਹੋਣ ਵਾਲੇ ਹਨ। ਪਹਿਲਾਂ ਜੱਜਾਂ ਦੀ ਕਮੀ ਕਾਰਨ ਕੇਸਾਂ ਦੀ ਗਿਣਤੀ ਸਥਿਰ ਰਹਿੰਦੀ ਸੀ ਜਾਂ ਵਧਦੀ ਸੀ, ਪਰ ਹੁਣ ਨਿਪਟਾਰੇ ਦੀ ਦਰ ਵਿੱਚ ਤੇਜ਼ੀ ਆਈ ਹੈ। ਅੰਕੜਿਆਂ ਅਨੁਸਾਰ ਸਿਵਲ ਕੇਸਾਂ ਦੀ ਗਿਣਤੀ 2,68,279 ਤੋਂ ਘਟ ਕੇ 2,56,049 ਰਹਿ ਗਈ ਹੈ, ਜਦਕਿ ਫੌਜਦਾਰੀ (Criminal) ਕੇਸਾਂ ਦੀ ਗਿਣਤੀ 1,64,831 ਹੈ। ਇੱਕ ਸਾਲ ਤੋਂ ਵੱਧ ਪੁਰਾਣੇ ਕੇਸਾਂ ਵਿੱਚ ਵੀ ਮਾਮੂਲੀ ਸੁਧਾਰ ਹੋਇਆ ਹੈ। ਹੁਣ 83.72 ਫੀਸਦੀ ਕੇਸ ਇੱਕ ਸਾਲ ਤੋਂ ਵੱਧ ਪੁਰਾਣੇ ਹਨ, ਜੋ ਪਹਿਲਾਂ 85 ਫੀਸਦੀ ਦੇ ਕਰੀਬ ਸਨ।

## ਬਜ਼ੁਰਗਾਂ ਦੀ ਇੱਜ਼ਤ ਅਤੇ ਸੁਰੱਖਿਆ ਲਈ ਮਾਨ ਸਰਕਾਰ ਦਾ ਵੱਡਾ ਕਦਮ

# ਸਾਡੇ ਬਜ਼ੁਰਗ ਸਾਡਾ ਮਾਣ ਰਾਜ-ਪੱਧਰੀ ਮੁਹਿੰਮ 16 ਜਨਵਰੀ ਤੋਂ ਸ਼ੁਰੂ : ਡਾ. ਬਲਜੀਤ ਕੌਰ

**ਚੰਡੀਗੜ੍ਹ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ, ਸੁਰੱਖਿਆ ਅਤੇ ਇੱਜ਼ਤ ਭਰੀ ਜ਼ਿੰਦਗੀ ਯਕੀਨੀ ਬਣਾਉਣ ਲਈ ਲਗਾਤਾਰ ਸੰਵੇਦਨਸ਼ੀਲ ਅਤੇ ਕਾਰਜਸ਼ੀਲ ਹੈ। ਇਸੇ ਕੜੀ ਤਹਿਤ ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਪੰਜਾਬ ਭਵਨ, ਚੰਡੀਗੜ੍ਹ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਐਲਾਨ ਕੀਤਾ ਕਿ ਬਜ਼ੁਰਗਾਂ ਲਈ ਰਾਜ-ਪੱਧਰੀ ਮੁਹਿੰਮ ਸਾਡੇ ਬਜ਼ੁਰਗ ਸਾਡਾ ਮਾਣ ਦੀ ਸ਼ੁਰੂਆਤ 16 ਜਨਵਰੀ ਤੋਂ ਜ਼ਿਲ੍ਹਾ ਐਸ.ਏ.ਐਸ ਨਗਰ (ਮੋਹਾਲੀ) ਤੋਂ ਕੀਤੀ ਜਾਵੇਗੀ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਹਰ ਸਾਲ 1 ਅਕਤੂਬਰ ਨੂੰ ਬਜ਼ੁਰਗਾਂ ਦਾ ਅੰਤਰਰਾਸ਼ਟਰੀ ਦਿਵਸ ਮਨਾਇਆ ਜਾਂਦਾ ਹੈ ਅਤੇ ਇਸ ਸੰਦਰਭ ਵਿੱਚ ਪੰਜਾਬ ਸਰਕਾਰ ਵੱਲੋਂ ਸਾਲ 2023 ਤੋਂ ਸਾਡੇ ਬਜ਼ੁਰਗ ਸਾਡਾ ਮਾਣ ਮੁਹਿੰਮ ਚਲਾਈ ਜਾ ਰਹੀ ਹੈ। ਸਾਲ 2023 ਦੌਰਾਨ ਲਗਾਏ ਗਏ ਕੈਂਪਾਂ ਵਿੱਚ 20,110 ਰਜਿਸਟ੍ਰੇਸ਼ਨ ਹੋਈਆਂ, ਜਿਨ੍ਹਾਂ ਤਹਿਤ ਅੱਖਾਂ, ਕੰਨ-ਨੱਕ-ਗਲਾ (5©"), ਮੋਤੀਆ ਸਰਜਰੀ ਦੀ ਜਾਂਚ, ਐਨਕਾਂ ਦੀ ਵੰਡ, ਪੈਨਸ਼ਨ ਫਾਰਮ, ਸੀਨੀਅਰ ਸਿਟੀਜ਼ਨ ਕਾਰਡ ਅਤੇ ਆਯੁਸ਼ਮਾਨ ਕਾਰਡ ਆਦਿ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ।

ਉਨ੍ਹਾਂ ਕਿਹਾ ਕਿ ਇਸ ਲੜੀ ਨੂੰ ਅੱਗੇ ਵਧਾਉਂਦੇ ਹੋਏ ਸਾਲ 2026 ਵਿੱਚ ਵੀ ਇਹ ਮੁਹਿੰਮ ਪੂਰੇ ਰਾਜ ਵਿੱਚ ਜ਼ਿਲ੍ਹਾ-ਵਾਰ ਕੈਂਪਾਂ ਰਾਹੀਂ ਚਲਾਈ ਜਾਵੇਗੀ। ਇਨ੍ਹਾਂ ਕੈਂਪਾਂ ਵਿੱਚ ਬਜ਼ੁਰਗਾਂ ਨੂੰ ਮੁਫ਼ਤ ਸਿਹਤ ਸਹੂਲਤਾਂ, ਮੋਤੀਆਬਿੰਦ ਸਰਜਰੀ, ਜੈਰੀਆਟ੍ਰਿਕ ਜਾਂਚ, ਕੰਨ-ਨੱਕ-ਗਲਾ ਜਾਂਚ, ਯੋਗਾ ਸੈਸ਼ਨ, ਕਾਨੂੰਨੀ ਜਾਗਰੂਕਤਾ ਅਤੇ ਹੋਰ ਲੋੜੀਂਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

ਡਾ. ਬਲਜੀਤ ਕੌਰ ਨੇ ਜਾਣਕਾਰੀ ਦਿੱਤੀ ਕਿ ਬਜ਼ੁਰਗਾਂ ਲਈ ਰਾਜ ਸਰਕਾਰ ਦੀ ਕਾਰਜ ਯੋਜਨਾ ਵਿੱਤੀ ਸਾਲ 2025-26 ਤਹਿਤ 786.83 ਲੱਖ ਰੁਪਏ ਖਰਚ ਕੀਤੇ ਜਾਣਗੇ, ਜਿਸ ਅਧੀਨ ਮੁਫ਼ਤ ਮੈਡੀਕਲ ਕੈਂਪ, ਐਨ.ਸੀ.ਡੀ.ਅਤੇ ਡਿਮੈਂਸ਼ੀਆ ਸਕ੍ਰੀਨਿੰਗ, ਜੈਰੀਆਟ੍ਰਿਕ ਕੇਅਰਗਿਵਰਾਂ ਦੀ ਟ੍ਰੇਨਿੰਗ, ਰਾਜ-ਪੱਧਰੀ ਮੀਡੀਆ ਅਤੇ ਜਾਗਰੂਕਤਾ ਅਭਿਆਨ ਚਲਾਏ ਜਾਣਗੇ। ਇਸ ਦੇ ਨਾਲ ਹੀ ਬਜ਼ੁਰਗਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਮੁਫ਼ਤ ਹੈਲਪਲਾਈਨ ਨੰਬਰ 14567 ਵੀ ਚਲਾਈ ਜਾ ਰਹੀ ਹੈ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਬਜ਼ੁਰਗਾਂ ਦੀ ਭਲਾਈ, ਸਿਹਤ ਸੇਵਾਵਾਂ, ਓਲਡ ਏਜ ਹੋਮਾਂ, ਡੇ ਕੇਅਰ ਸੈਂਟਰਾਂ, ਜਾਗਰੂਕਤਾ ਅਭਿਆਨਾਂ ਅਤੇ ਹੋਰ ਸੰਬੰਧਤ ਗਤੀਵਿਧੀਆਂ ਲਈ ਪੰਜਾਬ ਸਰਕਾਰ ਵੱਲੋਂ ਕੁੱਲ ਮਿਲਾ ਕੇ ਕਰੀਬ 24 ਕਰੋੜ ਰੁਪਏ ਖਰਚ ਕੀਤੇ ਜਾਣਗੇ, ਜੋ ਕਿ ਬਜ਼ੁਰਗਾਂ ਪ੍ਰਤੀ ਮਾਨ ਸਰਕਾਰ ਦੀ ਮਜ਼ਬੂਤ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਮਾਤਾ-ਪਿਤਾ ਅਤੇ ਸੀਨੀਅਰ ਨਾਗਰਿਕਾਂ ਦੀ ਪਾਲਣਾ ਅਤੇ ਭਲਾਈ ਐਕਟ, 2007 ਤਹਿਤ ਬਜ਼ੁਰਗਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਕਾਨੂੰਨੀ ਪ੍ਰਬੰਧ ਕੀਤੇ ਗਏ ਹਨ ਅਤੇ Maintenance Tribunal å¶ Appellate Tribunal ਰਾਹੀਂ ਹੁਣ ਤੱਕ ਹਜ਼ਾਰਾਂ ਕੇਸਾਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ।

# ਅਣਪਛਾਤੇ ਵਾਹਨ ਦੀ ਟੱਕਰ ਕਾਰਨ 3 ਨੌਜਵਾਨਾਂ ਦੀ ਮੌਤ

**ਹੁਸ਼ਿਆਰਪੁਰ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਗੜ੍ਹਸ਼ੰਕਰ ਇਲਾਕੇ ਵਿੱਚ ਵੀਰਵਾਰ ਸਵੇਰੇ ਇੱਕ ਅਣਪਛਾਤੇ ਵਾਹਨ ਵੱਲੋਂ ਮੋਟਰਸਾਈਕਲ ਨੂੰ ਟੱਕਰ ਮਾਰਨ ਕਰਕੇ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ ਅਤੇ ਇੱਕ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਹ ਜਾਣਕਾਰੀ ਪੁਲੀਸ ਪ੍ਰਸ਼ਾਸਨ ਵੱਲੋਂ ਸਾਂਝੀ ਕੀਤੀ ਗਈ ਹੈ।

ਵੇਰਵਿਆਂ ਅਨੁਸਾਰ ਇਹ ਹਾਦਸਾ ਪਿੰਡ ਬੋੜਾ ਵਿੱਚ ਵਾਟਰ ਸਪਲਾਈ ਦਫ਼ਤਰ ਦੇ ਨੇੜੇ ਉਸ ਸਮੇਂ ਵਾਪਰਿਆ ਜਦੋਂ ਇਹ ਚਾਰੇ ਵਿਅਕਤੀ ਮੋਟਰਸਾਈਕਲ 'ਤੇ ਸਵਾਰ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਤੋਂ ਗੜ੍ਹਸ਼ੰਕਰ ਵੱਲ ਜਾ ਰਹੇ ਸਨ। ਪੁਲੀਸ ਅਨੁਸਾਰ ਤਿੰਨ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਚੌਥਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਸੂਚਨਾ ਮਿਲਣ 'ਤੇ ਪੁਲਿਸ ਮੁਲਾਜ਼ਮਾਂ ਨੇ ਮੌਕੇ 'ਤੇ ਪਹੁੰਚ ਕੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਗੜ੍ਹਸ਼ੰਕਰ ਦੇ ਸਿਵਲ ਹਸਪਤਾਲ ਭੇਜਿਆ। ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ ਜਿੱਥੇ ਉਸਦਾ ਇਲਾਜ ਚੱਲ ਰਿਹਾ ਹੈ। ਪੁਲੀਸ ਨੇ ਦੱਸਿਆ ਕਿ ਹਾਦਸੇ ਵਿੱਚ ਸ਼ਾਮਲ ਵਾਹਨ ਦੀ ਭਾਲ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

# ਜ਼ੋਹਰਾਨ ਮਮਦਾਨੀ ਨੇ ਨਿਊਯਾਰਕ ਸਿਟੀ ਦੇ ਮੇਅਰ ਵਜੋਂ ਹਲ.ਫ ਲਿਆ

**ਨਿਊਯਾਰਕ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ੋਹਰਾਨ ਮਮਦਾਨੀ ਵੀਰਵਾਰ ਅੱਧੀ ਰਾਤ ਤੋਂ ਬਾਅਦ ਮੈਨਹਟਨ ਦੇ ਇੱਕ ਇਤਿਹਾਸਕ ਅਤੇ ਗੈਰ-ਕਾਰਜਸ਼ੀਲ ਸਬਵੇਅ ਸਟੇਸ਼ਨ 'ਤੇ ਅਹੁਦੇ ਦੀ ਸਹੁੰ ਚੁੱਕ ਕੇ ਨਿਊਯਾਰਕ ਸਿਟੀ ਦੇ ਮੇਅਰ ਬਣ ਗਏ ਹਨ। ਡੈਮੋਕ੍ਰੇਟਿਕ ਪਾਰਟੀ ਨਾਲ ਸਬੰਧਤ ਮਮਦਾਨੀ ਅਮਰੀਕਾ ਦੇ ਸਭ ਤੋਂ ਵੱਡੇ ਸ਼ਹਿਰ ਦੇ ਪਹਿਲੇ ਮੁਸਲਿਮ ਆਗੂ ਬਣੇ ਹਨ, ਜਿਨ੍ਹਾਂ ਨੇ ਕੁਰਾਨ 'ਤੇ ਹੱਥ ਰੱਖ ਕੇ ਸਹੁੰ ਚੁੱਕੀ।

ਮਮਦਾਨੀ ਨੇ ਕਿਹਾ, ਇਹ ਸੱਚਮੁੱਚ ਜੀਵਨ ਭਰ ਦਾ ਸਨਮਾਨ ਅਤੇ ਸੁਭਾਗ ਹੈ।÷ ਸਹੁੰ ਚੁੱਕ ਸਮਾਗਮ ਨਿਊਯਾਰਕ ਦੇ ਅਟਾਰਨੀ ਜਨਰਲ ਲੈਟੀਸ਼ੀਆ ਜੇਮਜ਼ ਵੱਲੋਂ ਪੁਰਾਣੇ ਸਿਟੀ ਹਾਲ ਸਟੇਸ਼ਨ 'ਤੇ ਕਰਵਾਇਆ ਗਿਆ। ਉਹ ਅੱਜ ਦੁਪਹਿਰ 1 ਵਜੇ ਸਿਟੀ ਹਾਲ ਵਿਖੇ ਇੱਕ ਜਨਤਕ ਸਮਾਰੋਹ ਵਿੱਚ ਅਮਰੀਕੀ ਸੈਨੇਟਰ ਬਰਨੀ ਸੈਂਡਰਸ ਦੀ ਮੌਜੂਦਗੀ ਵਿੱਚ ਦੁਬਾਰਾ ਸਹੁੰ ਚੁੱਕਣਗੇ, ਜਿਸ ਤੋਂ ਬਾਅਦ ÷ਕੈਨਿਯਨ ਆਫ ਹੀਰੋਜ਼ ਵਜੋਂ ਜਾਣੇ ਜਾਂਦੇ ਬ੍ਰੌਡਵੇਅ ਦੇ ਹਿੱਸੇ 'ਤੇ ਇੱਕ ਜਨਤਕ ਬਲਾਕ ਪਾਰਟੀ ਕੀਤੀ ਜਾਵੇਗੀ।

34 ਸਾਲ ਦੀ ਉਮਰ ਵਿੱਚ ਮਮਦਾਨੀ ਪੀੜ੍ਹੀਆਂ ਵਿੱਚ ਸ਼ਹਿਰ ਦੇ ਸਭ ਤੋਂ ਘੱਟ ਉਮਰ ਦੇ ਮੇਅਰ ਹਨ ਅਤੇ ਉਹ ਦੱਖਣੀ ਏਸ਼ੀਆਈ ਮੂਲ ਦੇ ਹੋਣ ਦੇ ਨਾਲ-ਨਾਲ ਅਫਰੀਕਾ ਵਿੱਚ ਪੈਦਾ ਹੋਣ ਵਾਲੇ ਪਹਿਲੇ ਮੇਅਰ ਵੀ ਹਨ। ਇੱਕ ਲੋਕਤੰਤਰੀ ਸਮਾਜਵਾਦੀ ਵਜੋਂ ਉਨ੍ਹਾਂ ਨੇ ਮੁਫ਼ਤ ਬਾਲ ਸੰਭਾਲ (child care), ਮੁਫ਼ਤ ਬੱਸਾਂ, ਕਿਰਾਏ ਨੂੰ ਫ੍ਰੀਜ਼ ਕਰਨ ਅਤੇ ਸਰਕਾਰੀ ਕਰਿਆਨੇ ਦੀਆਂ ਦੁਕਾਨਾਂ ਵਰਗੀਆਂ ਨੀਤੀਆਂ ਰਾਹੀਂ ਰਹਿਣ-ਸਹਿਣ ਦੀ ਲਾਗਤ ਘਟਾਉਣ ਦਾ ਵਾਅਦਾ ਕੀਤਾ ਹੈ।

# ਸਾਲ ਦੇ ਪਹਿਲੇ ਦਿਨ ਟ੍ਰਾਈਸਿਟੀ 'ਚ ਮੀਂਹ ਦੀਆਂ ਫੁਹਾਰਾਂ, ਪੰਜਾਬ-ਹਰਿਆਣਾ 'ਚ ਵੀ ਛਾਏ ਬੱਦਲ



**ਚੰਡੀਗੜ੍ਹ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਲ 2026 ਦੇ ਪਹਿਲੇ ਦਿਨ ਚੰਡੀਗੜ੍ਹ ਵਿੱਚ ਹਲਕੀ ਬਾਰਿਸ਼ ਹੋ ਰਹੀ ਹੈ ਅਤੇ ਇਸ ਦੇ ਨਾਲ ਹੀ ਪੰਜਾਬ, ਹਰਿਆਣਾ ਤੇ ਉੱਤਰੀ ਭਾਰਤ ਦੇ ਕਈ ਹਿੱਸਿਆਂ ਵਿੱਚ ਬੱਦਲਵਾਈ ਅਤੇ ਮੀਂਹ ਦਾ ਸਿਲਸਿਲਾ ਜਾਰੀ ਹੈ, ਜਿਸ ਕਾਰਨ ਠੰਢ ਦਾ ਅਸਰ ਹੋਰ ਵਧ ਗਿਆ ਹੈ। ਭਾਰਤੀ ਮੌਸਮ ਵਿਭਾਗ (IMD) ਦੇ ਵਿਗਿਆਨੀ ਡਾ. ਨਰੇਸ਼ ਕੁਮਾਰ ਨੇ ਦੱਸਿਆ ਕਿ ਉੱਤਰੀ ਭਾਰਤ ਵਿੱਚ ਪਿਛਲੇ ਕਰੀਬ ਦੋ ਹਫ਼ਤਿਆਂ ਤੋਂ ਸੰਘਣੀ ਧੁੰਦ ਛਾਈ ਹੋਈ ਹੈ ਅਤੇ ਅੱਜ ਨਵੇਂ ਸਾਲ ਵਾਲੇ ਦਿਨ ਆਸਮਾਨ ਵਿੱਚ ਬੱਦਲ ਛਾਏ ਰਹਿਣ ਦੇ ਨਾਲ-ਨਾਲ ਦਿਨ ਵੇਲੇ ਵੀ ਠੰਢ ਦਾ ਪ੍ਰਕੋਪ ਜਾਰੀ ਰਹਿਣ ਦੀ ਸੰਭਾਵਨਾ ਹੈ।

ਇਸ ਦੌਰਾਨ ਸਕਾਈਮੈਟ ਦੇ ਮੌਸਮ ਵਿਗਿਆਨੀ ਮਹੇਸ਼ ਪਲਾਵਤ ਅਨੁਸਾਰ ਪੰਜਾਬ ਅਤੇ ਹਰਿਆਣਾ ਦੇ ਉੱਪਰ ਬਣੇ ਚੱਕਰਵਾਤੀ ਸਰਕੂਲੇਸ਼ਨ ਕਾਰਨ ਦਿੱਲੀ ਅਤੇ ਐਨ.ਸੀ.ਆਰ ਵਿੱਚ ਵੀ ਮੌਸਮ ਦੀ ਪਹਿਲੀ ਹਲਕੀ ਬਾਰਿਸ਼ ਹੋ ਸਕਦੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ 3 ਜਨਵਰੀ ਤੋਂ ਸੀਤ ਲਹਿਰ ਚੱਲਣ ਕਾਰਨ ਘੱਟੋ-ਘੱਟ ਤਾਪਮਾਨ 5 ਡਿਗਰੀ ਸੈਲਸੀਅਸ ਤੋਂ ਹੇਠਾਂ ਡਿੱਗ ਸਕਦਾ ਹੈ।

ਮੌਸਮ ਵਿਭਾਗ ਮੁਤਾਬਕ ਉੱਤਰੀ ਪਾਕਿਸਤਾਨ ਦੇ ਉੱਪਰ ਇੱਕ ਸਰਗਰਮ ਪੱਛਮੀ ਗੜਬੜੀ ਕਾਰਨ ਅਗਲੇ ਦੋ-ਤਿੰਨ ਦਿਨਾਂ ਤੱਕ ਹਿਮਾਲੀਅਨ ਖੇਤਰਾਂ ਵਿੱਚ ਬਾਰਿਸ਼ ਅਤੇ ਬਰਫ਼ਬਾਰੀ ਜਾਰੀ ਰਹੇਗੀ। ਦਿੱਲੀ ਵਿੱਚ ਅਗਲੇ ਪੰਜ ਦਿਨਾਂ ਤੱਕ ਬਹੁਤ ਸੰਘਣੀ ਧੁੰਦ ਪੈਣ ਦਾ ਅਨੁਮਾਨ ਹੈ, ਜਿੱਥੇ ਵੀਰਵਾਰ ਨੂੰ ਵੱਧ ਤੋਂ ਵੱਧ ਤਾਪਮਾਨ 14 ਤੋਂ 16 ਡਿਗਰੀ ਅਤੇ ਘੱਟੋ-ਘੱਟ ਤਾਪਮਾਨ 9 ਤੋਂ 11 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿਣ ਦੀ ਉਮੀਦ ਹੈ।

# ਕੈਲੀਫੋਰਨੀਆ 'ਚ ਕੇਸ ਤੋਂ ਬਾਅਦ 17,000 ਟਰੱਕ ਡਰਾਈਵਰਾਂ ਦੇ ਲਾਇਸੈਂਸ ਰੱਦ ਕਰਨ 'ਤੇ ਰੋਕ

**ਚੰਡੀਗੜ੍ਹ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਕੈਲੀਫੋਰਨੀਆ ਦੇ ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ (DMV) ਵਿਰੁੱਧ ਪਰਵਾਸੀ ਟਰੱਕ ਡਰਾਈਵਰਾਂ ਦੇ ਇੱਕ ਸਮੂਹ ਵੱਲੋਂ ਕੇਸ ਕੀਤੇ ਜਾਣ ਦੇ ਇੱਕ ਹਫ਼ਤੇ ਬਾਅਦ ਅਮਰੀਕੀ ਰਾਜ ਨੇ ਮੰਗਲਵਾਰ ਨੂੰ ਕਿਹਾ ਕਿ ਉਹ 17,000 ਵਪਾਰਕ ਡਰਾਈਵਿੰਗ ਲਾਇਸੈਂਸਾਂ ਨੂੰ ਰੱਦ ਕਰਨ ਦੀ ਪ੍ਰਕਿਰਿਆ ਮਾਰਚ ਤੱਕ ਮੁਲਤਵੀ ਕਰ ਦੇਵੇਗਾ। ਇਸ ਨਾਲ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਹੋਰ ਸਮਾਂ ਮਿਲੇਗਾ ਕਿ ਜੋ ਟਰੱਕ ਅਤੇ ਬੱਸ ਡਰਾਈਵਰ ਕਾਨੂੰਨੀ ਤੌਰ 'ਤੇ ਯੋਗ ਹਨ, ਉਹ ਆਪਣੇ ਲਾਇਸੈਂਸ ਬਰਕਰਾਰ ਰੱਖ ਸਕਣ।

ਐਸੋਸੀਏਟਡ ਪ੍ਰੈਸ ਦੀ ਰਿਪੋਰਟ ਦੇ ਹਵਾਲੇ ਨਾਲ ਅਮਰੀਕੀ ਟ੍ਰਾਂਸਪੋਰਟੇਸ਼ਨ ਸਕੱਤਰ ਸੀਨ ਡਫੀ ਨੇ ਕਿਹਾ ਕਿ ਜੇਕਰ ਰਾਜ 5 ਜਨਵਰੀ ਤੱਕ ਲਾਇਸੈਂਸ ਰੱਦ ਕਰਨ ਦੀ ਸਮਾਂ ਸੀਮਾ ਪੂਰੀ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਉਸ ਨੂੰ 160 ਮਿਲੀਅਨ ਡਾਲਰ ਦੀ ਸੰਘੀ ਫੰਡਿੰਗ ਦਾ ਨੁਕਸਾਨ ਹੋ ਸਕਦਾ ਹੈ। ਉਨ੍ਹਾਂ ਨੇ ਪਹਿਲਾਂ ਹੀ 40 ਮਿਲੀਅਨ ਡਾਲਰ ਰੋਕ ਲਏ ਹਨ, ਇਹ ਕਹਿੰਦੇ ਹੋਏ ਕਿ ਕੈਲੀਫੋਰਨੀਆ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਦੀ ਮੁਹਾਰਤ ਦੀਆਂ ਜ਼ਰੂਰਤਾਂ ਨੂੰ ਲਾਗੂ ਨਹੀਂ ਕਰ ਰਿਹਾ ਹੈ।

ਕੈਲੀਫੋਰਨੀਆ ਨੇ ਡਫੀ ਦੇ ਦਬਾਅ ਤੋਂ ਬਾਅਦ ਲਾਇਸੈਂਸਾਂ ਨੂੰ ਅਵੈਧ ਕਰਨ ਦੇ ਨੋਟਿਸ ਭੇਜੇ ਸਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਪਰਵਾਸੀਆਂ ਨੂੰ ਵਪਾਰਕ ਲਾਇਸੈਂਸ ਨਾ ਦਿੱਤੇ ਜਾਣ। ਡਫੀ ਨੇ ਸੋਸ਼ਲ ਪਲੇਟਫਾਰਮ ✓ 'ਤੇ ਪੋਸਟ ਕੀਤਾ ਕਿ ਕੈਲੀਫੋਰਨੀਆ ਕੋਲ ਕਾਨੂੰਨ ਤੋੜਨਾ ਜਾਰੀ ਰੱਖਣ ਲਈ ਕੋਈ 'ਐਕਸਟੈਂਸ਼ਨ' ਨਹੀਂ ਹੈ। ਪਰਵਾਸੀ ਟਰੱਕ ਡਰਾਈਵਰਾਂ ਬਾਰੇ ਚਿੰਤਾਵਾਂ ਉਸ ਸਮੇਂ ਵਧੀਆਂ ਜਦੋਂ ਫਲੋਰਿਡਾ ਵਿੱਚ ਅਗਸਤ ਵਿੱਚ ਹੋਏ ਇੱਕ ਹਾਦਸੇ ਵਿੱਚ ਤਿੰਨ ਲੋਕ ਮਾਰੇ ਗਏ ਸਨ, ਜਿਸ ਵਿੱਚ ਸ਼ਾਮਲ ਡਰਾਈਵਰ ਕੋਲ ਅਮਰੀਕਾ ਵਿੱਚ ਰਹਿਣ ਦਾ ਅਧਿਕਾਰ ਨਹੀਂ ਸੀ। ਇਸ ਤੋਂ ਬਾਅਦ ਅਕਤੂਬਰ ਵਿੱਚ ਕੈਲੀਫੋਰਨੀਆ ਵਿੱਚ ਹੋਏ ਇੱਕ ਹੋਰ ਭਿਆਨਕ ਹਾਦਸੇ, ਜਿਸ ਵਿੱਚ ਇੱਕ ਸਿੱਖ ਟਰੱਕ ਡਰਾਈਵਰ ਸ਼ਾਮਲ ਸੀ, ਨੇ ਇਨ੍ਹਾਂ ਚਿੰਤਾਵਾਂ ਨੂੰ ਹੋਰ ਵਧਾ ਦਿੱਤਾ। ਰਾਸ਼ਟਰੀ ਨਾਗਰਿਕ ਅਧਿਕਾਰ ਸਮੂਹ 'ਸਿੱਖ ਕੋਲੀਸ਼ਨ' ਅਤੇ 'ਏਸ਼ੀਅਨ ਲਾਅ ਕਾਕਸ' ਨੇ ਪ੍ਰਭਾਵਿਤ ਡਰਾਈਵਰਾਂ ਦੀ ਤਰਫੋਂ ਇੱਕ ਜਨਹਿਤ ਮੁਕੱਦਮਾ ਦਾਇਰ ਕਰਦਿਆਂ ਦਲੀਲ ਦਿੱਤੀ ਕਿ ਪਰਵਾਸੀ ਟਰੱਕ ਡਰਾਈਵਰਾਂ ਨੂੰ ਬਿਨਾਂ ਵਜ੍ਹਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਸਿੱਖ ਕੋਲੀਸ਼ਨ ਦੀ ਕਾਨੂੰਨੀ ਨਿਰਦੇਸ਼ਕ ਮਨਮੀਤ ਕੌਰ ਨੇ ਕਿਹਾ ਕਿ ਇਹ ਦੇਰੀ ਇਨ੍ਹਾਂ ਡਰਾਈਵਰਾਂ ਦੀ ਜ਼ਿੰਦਗੀ ਅਤੇ ਰੋਜ਼ੀ-ਰੋਟੀ ਦੇ ਖਤਰੇ ਨੂੰ ਘੱਟ ਕਰਨ ਲਈ ਇੱਕ ਮਹੱਤਵਪੂਰਨ ਕਦਮ ਹੈ। ਸੰਘੀ ਸਰਕਾਰ ਨੇ ਆਡਿਟ ਵਿੱਚ ਵੱਡੀਆਂ ਖਾਮੀਆਂ ਪਾਏ ਜਾਣ ਤੋਂ ਬਾਅਦ ਕੈਲੀਫੋਰਨੀਆ, ਪੈਨਸਿਲਵੇਨੀਆ, ਮਿਨੀਸੋਟਾ ਅਤੇ ਨਿਊਯਾਰਕ ਦੀ ਫੰਡਿੰਗ ਰੋਕਣ ਦੀ ਧਮਕੀ ਦਿੱਤੀ ਸੀ।

# ਨੈਸ਼ਨਲ ਯੂਥ ਪ੍ਰੋਜੈਕਟ ਵੱਲੋਂ ਲਗਾਏ ਕੋਮੀ ਏਕਤਾ ਕੈਂਪ ਦੋਰਾਨ ਰਘਬੀਰ ਸਿੰਘ ਮਾਨ ਸਾਬਕਾ ਐਸਟਿਟ ਡਾਇਰੈਕਟਰ ਯੂਥ ਸਰਵਿਸ ਪੰਜਾਬ ਨੂੰ ਕੀਤਾ ਸਨਮਾਨਿਤ

**ਸ੍ਰੀ ਅਨੰਦਪੁਰ ਸਾਹਿਬ, 2 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਯੂਥ ਪ੍ਰੋਜੈਕਟ ਨਵੀਂ ਦਿੱਲੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਹਿਯੋਗ ਨਾਲ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਵੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੱਤ ਰੋਜ਼ਾ ਕੋਮੀ ਏਕਤਾ ਕੈਂਪ ਦਾ ਆਯੋਜਨ ਡਾਕਟਰ ਗੁਰਦੇਵ ਸਿੰਘ ਸਿੱਧੂ ਟਰੱਸਟੀ ਮੈਬਰ ਨੈਸ਼ਨਲ ਯੂਥ ਪ੍ਰੋਜੈਕਟ ਅਤੇ ਅਮਰੀਕ ਸਿੰਘ ਕਲੇਰ ਪੰਜਾਬ ਪ੍ਰਧਾਨ ਨੈਸ਼ਨਲ ਯੂਥ ਪ੍ਰੋਜੈਕਟ ਦੀ ਅਗਵਾਈ ਅਤੇ ਡਾਕਟਰ ਜਸਬੀਰ ਸਿੰਘ ਪ੍ਰਿੰਸੀਪਲ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਜੀ ਦੇ ਸਹਿਯੋਗ ਨਾਲ ਕੀਤਾ ਗਿਆ।ਜਿਸ ਵਿੱਚ ਭਾਰਤ ਦੇ ਵੱਖ ਵੱਖ ਸੂਬਿਆਂ ਤੋਂ 400 ਤੋਂ ਉੱਪਰ ਨੋਜਵਾਨ ਸ਼ਮੂਲੀਅਤ ਕਰ ਰਹੇ ਹਨ। ਇਸ ਕੈਂਪ ਦੌਰਾਨ ਵਿਸ਼ੇਸ ਤੌਰ ਤੇ ਰਘਬੀਰ ਸਿੰਘ ਮਾਨ ਸਾਬਕਾ ਐਸਟਿਟ ਡਾਇਰੈਕਟਰ ਯੂਥ ਸਰਵਿਸ ਪੰਜਾਬ ਨੂੰ ਕੈਂਪ ਦੌਰਾਨ ਦਿੱਤੀਆਂ ਜਾ ਰਹੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ।ਇਸ ਕੋਮੀ ਏਕਤਾ ਕੈਂਪ ਦੋਰਾਨ ਦਿਨ ਦੀ ਸ਼ੁਰੂਆਤ ਸਵੇਰੇ 6.30 ਯੁਵਾ ਗੀਤ ਨਾਲ ਕੀਤੀ ਜਾਂਦੀ ਹੈ,ਉਸ ਤੋਂ ਬਾਅਦ ਸਵੇਰ ਦਾ ਨਾਸ਼ਤਾ,8.45 ਤੋਂ ਲੈ ਕੇ 11 ਵਜੇ ਤੱਕ ਸ੍ਰੀ ਅਨੰਦਪੁਰ ਸਾਹਿਬ ਜੀ ਦੇ ਵੱਖ ਵੱਖ ਸਥਾਨਾਂ ਦੀ ਸਾਫ ਸਫਾਈ ਕੀਤੀ ਜਾਂਦੀ ਹੈ। 12 ਵਜੇ ਤੋਂ ਲੈ ਕੇ 1.30 ਵਜੇ ਤੱਕ ਦੁਪਹਿਰ ਦਾ ਖਾਣਾ। 2 ਵਜੇ ਤੋਂ ਲੈ ਕੇ 4 ਵਜੇ ਤੱਕ ਵੱਖ ਵੱਖ ਬੁਲਾਰਿਆਂ ਵੱਲੋਂ ਅਲੱਗ ਅਲੱਗ ਵਿਸ਼ਿਆਂ ਉਪਰ ਨੋਜਵਾਨਾ ਨੂੰ ਜਾਗਰੂਕ ਕੀਤਾ ਜਾਂਦਾ ਹੈ। ਸ਼ਾਮ ਨੂੰ 4.30 ਵਜੇ ਤੋਂ ਲੈ ਕੇ 5.30 ਵਜੇ ਤੱਕ ਕੈਂਪ ਦੋਰਾਨ ਆਏ ਨੋਜਵਾਨਾ ਦੀਆਂ ਖੇਡਾਂ ਕਰਵਾਈਆਂ ਜਾਂਦੀਆਂ ਹਨ। 6 ਵਜੇ ਤੋਂ ਲੈ ਕੇ 8 ਵਜੇ ਤੱਕ ਵੱਖ ਵੱਖ ਸੂਬਿਆਂ ਤੋਂ ਆਏ ਨੋਜਵਾਨਾ ਵੱਲੋਂ ਆਪਣੇ ਆਪਣੇ ਸੂਬਿਆਂ ਦੀ ਸੰਸਕ੍ਰਿਤੀ ਬਾਰੇ ਸਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਂਦਾ ਹੈ। 8.15 ਤੋਂ ਲੈ ਕੇ 9.15 ਤੱਕ ਰਾਤ ਦਾ ਖਾਣਾ ਖਾ ਕੇ ਸਾਰੇ ਰਾਤ ਦੇ ਅਰਾਮ ਲਈ ਚੱਲੇ ਜਾਂਦੇ ਹਨ। ਇਸ ਮੌਕੇ ਸਤਪਾਲ ਆਸੀਮ ਜਰਨਲ ਸਕੱਤਰ ਨੈਸ਼ਨਲ ਯੂਥ ਪ੍ਰੋਜੈਕਟ ਪੰਜਾਬ,ਅਜੇ ਕੁਮਾਰ ਪਾਂਡੇ( ਸਾਬਕਾ ਆਈ ਏ ਐਸ ) ਟਰੱਸਟੀ ਮੈਬਰ ਨੈਸ਼ਨਲ ਯੂਥ ਪ੍ਰੋਜੈਕਟ, ਰਘਬੀਰ ਸਿੰਘ ਮਾਨ ਸਾਬਕਾ ਐਸਟਿਟ ਡਾਇਰੈਕਟਰ ਯੂਥ ਸਰਵਿਸ ਵਿਭਾਗ ਪੰਜਾਬ,ਸੰਜੇ ਰਾਏ ਟਰੱਸਟੀ ਮੈਬਰ ਨੈਸ਼ਨਲ ਯੂਥ ਪ੍ਰੋਜੈਕਟ, ਸੁਰੇਸ਼ ਰਾਠੀ ਟਰੱਸਟੀ ਮੈਬਰ ਨੈਸ਼ਨਲ ਯੂਥ ਪ੍ਰੋਜੈਕਟ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਪ੍ਰੋਫੈਸਰ ਭੁਪਿੰਦਰ ਕੌਰ ਸੰਧੂ ਮਲੋਟ ਅਤੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਦੇ ਸਮੂਚੇ ਸਟਾਫ਼ ਵੱਲੋਂ ਭਰਭੂਰ ਸਹਿਯੋਗ ਦਿੱਤਾ ਜਾ ਰਿਹਾ ਹੈ।

# ਭਾਰਤ ਨੇ ਤੋੜਿਆ ਸਾਲਾਂ ਪੁਰਾਣਾ ਰਿਕਾਰਡ, ਚੀਨ ਨੂੰ ਪਛਾੜ ਕੇ ਨਿਕਲਿਆ ਅੱਗੇ

ਕੌਮੀ ਪਤ੍ਰਿਕਾ

ਬਿਜ਼ਨਸ ਡੈਸਕ 2 ਜਨਵਰੀ। ਚੀਨ ਲੰਬੇ ਸਮੇਂ ਤੋਂ ਵੱਡੇ ਪੱਧਰ 'ਤੇ ਚੌਲਾਂ ਦੀ ਕਾਸ਼ਤ ਅਤੇ ਉਤਪਾਦਨ ਵਿੱਚ ਦੁਨੀਆ ਦੀ ਅਗਵਾਈ ਕਰਦਾ ਆ ਰਿਹਾ ਸੀ, ਪਰ ਹੁਣ ਭਾਰਤ ਨੇ ਇਸ ਲੰਬੇ ਸਮੇਂ ਤੋਂ ਚੱਲ ਰਹੇ ਰਿਕਾਰਡ ਨੂੰ ਤੋੜ ਦਿੱਤਾ ਹੈ। ਭਾਰਤ ਨਾ ਸਿਰਫ ਦੁਨੀਆ ਦਾ ਸਭ ਤੋਂ ਵੱਡਾ ਚੌਲ ਉਤਪਾਦਕ ਬਣ ਗਿਆ ਹੈ, ਸਗੋਂ ਵਿਸ਼ਵ ਪੱਧਰ 'ਤੇ ਚੌਲਾਂ ਦੇ ਉਤਪਾਦਨ ਵਿੱਚ ਇਸਦਾ ਹਿੱਸਾ ਵੀ 28 ਪ੍ਰਤੀਸ਼ਤ ਤੋਂ ਵੱਧ ਹੋ ਗਿਆ ਹੈ। ਇਸ ਮਹੱਤਵਪੂਰਨ ਪ੍ਰਾਪਤੀ ਨੂੰ ਸੰਯੁਕਤ ਰਾਜ ਖੇਤੀਬਾੜੀ ਵਿਭਾਗ ਨੇ ਵੀ ਮਾਨਤਾ ਦਿੱਤੀ ਹੈ। USDA ਦੀ ਦਸੰਬਰ 2025 ਦੀ ਰਿਪੋਰਟ ਦੇ ਅਨੁਸਾਰ, ਭਾਰਤ ਦਾ ਚੌਲਾਂ ਦਾ ਉਤਪਾਦਨ ਵਧ ਕੇ 152 ਮਿਲੀਅਨ ਮੀਟ੍ਰਿਕ ਟਨ ਹੋ ਗਿਆ ਹੈ, ਜਦੋਂ ਕਿ ਚੀਨ ਦਾ ਉਤਪਾਦਨ 146 ਮਿਲੀਅਨ ਮੀਟ੍ਰਿਕ ਟਨ ਰਿਹਾ। ਇਸ ਦੇ ਨਾਲ, ਭਾਰਤ ਦੁਨੀਆ ਵਿੱਚ ਚੌਲਾਂ ਦੇ ਉਤਪਾਦਨ ਵਿੱਚ ਨਵਾਂ ਮੋਹਰੀ ਬਣ ਗਿਆ ਹੈ। ਭਾਰਤ ਵਿੱਚ ਚੌਲਾਂ ਦੀ ਕਾਸ਼ਤ ਨਵੀਂ ਨਹੀਂ ਹੈ। ਪੁਰਾਣੇ ਸਮੇਂ ਤੋਂ ਹੀ ਚੌਲ ਭਾਰਤੀ ਭੋਜਨ ਅਤੇ ਖੇਤੀਬਾੜੀ ਦਾ ਇੱਕ ਮਹੱਤਵਪੂਰਨ ਹਿੱਸਾ ਰਿਹਾ ਹੈ। ਦੁਨੀਆ ਵਿੱਚ ਚੌਲਾਂ ਦੀਆਂ ਲਗਭਗ 1.23 ਲੱਖ ਕਿਸਮਾਂ ਪਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚੋਂ ਲਗਭਗ 60 ਹਜ਼ਾਰ ਕਿਸਮਾਂ ਭਾਰਤ ਵਿੱਚ ਪਾਈਆਂ ਜਾਂਦੀਆਂ ਹਨ। ਹਾਲਾਂਕਿ, ਭਾਰਤ ਦੇ ਇਸ ਅਹੁਦੇ 'ਤੇ ਪਹੁੰਚਣ ਵਿੱਚ ਤਾਈਵਾਨ ਦੀ ਮਹੱਤਵਪੂਰਨ ਭੂਮਿਕਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। 1960 ਦੇ ਦਹਾਕੇ ਵਿੱਚ, ਜਦੋਂ ਭਾਰਤ ਇੱਕ ਗੰਭੀਰ ਭੋਜਨ ਸੰਕਟ ਦਾ ਸਾਹਮਣਾ ਕਰ ਰਿਹਾ ਸੀ, ਤਾਈਵਾਨ ਨੇ



ਆਪਣੀ ਚੌਲਾਂ ਦੀ ਕਿਸਮ, ਤਾਈਚੰਗ ਨੇਟਿਵ-1 ਭਾਰਤ ਨੂੰ ਪ੍ਰਦਾਨ ਕੀਤੀ। ਇਸ ਤੋਂ ਬਾਅਦ, 1968 ਵਿੱਚ ਭਾਰਤ ਵਿੱਚ IR-H ਕਿਸਮ ਲਿਆਂਦੀ ਗਈ। ਭਾਰਤੀ ਖੇਤੀਬਾੜੀ ਵਿਗਿਆਨੀਆਂ ਨੇ ਇਨ੍ਹਾਂ ਕਿਸਮਾਂ ਦੇ ਅਧਾਰ ਤੇ ਹਾਈਬ੍ਰਿਡਾਈਜ਼ੇਸ਼ਨ ਸ਼ੁਰੂ ਕੀਤੀ, ਜਿਸਦੇ ਨਤੀਜੇ ਵਜੋਂ ਦੇਸ਼ ਹੌਲੀ ਹੌਲੀ ਚੌਲਾਂ ਦੇ ਉਤਪਾਦਨ ਵਿੱਚ ਸਵੈ-ਨਿਰਭਰ ਹੋ ਗਿਆ ਅਤੇ ਅੱਜ, ਇਹ ਦੁਨੀਆ ਵਿੱਚ ਸਿਖਰਲੇ ਸਥਾਨ 'ਤੇ ਪਹੁੰਚ ਗਿਆ ਹੈ। ਪ੍ਰਸਿੱਧ ਖੇਤੀਬਾੜੀ ਵਿਗਿਆਨੀ ਡਾ. ਸੁਧਾਂਸ਼ੂ ਸਿੰਘ ਅਨੁਸਾਰ, ਭਾਰਤ ਦਾ ਦੁਨੀਆ ਦੇ ਸਭ ਤੋਂ ਵੱਡੇ ਚੌਲ ਉਤਪਾਦਕ ਵਜੋਂ ਉਭਰਨਾ ਸਿਰਫ਼ ਇੱਕ ਖੇਤੀਬਾੜੀ ਪ੍ਰਾਪਤੀ ਹੀ ਨਹੀਂ ਸਗੋਂ ਇੱਕ ਰਣਨੀਤਕ ਸਫਲਤਾ ਵੀ ਹੈ। ਅੱਜ, ਭਾਰਤੀ ਚੌਲ 172 ਦੇਸ਼ਾਂ ਵਿੱਚ ਨਿਰਯਾਤ ਕੀਤੇ ਜਾਂਦੇ ਹਨ ਅਤੇ ਭਾਰਤ ਦੀ ਵਿਦੇਸ਼ ਨੀਤੀ ਵਿੱਚ ਇੱਕ ਮੁੱਖ ਸਾਧਨ ਬਣ ਗਏ ਹਨ। 2024-25 ਵਿੱਤੀ ਸਾਲ ਵਿੱਚ, ਭਾਰਤ ਨੇ 450,840 ਕਰੋੜ ਰੁਪਏ ਦੇ ਖੇਤੀਬਾੜੀ ਉਤਪਾਦਾਂ ਦਾ ਰਿਕਾਰਡ ਨਿਰਯਾਤ ਕੀਤਾ, ਜਿਸ ਵਿੱਚ ਚੌਲਾਂ ਦਾ ਹਿੱਸਾ ਲਗਭਗ 24 ਪ੍ਰਤੀਸ਼ਤ ਦਾ ਸਭ ਤੋਂ ਵੱਡਾ ਹਿੱਸਾ ਸੀ। ਭਾਰਤ ਨੇ ਇੱਕ ਸਾਲ ਵਿੱਚ ਬਾਸਮਤੀ ਅਤੇ ਗੈਰ-ਬਾਸਮਤੀ ਚੌਲਾਂ ਦੇ ਨਿਰਯਾਤ ਤੋਂ ਲਗਭਗ 105,720 ਕਰੋੜ ਰੁਪਏ ਵਿਦੇਸ਼ੀ ਮੁਦਰਾ ਕਮਾਇਆ, ਜੋ ਕਿ ਭਾਰਤੀ ਅਰਥਵਿਵਸਥਾ ਵਿੱਚ ਚੌਲਾਂ ਦੇ ਵਧ ਰਹੇ ਮਹੱਤਵ ਨੂੰ ਸਪਸ਼ਟ ਤੌਰ 'ਤੇ ਦਰਸਾਉਂਦਾ ਹੈ।

## ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ 10 ਸੇਵਾ ਮੁਕਤ ਪੁਲਸ ਅਧਿਕਾਰੀਆਂ ਨੂੰ ਕੀਤਾ ਗਿਆ ਸਨਮਾਨਤ

ਜਲੰਧਰ 2 ਜਨਵਰੀ। ਅੱਜ ਪੁਲਸ ਲਾਈਨ ਜਲੰਧਰ ਵਿਖੇ ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ 10 ਪੁਲਸ ਅਧਿਕਾਰੀਆਂ ਲਈ ਵਿਸ਼ੇਸ਼ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਹੜੇ ਪੁਲਸ ਵਿਭਾਗ ਵਿੱਚ ਸਮਰਪਿਤ ਸੇਵਾ ਦੇਣ ਤੋਂ ਬਾਅਦ ਸੇਵਾਮੁਕਤ ਹੋਏ ਹਨ। ਇਸ ਮੌਕੇ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਅਤੇ ਏ. ਡੀ. ਸੀ. ਪੀ. (ਹੈੱਡਕੁਆਰਟਰ) ਸ਼੍ਰੀ ਸੁਖਵਿੰਦਰ ਸਿੰਘ ਨੇ ਸੇਵਾਮੁਕਤ ਅਧਿਕਾਰੀਆਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਉਨ੍ਹਾਂ ਦੀ ਪੁਲਿਸ ਵਿਭਾਗ ਪ੍ਰਤੀ ਇਮਾਨਦਾਰ ਸੇਵਾ, ਅਨੁਸ਼ਾਸਨ ਅਤੇ ਜ਼ਿੰਮੇਵਾਰੀ ਲਈ ਸ਼ੁਕਰਾਨਾ ਅਦਾ ਕੀਤਾ।ਇਸ ਦੌਰਾਨ ਵਿਭਾਗੀ ਅਧਿਕਾਰੀਆਂ ਵੱਲੋਂ ਭਾਸ਼ਣ ਵੀ ਦਿੱਤੇ ਗਏ, ਜਿਨ੍ਹਾਂ ਵਿੱਚ ਸੇਵਾਮੁਕਤ ਅਧਿਕਾਰੀਆਂ ਦੀ ਲੰਬੀ ਸੇਵਾ, ਸਮਰਪਣ ਅਤੇ ਵਿਭਾਗ ਪ੍ਰਤੀ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਗਈ। ਇਹ ਅਧਿਕਾਰੀ ਕਮਿਸ਼ਨਰੇਟ ਜਲੰਧਰ ਦੇ ਵੱਖ-ਵੱਖ ਪੁਲਿਸ ਸਟੇਸ਼ਨਾਂ, ਯੂਨਿਟਾਂ ਅਤੇ ਸ਼ਾਖਾਵਾਂ ਵਿੱਚ ਆਪਣੀਆਂ ਡਿਊਟੀਆਂ ਨਿਸ਼ਠਾ, ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਨਿਭਾਉਂਦੇ ਰਹੇ ਹਨ

## ਬੁਖ਼ਾਰ ਤੇ ਦਰਦ 'ਚ ਕਿਤੇ ਤੁਸੀਂ ਤਾਂ ਨਹੀਂ ਖਾ ਰਹੇ ਇਹ ਦਵਾਈ !

ਨਵੀਂ ਦਿੱਲੀ 2 ਜਨਵਰੀ। ਕੇਂਦਰੀ ਸਿਹਤ ਮੰਤਰਾਲਾ ਨੇ ਦੇਸ਼ 'ਚ ਪ੍ਰਸਿੱਧ ਦਰਦ ਨਿਵਾਰਕ ਦਵਾਈ ਨਿਮੇਸੁਲਾਈਡ ਦੀਆਂ 100✡❖ ਤੋਂ ਉੱਪਰ ਵਾਲੀਆਂ ਸਾਰੀਆਂ ਓਰਲ (ਮੂੰਹ ਰਾਹੀਂ ਲੈਣ ਵਾਲੀਆਂ) ਫਾਰਮੂਲੇਸ਼ਨਾਂ ਦੇ ਨਿਰਮਾਣ, ਵਿਕਰੀ ਅਤੇ ਵੰਡ 'ਤੇ ਤੁਰੰਤ ਪ੍ਰਭਾਵ ਨਾਲ ਪਾਬੰਦੀ ਲਗਾ ਦਿੱਤੀ ਹੈ। ਇਕ ਅਧਿਕਾਰਤ ਨੋਟੀਫਿਕੇਸ਼ਨ 'ਚ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਸ ਦਵਾਈ ਦੀ ਵਰਤੋਂ ਨਾਲ ਮਨੁੱਖੀ ਸਿਹਤ ਨੂੰ ਗੰਭੀਰ ਖ਼ਤਰੇ ਹੋ ਸਕਦੇ ਹਨ। ਇਹ ਦਵਾਈ ਦਰਦ ਤਾਂ ਘੱਟ ਕਰਦੀ ਹੈ ਪਰ ਇਸ ਦੀ ਜ਼ਿਆਦਾ ਡੋਜ਼ ਨਾਲ ਲਿਵਰ ਖ਼ਰਾਬ ਹੋਣ ਦਾ ਖ਼ਤਰਾ ਰਹਿੰਦਾ ਹੈ। ਸਰੋਤਾਂ ਅਨੁਸਾਰ, ਇਹ ਫੈਸਲਾ ਭਾਰਤ ਦੀ ਚੋਟੀ ਦੀ ਸਿਹਤ ਖੋਜ ਸੰਸਥਾ ICMR (ਭਾਰਤੀ ਮੈਡੀਕਲ ਖੋਜ ਕੌਂਸਲ) ਦੀ ਸਿਫਾਰਸ਼ ਤੋਂ ਬਾਅਦ ਲਿਆ ਗਿਆ ਹੈ। ਕੇਂਦਰ ਸਰਕਾਰ ਇਸ ਗੱਲ ਤੋਂ ਸੰਤੁਸ਼ਟ ਹੈ ਕਿ 100✡❖ ਤੋਂ ਵੱਧ ਖੁਰਾਕ ਵਾਲੀ ਨਿਮੇਸੁਲਾਈਡ ਦੀ ਵਰਤੋਂ ਮਨੁੱਖਾਂ ਲਈ ਜ਼ੋਖਮ ਭਰੀ ਹੈ, ਖਾਸ ਕਰਕੇ ਜਦੋਂ ਬਾਜ਼ਾਰ 'ਚ ਇਸ ਦੇ ਹੋਰ ਸੁਰੱਖਿਅਤ ਵਿਕਲਪ ਮੌਜੂਦ ਹਨ। ਸਰਕਾਰ ਨੇ ਇਹ ਕਦਮ ਡਰੱਗਜ਼ ਐਂਡ ਕੌਸਮੈਟਿਕਸ ਐਕਟ, 1940 ਦੀ ਧਾਰਾ 261 ਦੇ ਤਹਿਤ ਦਿੱਤੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਚੁੱਕਿਆ ਹੈ। ਡਰੱਗਜ਼ ਟੈਕਨੀਕਲ ਐਡਵਾਈਜ਼ਰੀ ਬੋਰਡ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ, ਮੰਤਰਾਲੇ ਨੇ ਕਿਹਾ ਕਿ ਜਨਤਕ ਹਿੱਤ ਵਿੱਚ ਇਸ ਦਵਾਈ ਦੀ ਵਰਤੋਂ ਨੂੰ ਰੋਕਣਾ ਜ਼ਰੂਰੀ ਅਤੇ ਉਚਿਤ ਹੈ।

## ਸੰਗਰੂਰ 'ਚ ਤਾਇਨਾਤ ਤਹਿਸੀਲਦਾਰ ਜਗਤਾਰ ਸਿੰਘ ਗ੍ਰਿਫ਼ਤਾਰ

ਚੰਡੀਗੜ੍ਹ 2 ਜਨਵਰੀ। ਪੰਜਾਬ ਵਿਜੀਲੈਂਸ ਬਿਊਰੋ ਨੇ ਜ਼ਿਲ੍ਹਾ ਸੰਗਰੂਰ ਵਿਖੇ ਤਾਇਨਾਤ ਤਹਿਸੀਲਦਾਰ ਜਗਤਾਰ ਸਿੰਘ ਨੂੰ 30,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਹੈ। ਉਸਦੇ ਸਹਿ-ਦੋਸ਼ੀ ਨੂੰ ਵੀ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਦੋਸ਼ੀ ਤਹਿਸੀਲਦਾਰ ਦੇ ਘਰ ਦੀ ਤਲਾਸ਼ੀ ਦੌਰਾਨ 1,45,000 ਰੁਪਏ ਦੀ ਰਕਮ ਬਰਾਮਦ ਕੀਤੀ ਗਈ। ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਜ਼ਿਲ੍ਹਾ ਸੰਗਰੂਰ ਦੇ ਪਿੰਡ ਮਹਿਲਾਂ ਦੇ ਇਕ ਵਸਨੀਕ ਵੱਲੋਂ ਤਹਿਸੀਲ ਦਫ਼ਤਰ ਸੰਗਰੂਰ ਵਿਖੇ ਤਾਇਨਾਤ ਜਗਤਾਰ ਸਿੰਘ ਤਹਿਸੀਲਦਾਰ ਅਤੇ ਮਾਲਵਿੰਦਰ ਸਿੰਘ ਕਲਰਕ ਵਿਰੁੱਧ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਕੀਤੀ ਗਈ ਹੈ। ਬੁਲਾਰੇ ਨੇ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਹੈ ਕਿ ਉਸਨੇ ਖਰੀਦੀ ਗਈ ਜ਼ਮੀਨ ਦੀ ਰਜਿਸਟਰੀ ਕਰਵਾਉਣ ਲਈ ਮੁਲਜ਼ਮ ਕੋਲ ਪਹੁੰਚ ਕੀਤੀ ਸੀ। ਦੋਵਾਂ ਮੁਲਜ਼ਮਾਂ ਨੇ ਜ਼ਮੀਨ ਦੀ ਰਜਿਸਟਰੀ ਕਰਵਾਉਣ ਲਈ 30,000 ਰੁਪਏ ਦੀ ਰਿਸ਼ਵਤ ਲਈ ਸੀ। ਸ਼ਿਕਾਇਤ ਦੀ ਪੜਤਾਲ ਤੋਂ ਬਾਅਦ ਇਹ ਪਾਇਆ ਗਿਆ ਕਿ ਉਕਤ ਦੋਸ਼ ਦਰਅਸਲ ਸੱਚੇ ਹਨ। ਬੁਲਾਰੇ ਨੇ ਕਿਹਾ ਕਿ ਇਸ ਸਬੰਧ ਵਿਚ ਦੋਵਾਂ ਮੁਲਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਪੁਲਸ ਰੇਂਜ ਪਟਿਆਲਾ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਮਾਮਲੇ ਦੀ ਹੋਰ ਜਾਂਚ ਜਾਰੀ ਹੈ। ਵਿਜੀਲੈਂਸ ਬਿਊਰੋ ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦਾ ਹੈ ਕਿ ਉਹ ਭ੍ਰਿਸ਼ਟਾਚਾਰ ਦੀ ਅਜਿਹੀ ਕਿਸੇ ਵੀ ਘਟਨਾ ਦੀ ਰਿਪੋਰਟ ਸਾਨੂੰ ਕਰਨ।

## ਕੇਂਦਰੀ ਜੇਲ੍ਹ 'ਚੋਂ ਮਿਲੇ 10 ਫੋਨ ਅਤੇ ਨਸ਼ੇ ਦੇ ਕੈਪਸੂਲ

ਫਿਰੋਜ਼ਪੁਰ 2 ਜਨਵਰੀ। ਕੇਂਦਰੀ ਜੇਲ੍ਹ ਦੇ ਸਹਾਇਕ ਸੁਪਰੀਡੈਂਟ ਨੇ ਥਾਣਾ ਸਿਟੀ ਪੁਲਸ ਨੂੰ ਸ਼ਿਕਾਇਤ ਭੇਜਦੇ ਹੋਏ 11 ਹਵਾਲਾਤੀਆਂ ਦੇ ਖ਼?ਲਾਫ਼ ਫੋਨ ਅਤੇ ਨਸ਼ੀਲੇ ਕੈਪਸੂਲ ਬਰਾਮਦਗੀ ਦਾ ਪਰਚਾ ਦਰਜ ਕਰਵਾਇਆ ਹੈ। ਸਹਾਇਕ ਸੁਪਰੀਡੈਂਟ ਨੇ ਇਸ ਸ਼ਿਕਾਇਤ ਵਿਚ ਦੱਸਿਆ ਕਿ 24 ਤੋਂ 30 ਦਸੰਬਰ ਤੱਕ ਜੇਲ੍ਹ ਦੀਆਂ ਬੈਰਕਾਂ ਦੀ ਚੈਕਿੰਗ ਦੌਰਾਨ ਹਵਾਲਾਤੀਆਂ ਸਰਵਣ ਸਿੰਘ ਪਿੰਡ ਕਮਾਲੇਵਾਲਾ, ਹਰਪਾਲ ਸਿੰਘ ਪਿੰਡ ਪੀਰ ਬੋਰੀਆਂ, ਕੁਲਵਿੰਦਰ ਸਿੰਘ ਪਿੰਡ ਹਜ਼ਾਰਾ ਰਾਮ ਸਿੰਘ ਵਾਲਾ, ਗੁਰਪ੍ਰੀਤ ਸਿੰਘ ਪਿੰਡ ਨਵਾਂ ਬਾਰੇਕੇ, ਕੁਲਦੀਪ ਸਿੰਘ ਪਿੰਡ ਰਟੋਲ ਰੋਹੀ, ਕਰਨ ਪਿੰਡ ਮੇਘਾ ਰਾਏ ਉਤਾੜ, ਸੁਰਜੀਤ ਸਿੰਘ ਪਿੰਡ ਨਾਗੋਕੇ, ਸੁਰਜੀਤ ਸਿੰਘ ਪਿੰਡ ਦੁਨੇਕੇ, ਕ੍ਰਿਸ਼ਨ ਕੁਮਾਰ ਵਾਸੀ ਕੋਟਕਪੂਰਾ, ਬਲਵਿੰਦਰ ਸਿੰਘ ਪਿੰਡ ਪੋਜੋ ਕੇ ਉਤਾੜ ਕੋਲੋਂ ਕੁੱਲ 10 ਫੋਨ ਬਰਾਮਦ ਕੀਤੇ ਗਏ ਹਨ। ਉਕਤ ਤੋਂ ਇਲਾਵਾ ਹਵਾਲਾਤੀ ਵਿਨੈ ਭੰਡਾਰੀ ਵਾਸੀ ਲੁਧਿਆਣਾ ਕੋਲੋਂ ਸਫੈਦ ਰੰਗ ਦੇ 65 ਕੈਪਸੂਲ ਬਰਾਮਦ ਹੋਏ ਹਨ, ਜਿਨ੍ਹਾਂ ਦੀ ਵਰਤੋਂ ਨਸ਼ੇ ਵਜੋਂ ਹੁੰਦੀ ਹੈ।

## ਨਵੇਂ ਸਾਲ ਤੋਂ ਪਹਿਲਾਂ ਸ਼ਰਾਬ ਦੇ ਠੇਕੇ ਸੀਲ ! ਐਕਸਾਈਜ਼ ਵਿਭਾਗ ਨੇ ਕੀਤੀ ਵੱਡੀ ਕਾਰਵਾਈ

ਚੰਡੀਗੜ੍ਹ 2 ਜਨਵਰੀ। ਸ਼ਹਿਰ 'ਚ ਤੈਅ ਰੇਟਾਂ ਤੋਂ ਘੱਟ ਰੇਟ 'ਤੇ ਵੇਚੀ ਜਾ ਰਹੀ ਸ਼ਰਾਬ ਨੂੰ ਚੈੱਕ ਕਰਨ ਦੇ ਨਾਲ ਹੀ ਬਾਟਲਿੰਗ ਪਲਾਂਟ 'ਚ ਪੈਕਿੰਗ ਨੂੰ ਲੈ ਕੇ ਚਲਾਈ ਜਾ ਰਹੀ ਮੁਹਿੰਮ ਤਹਿਤ ਸੈਕਟਰ-42 ਅਤੇ ਸੈਕਟਰ-61 ਦੇ ਠੇਕਿਆਂ ਨੂੰ ਸੀਲ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਬਾਟਲਿੰਗ ਪਲਾਂਟ ਵੀ ਸੀਲ ਕਰ ਦਿੱਤਾ ਗਿਆ। ਐਕਸਾਈਜ਼ ਵਿਭਾਗ ਦੀ ਟੀਮ ਨੇ ਮੰਗਲਵਾਰ ਦੇਰ ਸ਼ਾਮ ਜਾਂਚ ਦੌਰਾਨ ਬਾਟਲਿੰਗ ਪਲਾਂਟਾਂ ਨੂੰ ਲੈ ਕੇ ਚੱਲ ਰਹੇ ਨਿਰੀਖਣ ਦੌਰਾਨ ਮੈਸਰਜ਼ ਜੰਨਤ ਬ੍ਰੇਵਰੀਜ਼ ਪ੍ਰਾਈਵੇਟ ਲਿਮਟਿਡ 'ਚ ਜਾਂਚ ਕਈ ਬੇਨਿਯਮੀਆਂ ਪਾਈਆਂ। ਇਸ ਤੋਂ ਬਾਅਦ ਪਲਾਂਟ ਦੇ ਲਾਇਸੈਂਸ ਧਾਰਕ ਦੇ ਖ਼?ਲਾਫ਼ ਨਿਯਮਾਂ ਮੁਤਾਬਕ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਬਰਨਾਲਾ ਦੇ ਪਿੰਡ 'ਚ ਖ਼ੌਫਨਾਕ ਘਟਨਾ, ਇੱਕੋ ਕਮਰੇ 'ਚੋਂ ਮਿਲੀਆਂ ਨੌਜਵਾਨ ਲੜਕੇ-ਲੜਕੀ ਦੀਆਂ ਲਾਸ਼ਾਂ

ਬਰਨਾਲਾ 2 ਜਨਵਰੀ। ਬਰਨਾਲਾ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਮਹਿਲ ਕਲਾਂ ਦੇ ਅਧੀਨ ਆਉਂਦੇ ਪਿੰਡ ਟੱਲੇਵਾਲ ਵਿਚ ਅੱਜ ਸਵੇਰੇ ਉਸ ਸਮੇਂ ਦਹਿਸ਼ਤ ਅਤੇ ਸਹਿਮ ਦਾ ਮਾਹੌਲ ਬਣ ਗਿਆ, ਜਦੋਂ ਇਕ ਘਰ ਦੇ ਕਮਰੇ ਵਿਚੋਂ ਇਕ ਨੌਜਵਾਨ ਅਤੇ ਇਕ ਲੜਕੀ ਦੀਆਂ ਲਾਸ਼ਾਂ ਸ਼ੱਕੀ ਹਾਲਾਤ ਵਿਚ ਮਿਲੀਆਂ। ਇਸ ਘਟਨਾ ਦੀ ਖ਼ਬਰ ਫੈਲਦਿਆਂ ਹੀ ਪੂਰੇ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਸਵੇਰੇ ਪਿੰਡ ਟੱਲੇਵਾਲ ਦੇ ਇਕ ਘਰ ਵਿਚ ਦੋ ਮੌਤਾਂ ਹੋਣ ਦਾ ਮਾਮਲਾ ਸਾਹਮਣੇ ਆਇਆ। ਮੌਕੇ 'ਤੇ ਦੇਖਿਆ ਗਿਆ ਕਿ ਨੌਜਵਾਨ ਦੀ ਲਾਸ਼ ਕਮਰੇ ਵਿਚ ਪੱਖੇ ਨਾਲ ਕੱਪੜੇ ਰਾਹੀਂ ਲਮਕ ਰਹੀ ਸੀ ਜਦਕਿ ਲੜਕੀ ਦੀ ਲਾਸ਼ ਉਸੇ ਕਮਰੇ ਵਿਚ ਬੈੱਡ 'ਤੇ ਪਈ ਸੀ। ਪੁਲਸ ਦੀ ਮੁੱਢਲੀ ਜਾਂਚ ਮੁਤਾਬਕ ਨੌਜਵਾਨ ਨੇ ਪੱਖੇ ਨਾਲ ਫਾਹਾ ਲਿਆ ਜਾਪਦਾ ਹੈ। ਥਾਣਾ ਟੱਲੇਵਾਲ ਦੇ ਐੱਸ.ਐੱਚ.ਓ. ਨਿਰਮਲਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਕਰ ਲਈ ਗਈ ਹੈ। ਜੋ ਕਿ ਪਰਵਿੰਦਰ ਸਿੰਘ (ਉਮਰ ਕਰੀਬ 30 ਸਾਲ) ਪੁੱਤਰ ਰਜਿੰਦਰ ਸਿੰਘ, ਵਾਸੀ ਕਾਉਂਕੇ (ਮਾਛੀਵਾੜਾ), ਜ਼ਿਲ੍ਹਾ ਲੁਧਿਆਣਾ ਅਤੇ ਬਲਜੀਤ ਕੌਰ (ਉਮਰ ਕਰੀਬ 25 ਸਾਲ) ਪੁੱਤਰੀ ਕੁਲਦੀਪ ਸਿੰਘ, ਵਾਸੀ ਅਲੀਗੜ੍ਹ (ਜਗਰਾਉਂ) ਹਨ। ਐੱਸ.ਐੱਚ.ਓ. ਨਿਰਮਲਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਸਵੇਰੇ ਕਰੀਬ 7 ਵਜੇ ਇਸ ਘਟਨਾ ਦੀ ਸੂਚਨਾ ਮਿਲੀ ਸੀ। ਪੁਲਸ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਫੋਰੈਂਸਿਕ (ਪ੍ਰੋਸੈਸਿੰਗ) ਟੀਮਾਂ ਨੂੰ ਬੁਲਾਇਆ ਗਿਆ ਤਾਂ ਜੋ ਘਟਨਾ ਸਥਾਨ ਤੋਂ ਪੁਖ਼ਤਾ ਸਬੂਤ ਇਕੱਠੇ ਕੀਤੇ ਜਾ ਸਕਣ। ਪੁਲਸ ਅਧਿਕਾਰੀਆਂ ਅਨੁਸਾਰ ਪਹਿਲੀ ਨਜ਼ਰੇ ਇਹ ਮਾਮਲਾ ਖ਼ੁਦਕੁਸ਼ੀ ਦਾ ਜਾਪਦਾ ਹੈ ਪਰ ਅਸਲ ਸੱਚਾਈ ਪੋਸਟਮਾਰਟਮ ਦੀ ਰਿਪੋਰਟ ਅਤੇ ਜਾਂਚ ਤੋਂ ਬਾਅਦ ਹੀ ਸਾਹਮਣੇ ਆਵੇਗੀ। ਪੁਲਸ ਇਸ ਗੱਲ ਦੀ ਵੀ ਜਾਂਚ ਕਰ ਰਹੀ ਹੈ ਕਿ ਦੋਵਾਂ ਮ੍ਰਿਤਕਾਂ ਦਾ ਆਪਸ ਵਿਚ ਕੀ ਰਿਸ਼ਤਾ ਸੀ ਅਤੇ ਉਹ ਟੱਲੇਵਾਲ ਵਿਖੇ ਕਿਸ ਹਾਲਤ ਵਿਚ ਰਹਿ ਰਹੇ ਸਨ। ਪੁਲਸ ਨੇ ਦੋਵਾਂ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਬਰਨਾਲਾ ਦੇ ਸਰਕਾਰੀ ਹਸਪਤਾਲ ਵਿਚ ਭੇਜ ਦਿੱਤਾ ਹੈ। ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੇ ਬਿਆਨਾਂ ਦੇ ਆਧਾਰ 'ਤੇ ਅਗਲੇਰੀ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਪੁਲਸ ਵੱਲੋਂ ਮਾਮਲੇ ਦੀ ਵੱਖੋ-ਵੱਖਰੇ ਪਹਿਲੂਆਂ ਤੋਂ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਇਕੋ ਕਮਰੇ ਵਿਚ ਦੋ ਨੌਜਵਾਨ ਜ਼ਿੰਦਗੀਆਂ ਦੇ ਇਸ ਤਰ੍ਹਾਂ ਖ਼ਤਮ ਹੋ ਜਾਣ ਕਾਰਨ ਪਿੰਡ ਵਾਸੀਆਂ ਵਿਚ ਡਰ ਅਤੇ ਗ਼ਮ ਦਾ ਮਾਹੌਲ ਬਣਿਆ ਹੋਇਆ ਹੈ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਧਾਮੀ ਨੇ ਕਿਹਾ- 'ਬਿਆਨ ਨੂੰ ਤੋੜ-ਮਰੋੜ ਕੇ ਕੀਤਾ ਜਾ ਰਿਹਾ ਹੈ ਪੇਸ਼'

ਕੌਮੀ ਪਤ੍ਰਿਕਾ

ਅੰਮ੍ਰਿਤਸਰ 2 ਜਨਵਰੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੀ ਗਈ ਬਿਆਨਬਾਜ਼ੀ ਦਾ ਜਵਾਬ ਦਿੱਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦੇ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਾਵਨ ਸਰੂਪ ਮਾਮਲੇ 'ਚ ਮੁਲਾਜ਼ਮਾਂ ਖ਼?ਲਾਫ਼ ਦਰਜ ਹੋਏ ਪਰਚੇ ਨੂੰ ਲੈ ਕੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਕਿਹਾ ਜਾ ਰਿਹਾ ਹੈ ਕਿ ਮੁਲਾਜ਼ਮਾਂ ਨੂੰ ਬਚਾਉਣ ਲਈ ਮਿਲੀਭੁਗਤ ਕੀਤੀ ਗਈ ਹੈ, ਪਰ ਮੈਂ ਇਹ ਗੱਲ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੰਦਾ ਹਾਂ ਕਿ ਸੇਵਾਦਾਰ ਤੋਂ ਲੈ ਕੇ ਮੁੱਖ ਸਕੱਤਰ ਤੱਕ ਸਾਰੇ ਸੰਬੰਧਤ 16 ਅਧਿਕਾਰੀ ਸਰਵਿਸ ਤੋਂ ਵਿਹਲੇ ਕਰ ਦਿੱਤੇ ਗਏ ਹਨ ਤੇ ਅਧਿਕਾਰੀਆਂ ਖ਼?ਲਾਫ਼ ਸਾਡੇ ਵੱਲੋਂ ਕਾਰਵਾਈ ਪਹਿਲਾਂ ਹੀ ਹੋ ਚੁੱਕੀ ਹੈ। ਜੇਕਰ ਕਿਸੇ ਕਿਸਮ ਦੀ ਮਿਲੀਭੁਗਤ ਜਾਂ ਮਨਸ਼ਾ ਹੁੰਦੀ ਤਾਂ ਇਹ ਕਦਮ ਕਦੇ ਨਹੀਂ ਚੁੱਕਿਆ ਜਾਂਦਾ, ਪਰ ਜੋ ਇਸ ਮਾਮਲੇ 'ਤੇ ਜੋ ਗੱਲਾਂ ਕੀਤੀਆਂ ਜਾ ਰਹੀਆਂ ਹਨ, ਉਹ ਬਿਲਕੁਲ ਬੇਬੁਨਿਆਦ ਹਨ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਤੌਰ 'ਤੇ ਮੈਂ ਇਹ ਸਪੱਸ਼ਟ ਕਰਨਾ



ਚਾਹੁੰਦਾ ਹਾਂ ਕਿ ਅਸੀਂ ਕਿਸੇ ਨਾਲ ਵੀ ਢਿੱਲ ਨਹੀਂ ਵਰਤਦੇ। ਉਨ੍ਹਾਂ ਕਿਹਾ ਕਿ ਸਰਕਾਰ ਵਿੱਚ ਕਈ ਵਾਰ ਚੂਲਾਂ ਢਿੱਲੀਆਂ ਨਹੀਂ ਹੁੰਦੀਆਂ? ਪ੍ਰਬੰਧਕੀ ਕਮੀਆਂ ਕਿਤੇ ਵੀ ਹੋ ਸਕਦੀਆਂ ਹਨ, ਪਰ ਮਹੱਤਵਪੂਰਨ ਇਹ ਹੈ ਕਿ ਉਨ੍ਹਾਂ 'ਤੇ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਨਿਯਮਾਂ ਵਿੱਚ ਕਿਤੇ ਵੀ ਇਹ ਨਹੀਂ ਲਿਖਿਆ ਕਿ ਪੁਲਸ ਨੂੰ ਮਾਮਲਾ ਸੌਂਪਣਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਮੈਂ ਸਰਕਾਰਾਂ ਵਿੱਚ ਹੋਏ ਕਈ ਕੇਸ ਗਿਣਾ ਸਕਦਾ ਹਾਂ, ਪਰ ਮੈਂ ਤੁਲਨਾ ਨਹੀਂ ਕਰਨਾ ਚਾਹੁੰਦਾ, ਕਿਉਂਕਿ ਸ਼੍ਰੋਮਣੀ ਕਮੇਟੀ ਇੱਕ ਵੱਡੀ ਅਤੇ ਜ਼ਿੰਮੇਵਾਰ ਸੰਸਥਾ ਹੈ। ਇਸ ਤੋਂ ਇਲਾਵਾ ਧਾਮੀ ਨੇ ਕਿਹਾ ਕਿ ਕਈ ਵਾਰ ਮੈਨੂੰ ਇਹ ਸਵਾਲ ਕੀਤਾ ਜਾਂਦਾ ਹੈ ਕਿ ਮੈਂ ਸ਼੍ਰੋਮਣੀ ਅਕਾਲੀ ਦਲ ਦਾ ਬੁਲਾਰਾ ਬਣ ਕੇ ਬੋਲਦਾ ਹੈ। ਇਸ 'ਤੇ ਉਨ੍ਹਾਂ ਕਿਹਾ ਕਿ ਮੈਂ ਪਹਿਲਾਂ ਵੀ ਸਪੱਸ਼ਟ ਕਰ ਚੁੱਕਾ ਹਾਂ ਕਿ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹਾਂ, ਪਰ ਮੇਰੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਹੈ। ਜੇ ਮੈਂ ਅਕਾਲੀ ਦਲ ਦੀ ਪ੍ਰਤੀਨਿਧਤਾ ਨਹੀਂ ਕਰਾਂਗਾ, ਤਾਂ ਫਿਰ ਮੈਂ ਕਿਸ ਸਿਆਸੀ ਪਾਰਟੀ ਦੀ ਪ੍ਰਤੀਨਿਧਤਾ ਕਰਾਂ? ਉਨ੍ਹਾਂ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਇੱਕ ਸਿਪਾਹੀ ਹਨ। ਉਨ੍ਹਾਂ ਇਲਜ਼ਾਮ ਲਾਇਆ ਕਿ ਉਨ੍ਹਾਂ ਦੇ ਬਿਆਨ ਦੇ ਇੱਕ ਛੋਟੇ ਜਿਹੇ ਹਿੱਸੇ ਨੂੰ ਜਾਣਬੁੱਝ ਕੇ ਮੁੱਦਾ ਬਣਾਇਆ ਗਿਆ ਹੈ ਤਾਂ ਜੋ ਵਿਵਾਦ ਪੈਦਾ ਕੀਤਾ ਜਾ ਸਕੇ।

# ਪੰਜਾਬ ਦੇ ਇਸ ਇਲਾਕੇ 'ਚ ਚੱਲੀਆਂ ਗੋਲੀਆਂ ! ਪੁਲਸ ਨੇ ਕਰ 'ਤਾ ਐਨਕਾਊਂਟਰ

ਕੌਮੀ ਪਤ੍ਰਿਕਾ

ਨਵਾਂਸ਼ਹਿਰ 2 ਜਨਵਰੀ। ਪੰਜਾਬ ਪੁਲਸ ਵੱਲੋਂ ਵੱਡਾ ਐਨਕਾਊਂਟਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਨਵਾਂਸ਼ਹਿਰ ਦੇ ਮੂਸਾਪੁਰ ਰੋਡ 'ਤੇ ਬਾਬਾ ਬਾਲਕ ਨਾਥ ਮੰਦਰ ਦੇ ਪਿੱਛੇ ਸਥਿਤ ਵਰਮਾ ਕਲੈਕਸ਼ਨ ਨਾਂ ਦੀ ਰੈਡੀਮੇਡ ਕੱਪੜਿਆਂ ਦੀ ਦੁਕਾਨ 'ਤੇ ਫਾਇਰ ਕਰਨ ਦੀ ਕੋਸ਼ਿਸ਼ ਕਰਨ ਵਾਲੇ ਬੁਲੇਟ ਸਵਾਰ ਦੋ ਬਾਈਕ ਸਵਾਰਾਂ ਵਿਚੋਂ ਇਕ ਨੂੰ ਪੁਲਸ ਨੇ ਐਨਕਾਉਂਟਰ ਤੋਂ ਬਾਅਦ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ। ਗ੍ਰਿਫ਼ਤਾਰ ਮੁਲਜ਼ਮਾਂ ਤੋਂ ਪੁਲਸ ਨੇ ਪਿਸਤੌਲ, ਮੈਗਜ਼ੀਨ ਅਤੇ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਐੱਸ. ਐੱਸ. ਪੀ. ਤੁਸ਼ਾਰ ਗੁਪਤਾ ਨੇ ਕਿਹਾ ਕਿ ਪਿਛਲੇ ਦਿਨੀਂ ਨਵਾਂਸ਼ਹਿਰ ਵਿਚ ਬਾਬਾ ਬਾਲਕ ਨਾਥ ਮੰਦਰ ਦੇ ਪਿੱਛੇ ਵਾਪਰੀ ਮਿਸ ਫਾਇਰ ਦੀ ਘਟਨਾ ਤੋਂ ਬਾਅਦ ਨਵਾਂਸ਼ਹਿਰ ਸਿਟੀ ਪੁਲਸ ਅਤੇ ਸੀ. ਆਈ. ਏ. ਸਟਾਫ਼ ਦੀਆਂ ਟੀਮਾਂ ਮੁਲਜ਼ਮਾਂ ਦੀ ਨੂੰ ਫੜਨ ਲਈ ਆਪ੍ਰੇਸ਼ਨ ਚਲਾ ਰਹੀ ਸੀ। ਉਨ੍ਹਾਂ ਕਿਹਾ ਕਿ ਪੁਲਸ ਨੂੰ ਸੂਚਨਾ ਮਿਲੀ ਕਿ ਉਕਤ ਮੁਲਜ਼ਮ ਰੈਕੀ ਕਰਨ ਦੇ ਲਈ ਦੋਬਾਰਾ ਨਵਾਂਸ਼ਹਿਰ ਵਿਚ ਮੌਜੂਦ ਹਨ। ਜਿਸ ਤੋਂ ਬਾਅਦ ਪੁਲਸ ਦੀ ਟੁਕੜੀ ਮੁਲਜ਼ਮਾਂ ਦੀ ਭਾਲ ਕਰ ਰਹੀ ਸੀ ਕਿ ਨਵਾਂਸ਼ਹਿਰ ਦੇ ਬੰਗਾ ਰੋਡ 'ਤੇ ਡ?ਰੀਮ ਪੈਲੇਸ ਨੇੜੇ ਨਹਿਰ ਦੀ ਪੁਲੀ ਤੋਂ ਕਰੀਹਾ ਪਿੰਡ ਵੱਲ ਜਾਣ ਵਾਲੀ ਸੜਕ




'ਤੇ ਜਦੋਂ ਪੁਲਸ ਪਾਰਟੀ ਪਹੁੰਚੀ ਤਾਂ ਪੁਲਸ ਪਾਰਟੀ ਨੂੰ ਵੇਖ ਕੇ ਇਕ ਮੁਲਜ਼ਮ ਨੇ ਉਨ੍ਹਾਂ ਨੂੰ ਮਾਰਨ ਦੇ ਇਰਾਦੇ ਨਾਲ ਫਾਇਰ ਕਰਨੇ ਸ਼ੁਰੂ ਕਰ ਦਿੱਤੇ, ਜਿਸ ਨਾਲ ਇਕ ਫਾਇਰ ਪੁਲਸ ਗੱਡੀ ਦੇ ਅਗਲੇ ਹਿੱਸੇ ਵਿਚ ਲੱਗਾ, ਜਦਕਿ ਦੂਜਾ ਫਾਇਰ ਖਾਲੀ ਚਲਾ ਗਿਆ। ਉਨ੍ਹਾਂ ਕਿਹਾ ਕਿ ਜਵਾਬੀ ਫਾਇਰਿੰਗ ਵਿਚ ਪੁਲਸ ਦੀ ਇਕ ਗੋਲ?ੀ ਮੁਲਜ਼ਮ ਦੀ ਲੱਤ ਵਿਚ ਲੱਗੀ, ਜਿਸ ਨਾਲ ਉਹ ਜ਼ਖ਼ਮੀ ਹੋ ਗਿਆ। ਐੱਸ. ਐੱਸ. ਪੀ. ਨੇ ਕਿਹਾ ਕਿ ਜ਼ਖ਼ਮੀ ਮੁਲਜ਼ਮ ਨੂੰ ਇਲਾਜ ਲਈ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ੁਰੂਆਤੀ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਮੁਲਜ਼ਮ ਨੇ ਆਪਣੇ ਦੋ ਹੋਰ ਸਾਥੀਆਂ ਨਾਲ ਮਿਲ ਕੇ ਕਪੂਰਥਲਾ ਦੇ ਦੋ ਪੈਟਰੋਲ ਪੰਪਾਂ 'ਤੇ ਲੁੱਟ ਖੋਹਾਂ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਅਤੇ ਜਲੰਧਰ ਵਿਚ ਇਕ ਜਿਊਲਰੀ ਸ਼ਾਪ ਨੂੰ ਲੁੱਟਣ ਦੀ ਕੋਸ਼ਿਸ਼ ਵੀ ਉਕਤ ਗਿਰੋਹ ਨੇ ਕੀਤੀ ਸੀ। ਉਨ੍ਹਾਂ ਕਿਹਾ ਕਿ ਗ੍ਰਿਫਤਾਰ ਮੁਲਜ਼ਮਾਂ ਦੇ ਬਾਕੀ ਦੋ ਸਾਥੀਆਂ ਨੂੰ ਵੀ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਇਸ ਮੌਕੇ ਐੱਸ. ਪੀ. ਐੱਚ. ਸਰਬਜੀਤ ਸਿੰਘ ਵਾਹੀਆ, ਡੀ. ਐੱਸ. ਪੀ. ਸਬ-ਡਿਵੀਜ਼ਨ ਨਵਾਂਸ਼ਹਿਰ ਰਾਜਕੁਮਾਰ, ਐੱਸ. ਐੱਚ. ਓ. ਸਿਟੀ ਨਵਾਂਸ਼ਹਿਰ ਇੰਸਪੈਕਟਰ ਅਵਤਾਰ ਸਿੰਘ ਅਤੇ ਐੱਸ .ਐੱਚ. ਓ. ਥਾਣਾ ਸਦਰ ਨਵਾਂਸ਼ਹਿਰ ਰੁਬਨੀਵ ਸਿੰਘ ਸਮੇਤ ਹੋਰ ਮੌਜੂਦ ਸਨ। ਇਹ ਜ਼ਿਕਰਯੋਗ ਹੈ ਕਿ ਬਾਬਾ ਬਾਲਕ ਨਾਥ ਮੰਦਰ ਦੇ ਪਿੱਛੇ ਰੈਡੀਮੇਡ ਕੱਪੜਿਆਂ ਦੀ ਦੁਕਾਨ ਚਲਾਉਣ ਵਾਲੇ ਰਵੀ ਕੁਮਾਰ ਨੇ ਆਪਣੀ ਸ਼ਿਕਾਇਤ ਵਿਚ ਪੁਲਸ ਨੂੰ ਦੱਸਿਆ ਸੀ ਕਿ ਉਸਨੂੰ 2 ਦਸੰਬਰ ਨੂੰ ਵਿਦੇਸ਼ੀ ਨੰਬਰ ਤੋਂ ਇਕ ਫੋਨ ਆਇਆ ਸੀ। ਫੋਨ ਕਰਨ ਵਾਲੇ ਨੇ ਆਪਣਾ ਨਾਂ ਜਸਵਿੰਦਰ ਸਿੰਘ ਉਰਫ਼ ਕੰਨੂ ਉਰਫ਼ ਕੁੱਕੜ ਮਜ਼ਾਰੀਆਂ ਵਜੋਂ ਦੱਸਦੇ ਹੋਏ 12 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਸੀ। ਪੁਲਸ ਸੂਤਰਾਂ ਅਨੁਸਾਰ ਪੁਲਸ ਉਕਤ ਮਿਸ ਫਾਇਰਿੰਗ ਦੀ ਘਟਨਾ ਤੋਂ ਬਾਅਦ ਜਦੋਂ ਪੁਲਸ ਸੀ. ਸੀ. ਟੀ. ਵੀ. ਫੁਟੇਜ਼ ਦੀ ਸਮੀਖਿਆ ਕਰਕੇ ਮੁਲਜ਼ਮਾਂ ਦੀ ਭਾਲ ਕਰ ਰਹੀ ਸੀ, ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਬੁਲੇਟ ਮੋਟਰਸਾਈਕਲ 'ਤੇ ਸਵਾਰ ਮੁਲਜ਼ਮ ਨੇ ਮਜ਼ਾਰੀ ਪੈਟਰੋਲ ਪੰਪ 'ਤੇ ਪੈਟਰੋਲ ਭਰਿਆ ਸੀ ਅਤੇ ਗੂਗਲ ਪੇਅ ਰਾਹੀਂ ਆਨਲਾਈਨ ਭੁਗਤਾਨ ਕੀਤਾ ਸੀ। ਇਸ ਨਾਲ ਪੁਲਸ ਨੂੰ ਮੁਲਜ਼ਮਾਂ ਦੀ ਪਛਾਣ ਕਰਨ ਵਿਚ ਸਫ਼ਲ ਹੋ ਗਈ ਅਤੇ ਉਹ ਪਿਛਲੇ ਦੋ ਦਿਨਾਂ ਤੋਂ ਉਨ੍ਹਾਂ ਦੀ ਭਾਲ ਕਰ ਰਹੀ ਸੀ।

## 'ਕੇਂਦਰ ਨੇ ਨਰੇਗਾ ਬਾਰੇ ਅੱਖੋਂ-ਪਰੋਖੇ ਕੀਤੀਆਂ ਸਟੈਂਡਿੰਗ ਕਮੇਟੀ ਦੀਆਂ ਸਿ਼ਫਾਰਸ਼ਾਂ': ਹਰਪਾਲ ਚੀਮਾ

ਚੰਡੀਗੜ੍ਹ 2 ਜਨਵਰੀ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੇਂਦਰ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਸਰਕਾਰ 'ਤੇ ਤਿੱਖੇ ਨਿਸ਼ਾਨੇ ਵਿੰਨ੍ਹਦਿਆਂ ਦੋਸ਼ ਲਾਇਆ ਕਿ ਕੇਂਦਰ ਨੇ ਨਰੇਗਾ ਸਕੀਮ ਦੇ ਸਰੂਪ ਨੂੰ ਬਦਲ ਕੇ ਇਸ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰਕੇ ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰ ਕਿਸੇ ਸਕੀਮ ਦਾ ਨਾਮ ਧਰਮ ਦੇ ਅਧਾਰ 'ਤੇ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ, ਜੋ ਕਿ ਸੰਵਿਧਾਨ ਦੇ ਵਿਰੁੱਧ ਹੈ। ਪ੍ਰੈੱਸ ਕਾਨਫ਼ਰੰਸ ਦੌਰਾਨ ਸੰਬੋਧਨ ਕਰਦਿਆਂ ਚੀਮਾ ਨੇ ਕਿਹਾ ਕਿ ਰੂਰਲ ਡਿਵੈਲਪਮੈਂਟ ਅਤੇ ਪੰਚਾਇਤੀ ਰਾਜ ਦੀ ਸਟੈਂਡਿੰਗ ਕਮੇਟੀ (2024-25), ਜਿਸ ਦੇ ਚੇਅਰਮੈਨ ਸਪਤਾਗਿਰੀ ਸ਼ੰਕਰ ਉਲਾਕਾ ਹਨ, ਦੀ ਰਿਪੋਰਟ ਵਿਚ ਕਿਤੇ ਵੀ ਸਕੀਮ ਦਾ ਨਾਮ ਬਦਲਣ ਦੀ ਗੱਲ ਨਹੀਂ ਸੀ ਕਹੀ ਗਈ। ਕਮੇਟੀ ਨੇ ਕੰਮ ਦੇ ਦਿਨ 100 ਤੋਂ ਵਧਾ ਕੇ 150 ਕਰਨ ਦੀ ਸਿ਼ਫ਼ਾਰਸ਼ ਕੀਤੀ ਸੀ, ਪਰ ਕੇਂਦਰ ਨੇ ਇਸ ਨੂੰ ਸਿਰਫ਼ 125 ਦਿਨ ਕੀਤਾ ਅਤੇ ਕਈ ਸਖ਼ਤ ਸ਼ਰਤਾਂ ਲਗਾ ਦਿੱਤੀਆਂ। ਹੁਣ ਮਜ਼ਦੂਰਾਂ ਲਈ ਡਿਜੀਟਲ ਅਟੈਂਡੈਂਸ ਅਤੇ ਮੋਬਾਇਲ ਲੋਕੇਸ਼ਨ ਲਾਜ਼ਮੀ ਕਰ ਦਿੱਤੀ ਗਈ ਹੈ, ਜੋ ਕਿ ਗਰੀਬ ਮਜ਼ਦੂਰਾਂ ਲਈ ਮੁਸ਼ਕਿਲ ਹੈ। ਹਰਪਾਲ ਚੀਮਾ ਨੇ ਇਲਜ਼ਾਮ ਲਗਾਇਆ ਕਿ ਕੇਂਦਰ ਸਰਕਾਰ ਹੁਣ ਸਕੀਮ ਦਾ 40 ਫੀਸਦੀ ਹਿੱਸਾ ਸਟੇਟਾਂ ਤੋਂ ਮੰਗ ਰਹੀ ਹੈ, ਜੋ ਕਿ ਦੇਸ਼ ਦੇ ਫੈਡਰਲ ਢਾਂਚੇ ਅਤੇ ਰਾਜਾਂ ਦੀ ਆਰਥਿਕਤਾ 'ਤੇ ਵੱਡਾ ਹਮਲਾ ਹੈ। ਉਨ੍ਹਾਂ ਕਿਹਾ ਕਿ ਜਿਹੜੀ ਸਕੀਮ 2005 ਵਿਚ ਗਰੀਬਾਂ,




ਅਨਪੜ੍ਹ ਅਤੇ ਅਨਸਕਿਲਡ ਲੋਕਾਂ ਨੂੰ ਰੁਜ਼ਗਾਰ ਦੇਣ ਲਈ ਸ਼ੁਰੂ ਕੀਤੀ ਗਈ ਸੀ, ਉਸ ਦੀ ਲੀਗਲ ਗਰੰਟੀ ਹੁਣ ਖ਼ਤਮ ਕੀਤੀ ਜਾ ਰਹੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਕੇਂਦਰ ਨੇ ਗਰੀਬਾਂ ਦੇ ਹੱਕਾਂ 'ਤੇ ਡਾਕਾ ਮਾਰਨਾ ਬੰਦ ਨਾ ਕੀਤਾ ਅਤੇ ਬਕਾਇਆ ਰਾਸ਼ੀ ਜਾਰੀ ਨਾ ਕੀਤੀ, ਤਾਂ ਇਸ ਦੇ ਗੰਭੀਰ ਸਿੱਟੇ ਨਿਕਲਣਗੇ, ਕਿਉਂਕਿ ਮਜ਼ਦੂਰ ਪਹਿਲਾਂ ਹੀ ਆਰਥਿਕ ਤੰਗੀ ਕਾਰਨ ਖੁਦਕੁਸ਼ੀਆਂ ਦਾ ਸ਼ਿਕਾਰ ਹੋ ਰਹੇ ਹਨ।

# ਅਪਰਾਧਾਂ ਦੇ ਵਿਰੋਧ 'ਚ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ 'ਚ ਸਿਆਸੀ ਪਾਰਟੀਆਂ ਦੀ ਮਹਾਪੰਚਾਇਤ

ਕੌਮੀ ਪਤ੍ਰਿਕਾ

ਜਲੰਧਰ 2 ਜਨਵਰੀ। ਜਲੰਧਰ ਪੱਛਮੀ ਬਚਾਓ ਮੋਰਚਾ ਦੀ ਅਗਵਾਈ ਹੇਠ, 120 ਫੁੱਟ ਰੋਡ 'ਤੇ ਬਾਬੂ ਜਗਜੀਵਨ ਰਾਮ ਚੌਂਕ 'ਤੇ ਲੋਕਾਂ ਨੇ ਪੁਲਸ ਦੇ ਕੰਮਕਾਜ ਪ੍ਰਤੀ ਆਪਣੀ ਨਾਰਾਜ਼ਗੀ ਪ੍ਰਗਟ ਕੀਤੀ ਅਤੇ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜਨਤਾ ਨੂੰ ਲਾਮਬੰਦ ਕਰਨ ਦਾ ਫੈਸਲਾ ਕੀਤਾ। ਸਾਬਕਾ ਵਿਧਾਇਕ ਅਤੇ ਭਾਜਪਾ ਨੇਤਾ ਸ਼ੀਤਲ ਅੰਗੁਰਾਲ, ਕਾਂਗਰਸ ਹਲਕਾ ਇੰਚਾਰਜ ਸੁਰਿੰਦਰ ਕੌਰ, ਅਕਾਲੀ ਦਲ ਨੇਤਾ ਰਾਜਪਾਲ ਸਿੰਘ, ਬਹੁਜਨ ਸਮਾਜ ਪਾਰਟੀ ਦੇ ਨੇਤਾ ਅਤੇ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਸੰਗਠਨਾਂ ਨੇ ਇੱਕਜੁੱਟ ਹੋਣ ਦਾ ਫੈਸਲਾ ਕੀਤਾ ਅਤੇ ਕਿਹਾ ਕਿ ਰਾਜਨੀਤੀ ਤਾਂ ਹੀ ਬਚੇਗੀ ਜੇਕਰ ਪਰਿਵਾਰ ਅਤੇ ਕਾਰੋਬਾਰ ਬਚਣਗੇ। ਸਟੇਜ 'ਤੇ ਬੋਲ ਰਹੇ ਸਾਰੇ ਨੇਤਾਵਾਂ ਨੇ ਕਿਹਾ ਕਿ ਇਸ ਸਮੇਂ ਰਾਜਨੀਤੀ ਨੂੰ ਇੱਕ ਪਾਸੇ ਰੱਖ ਕੇ ਆਪਣੇ ਬੱਚਿਆਂ, ਪਰਿਵਾਰਾਂ ਅਤੇ ਕਾਰੋਬਾਰਾਂ ਦੀ ਰੱਖਿਆ ਕਰਨ ਦੀ ਲੋੜ ਹੈ। ਇਸ ਲਈ, ਹਲਕੇ ਦੀਆਂ ਸਾਰੀਆਂ ਧਾਰਮਿਕ ਸੰਸਥਾਵਾਂ, ਗੁਰਦੁਆਰਿਆਂ ਅਤੇ ਮੰਦਰ ਕਮੇਟੀਆਂ ਨੂੰ ਇੱਕਜੁੱਟ ਕਰਨ ਅਤੇ ਵੱਧ ਰਹੇ ਅਪਰਾਧ ਵਿਰੁੱਧ ਮਤੇ ਪਾਸ ਕਰਨ ਦਾ ਫੈਸਲਾ ਕੀਤਾ ਗਿਆ ਹੈ। ਨਵੇਂ ਸਾਲ ਵਿੱਚ, ਵਾਰਡ ਪੱਧਰੀ ਕਮੇਟੀਆਂ ਬਣਾਈਆਂ ਜਾਣਗੀਆਂ ਤਾਂ ਜੋ ਆਪੋ-ਆਪਣੇ ਖੇਤਰਾਂ ਵਿੱਚ ਅਪਰਾਧਿਕ ਗਤੀਵਿਧੀਆਂ ਨੂੰ ਰੋਕਿਆ ਜਾ ਸਕੇ ਅਤੇ ਨਸ਼ਾ ਵੇਚਣ ਵਾਲਿਆਂ ਵਿਰੁੱਧ ਮੁਹਿੰਮ ਚਲਾਈ ਜਾ ਸਕੇ। ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ, ਕਾਂਗਰਸ ਦੀ ਪੱਛਮੀ ਹਲਕਾ ਇੰਚਾਰਜ ਸੁਰਿੰਦਰ ਕੌਰ ਨੇ ਕਿਹਾ ਕਿ ਇਹ ਰਾਜਨੀਤੀ ਦਾ ਸਮਾਂ ਨਹੀਂ ਹੈ। ਇਹ ਸਮਾਂ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾ ਸਕੀਏ, ਪਰਿਵਾਰਾਂ ਨੂੰ ਸੁਰੱਖਿਅਤ ਰੱਖੀਏ ਅਤੇ ਕਾਰੋਬਾਰਾਂ ਨੂੰ ਬਚਾਈਏ। ਰਾਜਨੀਤੀ ਤਾਂ ਹੀ ਹੋਵੇਗੀ ਜੇਕਰ ਹਰ ਕੋਈ ਸੁਰੱਖਿਅਤ ਹੋਵੇ। ਉਨ੍ਹਾਂ ਕਿਹਾ ਕਿ ਇਸ ਵੇਲੇ ਵਾੜ ਫਸਲਾਂ ਨੂੰ ਖਾ ਰਹੀ ਹੈ, ਅਤੇ ਇਸ ਵਾੜ ਨੂੰ ਹਟਾਉਣ ਦੀ ਲੋੜ ਹੈ। ਉਨ੍ਹਾਂ ਅੱਗੇ ਕਿਹਾ ਕਿ ਨਸ਼ੇ ਲੋਕਾਂ ਦੇ ਘਰਾਂ ਵਿੱਚ ਦਾਖਲ ਹੋ ਗਏ ਹਨ। ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ ਨੇ ਕਿਹਾ ਕਿ ਉਹ ਇੱਥੇ ਇੱਕ ਰਾਜਨੀਤਿਕ ਸ਼ਖਸੀਅਤ ਵਜੋਂ ਨਹੀਂ ਆਏ ਹਨ, ਸਗੋਂ ਆਪਣੇ ਪਰਿਵਾਰ ਦੀ ਰੱਖਿਆ ਕਰਨ ਆਏ ਹਨ। ਪੂਰਾ ਵਿਧਾਨ ਸਭਾ ਹਲਕਾ ਉਨ੍ਹਾਂ ਦਾ ਪਰਿਵਾਰ ਹੈ, ਅਤੇ ਇਸ ਵੇਲੇ ਹਰ ਕੋਈ ਦੁੱਖ ਝੱਲ ਰਿਹਾ ਹੈ। ਉਨ੍ਹਾਂ ਦੇ ਭਤੀਜੇ ਦਾ ਦਿਨ-ਦਿਹਾੜੇ ਕਤਲ ਕਰ ਦਿੱਤਾ ਗਿਆ ਸੀ, ਅਤੇ ਪੁਲਸ ਇਹ ਵੀ ਨਹੀਂ ਦੱਸ ਰਹੀ ਕਿ ਕਿਉਂ। ਉਹ ਜਾਣਦਾ ਹੈ ਕਿ ਇਸ ਪਿੱਛੇ ਨਸ਼ਾ ਵੇਚਣ ਵਾਲੇ ਹਨ, ਪਰ ਪੁਲਸ ਦੀ ਚੁੱਪੀ ਦਰਸਾਉਂਦੀ ਹੈ ਕਿ ਉਨ੍ਹਾਂ ਨੂੰ ਸੁਰੱਖਿਆ ਪ੍ਰਾਪਤ ਹੈ। ਨਸ਼ਾ ਵੇਚਣ ਵਾਲੇ ਖੁੱਲ੍ਹੇਆਮ ਘੁੰਮ




ਰਹੇ ਹਨ। ਕਈ ਵਾਰ ਨਸ਼ਾ ਵੇਚਣ ਵਾਲਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਪਰ ਉਨ੍ਹਾਂ ਨੂੰ ਅੱਧੇ ਘੰਟੇ ਦੇ ਅੰਦਰ-ਅੰਦਰ ਪੁਲਸ ਸਟੇਸ਼ਨ ਤੋਂ ਰਿਹਾਅ ਕਰ ਦਿੱਤਾ ਜਾਂਦਾ ਹੈ। ਪੱਛਮੀ ਵਿਧਾਨ ਸਭਾ ਹਲਕੇ ਨੇ ਹਾਲ ਹੀ ਦੇ ਸਮੇਂ ਵਿੱਚ ਵੱਡੀਆਂ ਅਪਰਾਧਿਕ ਘਟਨਾਵਾਂ ਦੀ ਇੱਕ ਲੜੀ ਦੇਖੀ ਹੈ। ਮੌਕੇ 'ਤੇ ਮੌਜੂਦ ਵਸਨੀਕਾਂ ਨੇ ਆਪਣੀ ਨਿਰਾਸ਼ਾ ਪ੍ਰਗਟ ਕੀਤੀ ਕਿ ਕਿਵੇਂ ਸੁਰੱਖਿਅਤ ਰਹਿਣਾ ਹੈ। ਉਨ੍ਹਾਂ 'ਤੇ ਦੁਕਾਨਾਂ ਵਿੱਚ ਅਤੇ ਘਰ ਵਿੱਚ ਬੈਠੇ ਹੋਏ ਹਮਲੇ ਕੀਤੇ ਜਾਂਦੇ ਹਨ। ਉਹ ਸੈਰ ਕਰਨ ਜਾਂ ਆਪਣੇ ਬੱਚਿਆਂ ਨੂੰ ਬਾਹਰ ਲਿਜਾਣ ਤੋਂ ਅਸਮਰੱਥ ਹਨ। ਅਕਾਲੀ ਆਗੂ ਸੁਖਮਿੰਦਰ ਸਿੰਘ ਰਾਜਪਾਲ ਅਤੇ ਭਜਨ ਲਾਲ ਚੋਪੜਾ ਨੇ ਕਿਹਾ ਕਿ ਸਰਕਾਰ ਪੂਰੀ ਤਰ੍ਹਾਂ ਅਸਫਲ ਹੋ ਗਈ ਹੈ। ਲੋਕ ਕਿਤੇ ਵੀ ਸੁਰੱਖਿਅਤ ਨਹੀਂ ਹਨ। ਜਲੰਧਰ ਪੱਛਮੀ ਬਚਾਓ ਮੋਰਚਾ ਜੋ ਵੀ ਰਣਨੀਤੀ ਅਤੇ ਢਾਂਚਾ ਵਿਕਸਤ ਕਰਦਾ ਹੈ, ਅਕਾਲੀ ਦਲ ਉਸਦਾ ਪੂਰਾ ਸਮਰਥਨ ਕਰੇਗਾ। ਸਾਰੇ ਰਾਜਨੀਤਿਕ ਅਤੇ ਸਮਾਜਿਕ ਸੰਗਠਨਾਂ ਦੇ ਮੈਂਬਰਾਂ ਨੇ ਇੱਕਜੁੱਟ ਹੋ ਕੇ ਪੰਜਾਬ ਸਰਕਾਰ ਦੀ ਅਸਫਲ ਕਾਨੂੰਨ ਵਿਵਸਥਾ ਦੀ ਸਥਿਤੀ ਵਿਰੁੱਧ ਵਾਰਡ ਪੱਧਰ 'ਤੇ ਮਸ਼ਾਲ ਮਾਰਚ ਕੱਢਣ ਦਾ ਫੈਸਲਾ ਕੀਤਾ ਹੈ, ਤਾਂ ਜੋ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਘਰ-ਘਰ ਜਾ ਕੇ, ਜਨਤਾ ਨੂੰ ਆਮ ਆਦਮੀ ਪਾਰਟੀ ਦੇ ਝੂਠ ਅਤੇ ਧੋਖੇ ਦਾ ਵਿਰੋਧ ਕਰਨ ਲਈ ਤਿਆਰ ਕੀਤਾ ਜਾ ਸਕੇ, ਅਤੇ ਆਮ ਆਦਮੀ ਪਾਰਟੀ ਨੂੰ ਆਪਣੀਆਂ ਜੜ੍ਹਾਂ ਤੱਕ ਹਿਲਾ ਕੇ ਪੰਜਾਬ ਦੀ ਧਰਤੀ ਅਤੇ ਨੌਜਵਾਨਾਂ ਨੂੰ ਬਚਾਇਆ ਜਾ ਸਕੇ। ਇਸ ਮੀਟਿੰਗ ਵਿੱਚ ਸਮਾਜ ਸੇਵੀ ਗੁਲਜ਼ਾਰੀ ਲਾਲ ਸਾਰੰਗਲ, ਰਾਜਨ ਅੰਗੂਰਾ, ਦਰਸ਼ਨ ਲਾਲ ਭਗਤ, ਯੋਗੇਸ਼ ਮਲਹੋਤਰਾ, ਕੌਂਸਲਰ ਤਰਵਿੰਦਰ ਸੋਈ, ਪੰਚਵਟੀ ਗਊਸ਼ਾਲਾ ਲੱਕੀ ਮਲਹੋਤਰਾ, ਬਰਾਰ ਭਾਈਚਾਰੇ ਦੇ ਮੁਖੀ ਸੁਖਮੀਤ ਸਿੰਘ, ਫੈਨ ਭਗਤ ਸਿੰਘ ਕਲੱਬ, ਕੌਂਸਲਰ ਦੇ ਪਤੀ ਨਵਦੀਪ ਸ਼ਾਲੂ ਜਰਵਾਲ, ਕ੍ਰਿਸ਼ਨਾ ਮੀਨੀਆ, ਪ੍ਰਦੀਪ ਸ਼ਰਮਾ ਬੱਲ ਕਲਾਂ, ਰਾਜਨ ਬੱਲ ਕਲਾਂ, ਮਨਮੋਹਨ ਸਿੰਘ ਕੁਲਾਰ ਆਦਿ ਹਾਜ਼ਰ ਸਨ। ਕੁਸ਼ਵਾਹਾ, ਪ੍ਰਮੋਦ ਕਸ਼ਯਪ, ਅਜੈ ਠਾਕੁਰ, ਕੌਂਸਲਰ ਤਰਸੇਮ ਲਖੋਤਰਾ, ਕੌਂਸਲਰ ਨਿਰਮਲ ਕੁਮਾਰ, ਅਜੈ ਬਬਲੂ, ਬ੍ਰਹਮਦੇਵ ਸਹੋਤਾ, ਸੰਦੀਪ ਪਾਹਵਾ, ਲੱਕੀ ਭਗਤ, ਕੌਂਸਲਰ ਅਜੇ ਬਬਲੂ, ਸੁਮਨ ਰਾਣਾ, ਦੀਪਕ ਪੰਡਿਤ, ਦੀਪੂ ਭਗਤ, ਸਤਪਾਲ ਮੀਕਾ, ਲਲਿਤ ਬੱਬੂ, ਗੇਦਰੀ ਖੱਟੜ, ਐੱਨ. ਥਾਪਾ, ਚੇਤਨ ਹਾਂਡਾ, ਗੁਲਜ਼ਾਰੀ ਲਾਲ ਸਾਰੰਗਲ, ਮੰਡਲ ਭਾਜਪਾ ਪ੍ਰਧਾਨ ਜਾਰਜ ਸਾਗਰ, ਮੌਂਟੂ ਸਿੰਘ ਸਿਦੋਰੀਆ, ਤਰਸੇਮ ਲਖੋਤਰਾ, ਰਛਪਾਲ ਜੱਖੂ ਸਮੇਤ ਵੱਖ-ਵੱਖ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ, ਅਤੇ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਵੱਧ ਰਹੀਆਂ ਅਪਰਾਧਿਕ ਘਟਨਾਵਾਂ 'ਤੇ ਚਿੰਤਾ ਪ੍ਰਗਟ ਕੀਤੀ।